ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਜੇਠ-ਹਾੜ, ਸੰਮਤ ਨਾਨਕਸ਼ਾਹੀ ੫੪੯ ਜੂਨ 2017

ਜਿਲਦ ੬੧ ਅੰਕ ੩

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਦਲਿ ਭੰਜਨ ਗੁਰੁ ਸੂਰਮਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੯ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਰਾਗ . . . | -ਡਾ. ਸਰਬਜੀਤ ਕੌਰ | ੧੭ |
| ਭਗਤ ਕਬੀਰ ਜੀ ਦੀ ਵਿਚਾਰਧਾਰਾ | -ਪ੍ਰੋ. ਨਵ ਸੰਗੀਤ ਸਿੰਘ | ੨੪ |
| ਬਾਬਾ ਬੰਦਾ ਸਿੰਘ ਬਹਾਦਰ: ਪ੍ਰਮੁੱਖ ਯਾਦਗਾਰਾਂ | -ਸ. ਸਿਮਰਜੀਤ ਸਿੰਘ | ੨੭ |
| ਲੋਹਗੜ੍ਹ ਦੀ ਢੁਕਵੀਂ ਯਾਦਗਾਰ - ਸਮੇਂ ਦੀ ਲੋੜ | -ਡਾ. ਪਰਮਵੀਰ ਸਿੰਘ | ੪੦ |
| ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਪ੍ਰਬੰਧ | -ਡਾ. ਹਰਬੰਸ ਸਿੰਘ | ੪੫ |
| ਮਾਲਾ ਕਿਉਂ ਤਲਵਾਰ ਬਣੀ: ਬਹੁਪੱਖੀ ਅਧਿਐਨ | -ਡਾ. ਧਰਮ ਸਿੰਘ | ੫੯ |
| ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ | -ਡਾ. ਮਨਮੋਹਨ ਸਿੰਘ | ੬੯ |
| ਅੱਖੀਂ ਡਿੱਠਾ ਤੇ ਕੰਨੀਂ ਸੁਣਿਆ: ਸਾਕਾ ਨੀਲਾ ਤਾਰਾ | -ਸ. ਮੋਹਨ ਸਿੰਘ ਉਰਲਾਣਾ | ੭੨ |
| ਜੂਨ ੧੯੮੪ ਈ. ਦੇ ਫੌਜੀ ਹਮਲੇ ਦਾ ਅੱਖੀਂ ਡਿੱਠਾ ਹਾਲ... | -ਸ. ਜਸਵੰਤ ਸਿੰਘ ਈਸੇਵਾਲ | ੭੬ |
| ਕਾਰ-ਸੇਵਾ | -ਡਾ. ਕੰਵਲਜੀਤ ਸਿੰਘ | ੮੩ |
| ਗਾਗਰ 'ਚ ਸਾਗਰ-- ੭੫ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੯੪ |
| ਜੀਵਨ ਰਿਸ਼ਮਾਂ-- ੧ | -ਡਾ. ਚਮਕੌਰ ਸਿੰਘ | ੯੮ |
| . . . ਮਹਾਰਾਜਾ ਦਲੀਪ ਸਿੰਘ ਦੇ ਮਨ ਦੇ ਭਾਵ (ਕਵਿਤਾ) | -ਬੀਬੀ ਪਰਮਜੀਤ ਕੌਰ | ੧੦੩ |
| ਸਾਕਾ ਨੀਲਾ ਤਾਰਾ (ਕਵਿਤਾ) | -ਲੈ: ਕਰਨਲ ਪ੍ਰਤਾਪ ਸਿੰਘ | ੧੦੪ |
| ਜੂਨ ਚੁਰਾਸੀ (ਕਵਿਤਾ) | -ਸ. ਨਿਰਵੈਰ ਸਿੰਘ ਅਰਸ਼ੀ | ੧੦੫ |
| ਧਰਤੀ ਅੰਮ੍ਰਿਤਸਰ ਦੀ (ਕਵਿਤਾ) | -ਸ. ਗੁਰਦੇਵ ਸਿੰਘ | ੧੦੭ |
| ਮੇਰੀ ਕੌਮ ਦੇ ਸੁਣ ਜ਼ਰਾ ਸੂਰਬੀਰਾ (ਕਵਿਤਾ) | -ਸ. ਜਗਤਾਰ ਸਿੰਘ ਖੋਦੇਬੇਟ | ੧੦੮ |
| ਪੱਗ ਦੀ ਮਹਾਨਤਾ (ਕਵਿਤਾ) | -ਮਾ. ਰਣਜੀਤ ਸਿੰਘ | ੧੦੯ |
| ਖ਼ਬਰਨਾਮਾ | | ੧੧੦ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੧੪ |

*ਗੁਰਬਾਣੀ ਵਿਚਾਰ :*

# ਆਸਾੜੁ ਭਲਾ...

*ਆਸਾੜੁ ਭਲਾ ਸੂਰਜੁ ਗਗਨਿ ਤਪੈ ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥*
*ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥*
*ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥*
*ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥* (ਪੰਨਾ ੧੧੦੮)

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਰਹ ਮਾਹਾ ਤੁਖਾਰੀ ਦੀ ਇਸ ਪਾਵਨ ਪਉੜੀ ਰਾਹੀਂ ਹਾੜ ਮਹੀਨੇ ਦੀ ਸਖ਼ਤ ਗਰਮੀ ਦੀ ਰੁੱਤ ਦਾ ਦ੍ਰਿਸ਼ ਵਰਣਨ ਕਰਦੇ ਹੋਏ ਮਨੁੱਖਾ ਜੀਵ ਰੂਪੀ ਇਸਤਰੀ ਨੂੰ ਆਪਣੇ ਮਨ-ਅੰਤਰ ਦੀ ਵਿਕਾਰਾਂ ਦੀ ਤਪਸ਼ ਤੋਂ ਬਚਦਿਆਂ ਆਪਣੇ ਜੀਵਨ ਵਿਚ ਸੀਤਲਤਾ ਤੇ ਸੁਖ ਅਨੰਦ ਦਾ ਰੂਹਾਨੀ ਗੁਰਮਤਿ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹਾੜ ਦਾ ਮਹੀਨਾ ਚੰਗਾ ਹੈ। ਇਹ ਉਹ ਮਹੀਨਾ ਹੈ, ਜਿਸ ਦੌਰਾਨ ਅਸਮਾਨ ਵਿਚ ਸੂਰਜ ਆਮ ਮਹੀਨਿਆਂ ਨਾਲੋਂ ਬਹੁਤ ਵੱਧ ਤਪਦਾ ਹੈ। ਅਸਮਾਨ ਅਤੇ ਧਰਤੀ ਆਮ ਨਾਲੋਂ ਵਧੇਰੇ ਤਪਣ ਨਾਲ ਧਰਤੀ ਵੱਧ ਗਰਮੀ ਦਾ ਦੁੱਖ ਜਰਦੀ ਹੈ। ਧਰਤੀ ਦੀ ਨਮੀ ਸੁੱਕਦੀ ਹੈ ਜਦੋਂ ਇਹ ਸੂਰਜ ਦੀ ਅੱਖ ਖਾਂਦੀ ਹੈ, ਕਹਿਣ ਤੋਂ ਭਾਵ ਧਰਤੀ ਉੱਪਰਲੀ ਸਮੁੱਚੀ ਜੀਵ ਰਚਨਾ ਬਨਸਪਤੀ ਅਤੇ ਜੀਵ-ਜੰਤ ਸਖ਼ਤ ਗਰਮੀ ਦੀ ਮਾਰ ਸਹਿੰਦੇ ਹਨ। ਸੂਰਜ ਅੱਗ ਦੀ ਤਰ੍ਹਾਂ ਨਮੀ ਨੂੰ ਸੁਕਾਉਂਦਾ ਹੈ ਤਾਂ ਹਰੇਕ ਜੀਵ-ਸਰੰਚਨਾ ਇਸ ਦੇ ਪ੍ਰਭਾਵ ਨਾਲ ਮਰਨ ਜਿਹੀ ਦੁਖਦਾਇਕ ਅਨੁਭੂਤੀ ਕਰਦੀ ਹੈ ਪਰ ਉਹ ਸੂਰਜ ਰਚਨਹਾਰ ਪਰਮਾਤਮਾ ਵੱਲੋਂ ਸੌਂਪਿਆ ਗਿਆ ਤਪਣ ਦਾ ਕੰਮ ਤਿਆਗਦਾ ਨਹੀਂ, ਸੂਰਜ ਰੂਪੀ ਰੱਥ ਆਨ-ਸ਼ਾਨ ਨਾਲ ਆਪਣਾ ਚੱਕਰ ਲਾਉਂਦਾ ਹੈ। ਜੀਵ-ਇਸਤਰੀ ਐਸੀ ਸਖ਼ਤ ਹਾਲਤ ਵਿਚ ਛਾਂ ਰੂਪੀ ਸਹਾਰਾ ਲੱਭਦੀ ਜਾਂ ਚਾਹੁੰਦੀ ਹੈ। ਮੰਝ ਦੀ ਬਾਰ ਵਿਚ ਬੀਂਡਾ ਵੀ ਟੀਂ-ਟੀਂ ਕਰਦਾ ਹੋਇਆ ਸਖ਼ਤ ਗਰਮੀ ਤੋਂ ਆਪਣੀ ਜਾਨ ਲੁਕਾਉਂਦਾ ਜਾਂ ਬਚਾਉਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਜਿਹੀ ਸਖ਼ਤ ਤਪਸ਼ ਦੀ ਹਾਲਤ ਵਿਚ ਜਿਹੜੀ ਜੀਵ-ਇਸਤਰੀ ਆਪਣੇ ਔਗੁਣਾਂ ਦੀ ਪੰਡ ਬੰਨ੍ਹ ਕੇ ਸਿਰ 'ਤੇ ਚੁੱਕ ਕੇ ਤੁਰਦੀ ਹੈ, ਉਸ ਦਾ ਦੁਖੀ ਹੋਣਾ ਯਕੀਨੀ ਹੈ। ਪਰੰਤੂ ਜਿਹੜੀ ਜੀਵ-ਇਸਤਰੀ ਸੱਚ ਰੂਪੀ ਪ੍ਰਭੂ ਨੂੰ ਮਨ-ਅੰਤਰ 'ਚ ਸੰਭਾਲਦੀ ਜਾਂ ਚੇਤੇ ਰੱਖਦੀ ਹੈ ਅਰਥਾਤ ਰੂਹਾਨੀ ਤੇ ਨੈਤਿਕ ਗੁਣਾਂ ਨੂੰ ਸੰਚਾਰਤ ਕਰਦੀ ਹੈ, ਉਸ ਨੂੰ ਬਾਹਰੀ ਤਪਸ਼ ਦੇ ਹੁੰਦਿਆਂ ਵੀ ਸੁਖ ਤੇ ਸੀਤਲਤਾ ਮਹਿਸੂਸ ਹੁੰਦੀ ਹੈ। ਗੁਰੂ ਜੀ ਅਨੁਸਾਰ ਜਿਹੜੀ ਜੀਵ-ਇਸਤਰੀ ਨੂੰ ਅਜਿਹਾ ਗੁਣ-ਸੰਪੰਨ ਮਨ ਮਿਲਿਆ ਹੈ ਉਸ ਦਾ ਜੀਵਨ ਤੇ ਅੰਤ ਮਾਲਕ ਪਰਮਾਤਮਾ ਦੇ ਅੰਗ-ਸੰਗ ਰਹਿੰਦਿਆ ਸੁਖਦਾਇਕ ਹੀ ਬੀਤਦਾ ਹੈ। ■

ਸੰਪਾਦਕੀ...

# ਕੌਮੀ ਹੋਂਦ ਬਨਾਮ ਮਨੁੱਖੀ ਹੋਂਦ: ਚਿੰਤਨ ਦੀ ਲੋੜ

*ਕੌਮੀ ਕਿਰਦਾਰ ਦੀ ਸਿਰਜਣਾ ਧਰਮ ਆਗੂਆਂ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਨਿਰਭਰ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਮਨੁੱਖਤਾਵਾਦੀ ਵਿਚਾਰਧਾਰਾ ਨੇ ਸਦੀਆਂ ਤੋਂ ਗ਼ੁਲਾਮੀ ਸਹਿ ਕੇ ਮਾਨਸਿਕ ਤੌਰ 'ਤੇ ਮੁਰਦਾ ਹੋ ਚੁੱਕੀ ਲੋਕਾਈ ਨੂੰ ਸੁਰਜੀਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੱਲ ਅਖਾੜਿਆਂ ਦਾ ਨਿਰਮਾਣ ਕਰਵਾ ਕੇ ਬਲਵਾਨ ਸੁਰਤ ਦੇ ਨਾਲ ਸਰੀਰਕ ਬਲਵਾਨਤਾ ਨੂੰ ਵੀ ਲਾਜ਼ਮੀ ਸਮਝਿਆ ਕਿਉਂਕਿ ਇਕੱਲੀ ਬਲਵਾਨ ਸੁਰਤ ਜਾਂ ਇਕੱਲਾ ਬਲਵਾਨ ਸਰੀਰ ਸ਼ਸਤਰ ਦੀ ਸਹੀ ਵਰਤੋਂ ਨਹੀਂ ਕਰ ਸਕਦਾ। ਦੋਨਾਂ ਦਾ ਸੁਮੇਲ ਹੋ ਜਾਣ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਮ ਨੂੰ ਸ਼ਸਤਰਧਾਰੀ ਬਣਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸ਼ਸਤਰਧਾਰੀ ਖਾਲਸਾ ਪੰਥ ਦੀ ਸਿਰਜਣਾ ਕੀਤੀ। ਗੁਰੂ ਸਾਹਿਬਾਨ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਚੱਲ ਕੇ ਗੁਰਸਿੱਖਾਂ ਨੇ ਅਜਿਹੇ ਉੱਚੇ-ਸੁੱਚੇ ਕੌਮੀ ਕਿਰਦਾਰ ਦੀ ਸਿਰਜਣਾ ਕੀਤੀ ਜਿਸਦਾ ਆਦਰਸ਼ ਕੌਮੀਅਤ ਦੇ ਨਾਲ-ਨਾਲ ਹਮੇਸ਼ਾਂ ਹੀ ਮਨੁੱਖਤਾਵਾਦੀ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਮਨੁੱਖਤਾਵਾਦੀ ਰਾਜ ਪ੍ਰਬੰਧ ਇਸ ਦੀ ਆਦਰਸ਼ਕ ਮਿਸਾਲ ਰਿਹਾ ਹੈ, ਜਿਸ ਵਿਚ ਕਦੇ ਵੀ ਕਿਸੇ ਗੈਰ ਸਿੱਖ ਨਾਲ ਕੋਈ ਵਿਤਕਰਾ ਨਹੀਂ ਕੀਤਾ ਗਿਆ।*

*ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਿੱਖ ਕੌਮ ਦੇ ਵਾਰਸਾਂ ਨੇ ਹਮੇਸ਼ਾ ਹੀ ਮਨੁੱਖਤਾ ਲਈ ਹੱਕ, ਸੱਚ, ਨਿਆਂ ਦੀ ਖ਼ਾਤਰ ਜੂਝਦਿਆਂ ਸ਼ਹਾਦਤਾਂ ਦੀ ਲੰਮੀ ਦਾਸਤਾਨ ਨੂੰ ਸਿਰਜਿਆ ਹੈ। ਦੂਸਰੇ ਪਾਸੇ ਜਿਨ੍ਹਾਂ ਦੇ ਪੁਰਖਿਆਂ ਨੇ ਕੌਮ-ਪ੍ਰਸਤੀ ਜਾਂ ਸਿਰਫ ਜ਼ਰ, ਜ਼ੋਰੂ, ਜ਼ਮੀਨ ਦੀ ਖਾਤਰ ਮਹਾਂਯੁੱਧ ਲੜੇ ਸਨ ਉਨ੍ਹਾਂ ਨੂੰ ਮਨੁੱਖਤਾਵਾਦੀ ਹੱਕ, ਸੱਚ, ਨਿਆਂ ਦੀ ਗੱਲ ਹਮੇਸ਼ਾਂ ਬਗਾਵਤ ਲਗਦੀ ਰਹੀ। ਭਾਰਤੀ ਤਵਾਰੀਖ਼ ਅੰਦਰ ਜੂਨ ਦਾ ਮਹੀਨਾ ਇਸੇ ਕੌਮੀ ਕਿਰਦਾਰ ਦੇ ਵਖਰੇਵੇਂ ਦੀ ਤਰਜਮਾਨੀ ਕਰਦਾ ਹੈ*

*ਜੂਨ ੧੯੮੪ ਈ. ਦਾ ਸਾਕਾ ਮਨੁੱਖਤਾ ਨੂੰ ਬੇਹੱਦ ਸ਼ਰਮਸਾਰ ਕਰ ਦੇਣ ਵਾਲਾ ਕਾਰਾ ਸੀ। ਮਨੁੱਖਤਾ ਦੇ ਸਰਬ-ਸਾਂਝੇ ਪਾਵਨ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਉਸ ਦੇਸ਼ ਦੀ ਹਕੂਮਤ ਤੋਪਾਂ, ਟੈਂਕਾਂ ਨਾਲ ਹਮਲਾਵਰ ਹੋ ਕੇ ਆਈ ਸੀ, ਜਿਸ ਨੂੰ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ*

ਬੇਅੰਤ ਕੁਰਬਾਨੀਆਂ ਦੇ ਕੇ ਸਿੱਖ ਕੌਮ ਨੇ ਅਜ਼ਾਦ ਕਰਵਾਇਆ ਸੀ। ਜੂਨ ੧੯੮੪ ਦੇ ਸਾਕੇ ਦੇ ਵਿਚ ਸਿੱਖਾਂ ਦਾ ਕੌਮੀ ਘਾਣ ਕਰਨ ਦੀ ਮਨਸ਼ਾ ਨਾਲ ਹਜ਼ਾਰਾਂ ਬੇਕਸੂਰ ਸਿੰਘਾਂ, ਸਿੰਘਣੀਆਂ, ਬਜ਼ੁਰਗ, ਨੌਜੁਆਨ ਅਤੇ ਬੱਚਿਆਂ ਨੂੰ ਤੋਪਾਂ , ਟੈਂਕਾਂ, ਬੰਦੂਕਾਂ ਨਾਲ ਸ਼ਹੀਦ ਕਰ ਦਿੱਤਾ ਗਿਆ। ਅਜਿਹਾ ਵਹਿਸ਼ੀਆਨਾ ਮੰਜਰ ਵੇਖ ਕੇ ਇੰਝ ਲਗਦਾ ਸੀ ਜਿਵੇਂ ਅਜ਼ਾਦੀ ਮਿਲਣ ਤੋਂ ਬਾਅਦ ਇਨ੍ਹਾਂ ਹਮਲਾਵਰਾਂ ਦੀ ਕਬੀਲਿਆਂ ਵਾਲੀ ਜਾਂਗਲੀ ਬਿਰਤੀ ਜਾਗ ਪਈ ਹੋਵੇ ਜੋ ਸਿੱਖਾਂ ਨੂੰ ਮਾਰੋ, ਸਾੜੋ, ਤਬਾਹ ਕਰ ਦਿਓ ਵਾਲੀ ਸੋਚ ਦੀ ਧਾਰਨੀ ਬਣ ਗਈ ਸੀ।

ਸਿੱਖ ਕੌਮ ਨਾਲ ਸਮੇਂ ਦੀਆਂ ਹਕੂਮਤਾਂ ਦੁਆਰਾ ਵਧੀਕੀਆਂ ਦੇ ਕਾਰਨਾਂ ਦੀਆਂ ਕਈ ਪਰਤਾਂ ਹਨ ਪਰ ਇਸ ਸਭ ਕੁਝ ਦੇ ਪਿੱਛੇ ਮੂਲ ਰੂਪ ਵਿਚ ਸਿੱਖਾਂ ਦੇ ਉੱਚੇ-ਸੁੱਚੇ ਕਿਰਦਾਰ, ਨਿਆਰੇ ਸਿੱਖੀ ਸਰੂਪ, ਆਦਰਸ਼ਕ ਵਿਚਾਰਧਾਰਾ, ਸਿੱਖੀ ਸੂਰਬੀਰਤਾ ਆਦਿ ਪ੍ਰਤੀ ਈਰਖਾ ਦੀ ਭਾਵਨਾ ਸਾਹਮਣੇ ਆਉਂਦੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖੀ ਦੇ ਉੱਚ ਅਦਰਸ਼ਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਵਿਚ ਸ਼ਾਮਲ ਹੋਏ ਸਿਕਲੀਗਰ ਅਤੇ ਵਣਜਾਰੇ ਸਿੱਖ ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਆਦਿ ਕਈ ਰਾਜਾਂ ਵਿਚ ਸ਼ਾਂਤੀਪੂਰਨ ਰਹਿ ਰਹੇ ਹਨ। ਇਹ ਮਿਹਨਤਕਸ਼ ਲੋਕ ਹੱਥੀਂ ਕਿਰਤ ਕਰਦਿਆਂ ਆਪਣੇ ਸੀਮਤ ਸਾਧਨਾਂ ਨਾਲ ਆਪਣੇ ਪਰਵਾਰਾਂ ਦਾ ਪਾਲਣ-ਪੋਸ਼ਣ ਕਰ ਰਹੇ ਹਨ। ਸਭ ਤੋਂ ਅਹਿਮ ਗੱਲ ਕਿ ਇਹ ਸਾਰੇ ਪੂਰਨ ਰੂਪ ਵਿਚ ਸਿੱਖੀ ਸਰੂਪ ਦੇ ਧਾਰਨੀ ਹਨ। ਪਿਛਲੇ ਦਿਨੀਂ ਦੇਸ਼ ਦੇ ਕੁਝ ਫਿਰਕਾਪ੍ਰਸਤ ਲੋਕਾਂ ਨੇ ਇਨ੍ਹਾਂ ਦੇ ਸਿੱਖੀ ਸਰੂਪ ਤੋਂ ਈਰਖਾਵਸ ਹੋ, ਹਥਿਆਰ ਬਣਾਉਣ ਦਾ ਬਹਾਨਾ ਬਣਾ ਕੇ ਇਨ੍ਹਾਂ ਨਿਰਦੋਸ਼ ਕਿਰਤੀ ਸਿੱਖਾਂ, ਨੌਜੁਆਨ, ਬਜ਼ੁਰਗਾਂ ਆਦਿ 'ਤੇ ਝੂਠੇ ਕੇਸ ਦਰਜ ਕਰਵਾ ਦਿੱਤੇ। ਪੁਲਿਸ ਨੇ ਇਨ੍ਹਾਂ ਨੂੰ ਫੜ ਕੇ ਅਤੇ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਜੇਲ੍ਹਾਂ ਅੰਦਰ ਡੱਕ ਦਿੱਤਾ। ਅਜ਼ਾਦ ਦੇਸ਼ ਅੰਦਰ ਇਸ ਤਰ੍ਹਾਂ ਦੇ ਘਿਣਾਉਣੇ ਕਾਰਨਾਮੇ ਨੇ ਸ਼ਰਾਰਤੀ ਅਨਸਰਾਂ ਦਾ ਫਿਰਕਾਪ੍ਰਸਤ ਚਿਹਰਾ ਇਕ ਵਾਰ ਮੁੜ ਜਗ ਜਾਹਰ ਕਰ ਦਿੱਤਾ ਹੈ।

ਅਜਿਹੀ ਫਿਰਕਾਪ੍ਰਸਤ ਸੋਚ ਮਨੁੱਖਤਾ ਨੂੰ ਨਿਘਾਰ ਵੱਲ ਲੈ ਜਾਵੇਗੀ। ਮਨੁੱਖਤਾ ਸਾਹਮਣੇ ਤਾਂ ਪਹਿਲਾਂ ਹੀ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ। ਅੱਜ ਆਧੁਨਿਕ ਯੁੱਗ ਵਿਚ ਮਨੁੱਖੀ ਹੋਂਦ ਨੂੰ ਬਰਕਰਾਰ ਰੱਖਣਾ ਹੀ ਆਪਣੇ-ਆਪ ਵਿਚ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ, ਕਿਉਂਕਿ ਜਿਸ ਹੱਦ ਤਕ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ, ਧਰਤੀ ਉੱਪਰ ਪ੍ਰਦੂਸ਼ਣ ਅਤੇ ਤਾਪਮਾਨ ਨਿਰੰਤਰ ਵੱਧ ਰਿਹਾ ਹੈ। ਮੁਨਾਫੇ ਦੇ ਚੱਕਰ ਵਿਚ ਲਗਾਤਾਰ ਫ਼ਸਲਾਂ 'ਤੇ ਕੀਟਨਾਸ਼ਕਾਂ ਦਾ ਬੇਹੱਦ ਛਿੜਕਾਅ ਹੋ ਰਿਹਾ ਹੈ ਜਿਸ ਕਾਰਨ ਹਵਾ, ਪਾਣੀ ਅਤੇ ਖਾਦ ਪਦਾਰਥ ਜ਼ਹਿਰੀਲੇ ਹੋ ਰਹੇ ਹਨ। ਜੇਕਰ ਇਹ ਸਭ ਕੁਝ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਲੱਗਭਗ ਪੰਜਾਹ

*ਸਾਲਾਂ ਤਕ ਇਸ ਧਰਤੀ ਉੱਪਰ ਜੀਵਨ ਦੀ ਹੋਂਦ ਹਾਸ਼ੀਏ 'ਤੇ ਪਹੁੰਚ ਜਾਵੇਗੀ। ਜੋ ਫਿਰਕੂ ਸ਼ਕਤੀਆਂ ਅੱਜ ਉਕਤ ਸਮੱਸਿਆ ਅਤੇ ਮਨੁੱਖੀ ਕਦਰਾਂ-ਕੀਮਤਾਂ ਵੱਲੋਂ ਕਿਨਾਰਾ ਕਰ ਕੇ ਆਪਣੀ ਪੂਰੀ ਸ਼ਕਤੀ ਲਾ ਕੇ ਦੂਸਰੀਆਂ ਕੌਮਾਂ ਨੂੰ ਖਤਮ ਕਰਨ ਵਿਚ ਰੁੱਝੀਆਂ ਹੋਈਆਂ ਹਨ, ਅਜਿਹੀ ਦਸ਼ਾ 'ਤੇ ਪਹੁੰਚ ਕੇ ਉਹ ਆਪਣੀ ਕੌਮ ਨੂੰ ਕਿੱਧਰ ਲਿਜਾਣਗੀਆਂ? ਜਦੋਂ ਕਿਸ਼ਤੀ ਹੀ ਡੁੱਬ ਗਈ ਤਾਂ ਬਚਣਾ ਕਿਸੇ ਦਾ ਵੀ ਸੰਭਵ ਨਹੀਂ। ਸੋ ਸਿਆਣਪ ਇਸੇ ਵਿਚ ਹੈ ਕਿ ਅਨੇਕਤਾ ਵਿਚ ਏਕਤਾ ਨੂੰ ਸਵੀਕਾਰਦਿਆਂ ਜੀਓ ਅਤੇ ਜੀਊਣ ਦਿਓ ਦੀ ਵਿਚਾਰਧਾਰਾ ਨੂੰ ਅਪਨਾਅ ਕੇ ਆਪਣੀ ਕੌਮੀ ਹੋਂਦ ਦੇ ਨਾਲ-ਨਾਲ ਵਿਸ਼ੇਸ਼ ਰੂਪ ਵਿਚ ਮਨੁੱਖੀ ਹੋਂਦ ਨੂੰ ਬਚਾਉਣ ਦੇ ਯਤਨ ਕੀਤੇ ਜਾਣ। ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਅਸੀਂ ਕੌਮੀ ਸੰਕੀਰਣਤਾ ਤੋਂ ਉੱਪਰ ਉੱਠ ਕੇ ਗੁਰੂ ਸਾਹਿਬਾਨ ਦੇ ਮਨੁੱਖਤਾਵਾਦੀ ਆਦਰਸ਼ਾਂ* ***ਏਕ ਪਿਤਾ ਏਕਸ ਕੇ ਹਮ ਬਾਰਿਕ*** *ਅਤੇ* ***ਸਭੇ ਸਾਝੀਵਾਲ ਸਦਾਇਨਿ*** *ਨੂੰ ਜੀਵਨ ਵਿਚ ਅਪਨਾਅ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣ ਲਈ ਯਤਨਸ਼ੀਲ ਹੋਵਾਂਗੇ। ਇਸ ਲਈ ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਮਿਸ਼ਨ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮਨੁੱਖਤਾਵਾਦੀ ਆਦਰਸ਼ਾਂ ਨੂੰ ਵਿਹਾਰਕ ਜੀਵਨ ਵਿਚ ਅਪਣਾਉਣ ਨਾਲ ਹੀ* ***ਨਾ ਕੋ ਬੈਰੀ ਨਹੀ ਬਿਗਾਨਾ*** *ਦਾ ਅਹਿਸਾਸ ਮਨੁੱਖ ਨੂੰ ਮਨੁੱਖਤਾਵਾਦੀ ਬਣਾ ਕੇ ਵਿਸ਼ਵ-ਵਿਆਪੀ ਸਮੱਸਿਆਵਾਂ ਦੇ ਹੱਲ ਲਈ ਪ੍ਰੇਰਿਤ ਕਰੇਗਾ।*

■

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥੪॥੩॥*
*(ਪੰਨਾ ੧੩੪੯)*

# ਦਲਿ ਭੰਜਨ ਗੁਰੁ ਸੂਰਮਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਛੇਵੀਂ ਜੋਤ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਭਗਤੀ ਤੇ ਸ਼ਕਤੀ ਦੀ ਮੂਰਤ ਸਨ। ਗੁਰਮਤਿ ਵਿਚ ਭਗਤੀ ਸਾਧਨਾ ਦੇ ਨਾਲ ਨਾਲ ਬੀਰ ਭਾਵਨਾ ਦਾ ਸੰਜੋਗ ਮੁਢ ਤੋਂ ਹੀ ਵੇਖਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਜਿਸ ਨਿਰਭੈਤਾ ਤੇ ਨਿਧੜਕਤਾ ਨਾਲ ਬਾਬਰ ਦੇ ਹਮਲੇ ਦੀ, ਬਾਬਰ ਨੂੰ ਪਾਪ ਕੀ ਜੰਞ ਅਤੇ ਜਮ ਰੂਪ ਗਰਦਾਨ ਕੇ, *ਰਾਜੇ ਸੀਹ ਮੁਕਦਮ ਕੁਤੇ॥* ਕਹਿ ਕੇ ਅਤੇ ਹੋਰ ਜ਼ੁਲਮਾਂ ਦੀ ਨਿਖੇਧੀ ਕੀਤੀ ਗਈ ਹੈ ਉਸ ਦੀ ਮਿਸਾਲ ਕਿਸੇ ਹੋਰ ਸਾਹਿਤ ਵਿਚ ਨਹੀਂ ਮਿਲਦੀ। ਅਕਾਲ ਪੁਰਖ ਦੀ ਸਿਫਤ-ਸਲਾਹ ਕਰਨਾ ਸੰਤ ਰੂਪ ਅਤੇ ਬਾਬਰ ਨੂੰ ਜਾਬਰ ਅਤੇ ਉਸ ਦੇ ਰਾਜ ਨੂੰ ਜੁਲਮੀ ਰਾਜ ਕਹਿ ਕੇ ਵੰਗਾਰਨਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸੂਰਮਾ-ਸਿਪਾਹੀ ਰੂਪ ਹੀ ਤਾਂ ਸੀ। ਸਤਿਵਾਦੀਆਂ ਅਤੇ ਸੱਤਾਧਾਰੀਆਂ ਵਿਚ ਹਮੇਸ਼ਾ ਹੀ ਟੱਕਰ ਚੱਲਦੀ ਰਹੀ ਹੈ, *ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥* ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਭਟਕੀ ਲੋਕਾਈ ਨੂੰ ਨਾਮ ਦੇ ਅਗੰਮੀ ਸੋਮੇ ਨਾਲ ਜੋੜਿਆ, ਉੱਥੇ ਉਨ੍ਹਾਂ ਵਿਚ ਜ਼ੁਲਮ ਦਾ ਵਿਰੋਧ ਕਰਨ ਦੀ ਭਾਵਨਾ ਵੀ ਜਗਾਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਕੇ ਇਸ ਜਗ ਵਿਚ ਗੁਰਬਾਣੀ ਦਾ ਚਾਨਣ ਫੈਲਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਰਾਜਸੀ ਜਬਰ, ਜ਼ੁਲਮ ਤੇ ਧਾਰਮਿਕ ਕੱਟੜਤਾ ਦਾ ਵਿਰੋਧ ਕਰਨ ਦਾ ਰਾਹ ਵਿਖਾਇਆ। ਭਾਰਤ ਵਿਚ ਇਸ ਤਰ੍ਹਾਂ ਦੀ ਇਹ ਪਹਿਲੀ ਸ਼ਹਾਦਤ ਸੀ।

ਪਹਿਲੇ ਗੁਰੂ ਸਾਹਿਬਾਨ ਦੇ ਸਿਧਾਂਤਕ ਮਾਰਗ 'ਤੇ ਚੱਲਦੇ ਹੋਏ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਸਤਰ ਦੇ ਨਾਲ-ਨਾਲ ਸ਼ਸਤਰਾਂ ਦੇ ਪ੍ਰਯੋਗ ਦੀ ਪਰੰਪਰਾ ਅਰੰਭ ਕੀਤੀ। ਇਹ ਇਕ ਅਟੱਲ ਸੱਚਾਈ ਹੈ ਕਿ ਧਰਮ ਦੀ ਰੱਖਿਆ ਲਈ ਸ਼ਕਤੀ ਦੀ ਲੋੜ ਹੈ ਅਤੇ ਸ਼ਕਤੀ ਬੇਮੁਹਾਰੀ ਹੋ ਕੇ ਮਸਤ ਹਾਥੀ ਦਾ ਰੂਪ ਅਖਤਿਆਰ ਕਰ ਕੇ ਜਬਰ-ਜੁਲਮ ਨਾ ਕਰੇ, ਇਸ ਲਈ ਇਸ ਉੱਤੇ ਧਰਮ ਦਾ ਅਕੁੰਸ਼ ਅਤਿ ਜ਼ਰੂਰੀ ਹੈ। ਸ਼ਸਤਰਾਂ ਦੇ ਪ੍ਰਯੋਗ ਦਾ ਸਮਾਂ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ ਹੀ ਬਣ ਚੁੱਕਾ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਸਤਰ ਪਹਿਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਭਾਵਨਾਵਾਂ ਦੀ ਹੀ ਪੂਰਤੀ ਕੀਤੀ ਸੀ। ਜਦੋਂ ਸਿੱਖਾਂ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਜਾਣ ਵਾਲੇ ਕਸ਼ਟ ਤੇ ਦੁਖ ਬਰਦਾਸ਼ਤ ਨਹੀਂ ਸੀ ਹੋ ਰਹੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਧਰਵਾਸ ਦੇਣ ਲਈ ਇਹ ਵਚਨ ਕਰ ਦਿੱਤੇ ਸਨ:-

*"ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ। ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ*

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿੱਚ ਲੈਣੀ ਹੈ। " (ਭਗਤ ਮਾਲਾ)*

ਮਾਤਾ ਗੰਗਾ ਜੀ ਨੂੰ ਦਿੱਤੇ ਬਾਬਾ ਬੁੱਢਾ ਜੀ ਦੇ ਆਸ਼ੀਰਵਾਦ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹ ਪਿੰਡ ਵਡਾਲੀ (ਹੁਣ ਗੁਰੂ ਕੀ ਵਡਾਲੀ) ਵਿਖੇ ੧੪ ਜੂਨ, ੧੫੯੫ ਈ. (੨੧ ਹਾੜ, ੧੬੫੨ ਬਿ.) ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪ੍ਰਕਾਸ਼ ਧਾਰਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਅਤੇ ਉਸ ਦੀ ਘਰਵਾਲੀ ਕਰਮੋ ਨੇ ਇਸ ਦਾ ਬਹੁਤ ਦੁੱਖ ਮਨਾਇਆ। ਉਨ੍ਹਾਂ ਨੇ ਬਾਲਕ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਖਤਮ ਕਰਨ ਲਈ ਕਈ ਤਰ੍ਹਾਂ ਦੇ ਅਸਫਲ ਯਤਨ ਕੀਤੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਹਿਤ ਫੁਰਮਾਇਆ ਹੈ:

*ਮੇਰਾ ਸਤਿਗੁਰੁ ਰਖਵਾਲਾ ਹੋਆ॥*
*ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥ ਰਹਾਉ॥*
*(ਪੰਨਾ ੬੨੦)*

ਹਜ਼ਾਰਾਂ ਸਾਲਾਂ ਤੋਂ ਵਿਦੇਸ਼ੀ ਹਮਲਾਵਰ ਭਾਰਤ ਦੀ ਭੂਮੀ ਨੂੰ ਲਿਤਾੜਦੇ ਰਹੇ ਸਨ ਕਿਸੇ ਨੇ ਇਸ ਦਾ ਵਿਰੋਧ ਨਹੀਂ ਸੀ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਧਰਤੀ 'ਤੇ ਪਹਿਲੇ ਮਹਾਂਪੁਰਖ ਹੋਏ ਜਿਨ੍ਹਾਂ ਨੇ ਹਮਲਾਵਰਾਂ ਦਾ ਸਖਤ ਵਿਰੋਧ ਕੀਤਾ ਤੇ ਜ਼ੁਲਮ ਦੇ ਖਿਲਾਫ਼ ਅਵਾਜ਼ ਉਠਾਈ। ਉਨ੍ਹਾਂ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਹਿਲੇ ਧਾਰਮਿਕ ਆਗੂ ਹੋਏ ਹਨ ਜਿਨ੍ਹਾਂ ਨੇ ਜ਼ੁਲਮ ਦਾ ਸਿਰ ਨੀਵਾਂ ਕਰਨ ਲਈ ਕਿਰਪਾਨ ਉਠਾਈ। ਗੁਰਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਉਨ੍ਹਾਂ ਨੇ ਗੁਰੂ-ਘਰ ਵਿਚ ਪਹਿਲਾਂ ਚਲਦੀ ਰੀਤ ਸੇਲ੍ਹੀ ਟੋਪੀ ਪਹਿਨਣ ਦੀ ਥਾਂ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਅਤੇ ਬਾਅਦ ਵਿਚ ਦੋ ਕਿਰਪਾਨਾਂ ਹੀ ਪਹਿਨਦੇ ਰਹੇ। ਗੁਰੂ ਜੀ ਦੇ ਦਰਬਾਰ ਦੇ ਢਾਡੀ ਅਬਦੁੱਲਾ ਤੇ ਨੱਥ ਮੱਲ ਨੇ ਉਨ੍ਹਾਂ ਬਾਰੇ ਇਸ ਤਰ੍ਹਾਂ ਵਰਣਨ ਕੀਤਾ ਹੈ:

*ਦੋ ਤਲਵਾਰੀਂ ਬਧੀਆਂ, ਇਕ ਮੀਰੀ ਤੇ ਇਕ ਪੀਰੀ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।*
*ਹਿੰਮਤ ਬਾਂਹਾਂ ਕੋਟ ਗੜ੍ਹ, ਦਰਵਾਜਾ ਬਲਖ ਬਖੀਰ ਦੀ।*
*ਕਟਕ ਸਿਪਾਹੀ ਨੀਲ ਨਲ, ਮਾਰ ਦੁਸਟਾਂ ਕਰੇ ਤਗੀਰ ਜੀ।*
*ਪੱਗ ਤੇਰੀ, ਕੀ ਜਹਾਂਗੀਰ ਦੀ?*

ਗੁਰੂ ਸਾਹਿਬ ਆਪ ਨਿਧੜਕ ਤੇ ਨਿਰਭੈ ਹੋਣ ਦੇ ਨਾਲ-ਨਾਲ ਭਾਰੀ ਡੀਲ-ਡੌਲ ਵਾਲੇ ਬਲਸ਼ਾਲੀ ਯੋਧੇ ਸਨ। ਉਨ੍ਹਾਂ ਨੇ ਸਦੀਆਂ ਤੋਂ ਜ਼ੁਲਮ ਕਰਦੇ ਆ ਰਹੇ ਜਾਲਮਾਂ ਨੂੰ ਮੈਦਾਨ-ਏ-ਜੰਗ ਵਿਚ ਧੂਲ ਚਟਾ ਦਿੱਤੀ। ਗੁਰੂ ਜੀ ਨੇ ਚਾਰ ਜੰਗਾਂ ਲੜੀਆਂ। ਚਾਰਾਂ ਵਿਚ ਆਪ ਨੇ ਜਿੱਤ ਪ੍ਰਾਪਤ ਕੀਤੀ ਜੋ ਚਿਰਾਂ ਤੋਂ ਗੁਲਾਮ ਹੋਏ ਦੇਸ਼ ਦੀ ਧਰਤੀ ਉੱਤੇ ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਇਹ ਚਾਰ ਜੰਗਾਂ ਸਨ:- (੧) ਸ੍ਰੀ ਅੰਮ੍ਰਿਤਸਰ ਸਾਹਿਬ ਦੀ ਜੰਗ (੨) ਸ੍ਰੀ ਹਰਿਗੋਬਿੰਦਪੁਰ ਦੀ ਜੰਗ (੩) ਨਥਾਣੇ ਦੀ ਜੰਗ (੪) ਕਰਤਾਰਪੁਰ ਦੀ ਜੰਗ। ਗੁਰੂ ਜੀ ਆਪ ਰਣਤੱਤੇ ਵਿਚ ਅੱਗੇ ਹੋ ਕੇ ਯੁੱਧ ਦੀ ਅਗਵਾਈ ਕਰਦੇ ਸਨ। ਯੁੱਧਾਂ ਦੌਰਾਨ ਆਪ ਨੇ ਅਨੇਕ ਜਰਨੈਲਾਂ ਅਤੇ ਪੈਂਦੇ ਖਾਨ ਵਰਗੇ ਪ੍ਰਤਿ-

ਦਵੰਦੀਆਂ ਨੂੰ ਧਰਾਸ਼ਾਈ ਕਰ ਕੇ ਸਦਾ ਦੀ ਨੀਂਦ ਸੁਲਾ ਦਿੱਤਾ। ਇਸੇ ਲਈ ਭਾਈ ਗੁਰਦਾਸ ਜੀ, *ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।* ਕਹਿ ਕੇ ਆਪਣੀ ਅਟੁੱਟ ਸ਼ਰਧਾ ਅਤੇ ਸਤਿਕਾਰ ਭੇਟ ਕਰਦਿਆਂ ਸਤਿਗੁਰੂ ਪਾਤਸ਼ਾਹ ਦੀ ਅਜ਼ੀਮ ਅਤੇ ਅਦੁੱਤੀ ਸ਼ਖ਼ਸੀਅਤ ਨੂੰ ਉਜਾਗਰ ਕਰਦੇ ਹਨ।

ਹਿੰਦੁਸਤਾਨ ਵਿਚ ਇਸਲਾਮ ਨੇ ਪੈਰ ਤਾਂ ੮ਵੀਂ ਸਦੀ ਦੇ ਅਰੰਭ ਵਿਚ ਧਰ ਲਿਆ ਸੀ। ਮੁਹੰਮਦ ਬਿਨ ਕਾਸਿਮ ਨੇ ੭੧੨ ਈ. ਵਿਚ ਸਿੰਧ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ਸੀ। ਇਸਲਾਮ ਦੇ ਲਗਾਤਾਰ ਹਮਲੇ ੧੦੦੦ ਈ. ਤੋਂ ਅਰੰਭ ਹੋਏ ਤੇ ੧੧੯੨ ਈ. ਵਿਚ ਦਿੱਲੀ ਦੇ ਤਖਤ ਤੇ ਇਸਲਾਮੀ ਸ਼ਾਸਕਾਂ ਨੇ ਅਧਿਕਾਰ ਜਮਾ ਲਿਆ ਸੀ। ਇਸ ਲਈ ਹੁਣ ਦਿੱਲੀ ਦਾ ਤਖਤ ਲੋਕਾਂ ਲਈ ਹੱਕ, ਨਿਆਂ ਤੇ ਸੁਰੱਖਿਆ ਦਾ ਪ੍ਰਤੀਕ ਨਹੀਂ ਰਿਹਾ ਸੀ। ਇਸ ਤਖਤ ਵੱਲੋਂ ਲੋਕਾਂ ਦੀ ਲੁੱਟ-ਖਸੁੱਟ ਕੀਤੀ ਜਾ ਰਹੀ ਸੀ ਤੇ ਹਿੰਦੂਆਂ ਤੇ ਜ਼ੁਲਮ ਢਾਹੇ ਜਾ ਰਹੇ ਸਨ। ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ ਤੇ ਉਨ੍ਹਾਂ ਨੂੰ ਕਾਫਰ ਕਹਿ ਕੇ ਅੰਧਾ ਧੁੰਦ ਕਤਲ-ਏ-ਆਮ ਕੀਤਾ ਜਾਂਦਾ ਸੀ। ਮੰਦਰ ਢਾਹੇ ਜਾਂਦੇ ਸਨ। ਹਿੰਦੂਆਂ ਉੱਤੇ ਵਾਧੂ ਟੈਕਸ (ਜਜ਼ੀਆ) ਲਾਏ ਜਾਂਦੇ ਸਨ। ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਬੇਇੱਜ਼ਤੀ ਕੀਤੀ ਜਾਂਦੀ ਸੀ। ਇਹ ਸਭ ਕੁਝ ਇਸ ਲਈ ਕੀਤਾ ਜਾਂਦਾ ਸੀ ਤਾਂ ਜੋ ਹਿੰਦੂ ਜਲੀਲ ਹੋ ਕੇ ਇਸਲਾਮ ਨੂੰ ਕਬੂਲ ਲੈਣ। ਉੱਤਰੀ ਭਾਰਤ ਵਿਸ਼ੇਸ਼ ਕਰਕੇ ਪੰਜਾਬ ਵਿਚ ਇਸਲਾਮ ਦਾ ਬਹੁਤ ਜ਼ੋਰ ਸੀ। ਲੋਕਾਂ ਵਿਚ ਇਸਲਾਮੀ ਹਾਕਮਾਂ ਦਾ ਵਿਰੋਧ ਕਰਨ ਦੀ ਕੋਈ ਸ਼ਕਤੀ ਬਾਕੀ ਨਹੀਂ ਸੀ। ਇਸਲਾਮ ਦੀ ਤਾਕਤ ਅੱਗੇ ਲੋਕ ਬਿਲਕੁਲ ਬੇਵੱਸ ਸਨ। ਇਹ ਸਭ ਕੁਝ ਭਾਰਤੀਆਂ ਵੱਲੋਂ ਅਪਣਾਈ ਗਈ "ਅਹਿੰਸਾ ਪਰਮੋ ਧਰਮਾ" ਅਤੇ ਇਸ ਲੋਕ ਨੂੰ ਅਣਗੋਲਿਆ ਕਰ ਕੇ ਪਰਲੋਕ ਨੂੰ ਸੰਵਾਰਨ ਅਤੇ ਸੁਧਾਰਨ ਦੀ ਨਾਕਸ਼ ਨੀਤੀ ਕਾਰਨ ਵਾਪਰਿਆ। ਇਸ ਇਲਾਕੇ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਲੀ ਦੇ ਤਖਤ ਦਾ ਵਿਰੋਧ ਕਰਦੇ ਹੋਏ ਇਸ ਦੇ ਜ਼ੁਲਮਾਂ ਤੋਂ ਲੋਕਾਂ ਨੂੰ ਛੁਟਕਾਰਾ ਦਿਵਾਉਣ ਲਈ ਤੇ ਹੱਕ, ਸੱਚ ਤੇ ਨਿਆਂ ਦਾ ਸੰਦੇਸ਼ ਦੇਣ ਲਈ ਅਕਾਲ ਤਖਤ ਦੀ ਸਥਾਪਨਾ ਕੀਤੀ। ਇਹ ਤਖਤ ਦਿੱਲੀ ਦੇ *ਏ ਭੂਪਤਿ ਸਭ ਦਿਵਸ ਚਾਰਿ ਕੇ* ਦੁਨੀਆਵੀ ਤਖਤ ਤੋਂ ਉੱਚਾ ਅਤੇ ਸਦੀਵਕਾਲ ਲਈ ਸਥਿਰ ਰਹਿਣ ਵਾਲਾ ਅਕਾਲ ਦਾ ਅਦਲੀ ਤਖਤ ਸੀ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਵਿਚ ਹਿੰਦੂ ਤੇ ਇਸਲਾਮ ਤੋਂ ਵੱਖਰੀ, ਸ੍ਰੀ ਹਰਿਮੰਦਰ ਸਾਹਿਬ ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਨਾਲ ਇਕ ਅਧਿਆਤਮਕ ਸੱਤਾ ਕਾਇਮ ਕਰ ਲੈਣ ਤੋਂ ਪਿੱਛੋਂ ਸਿੱਖ ਕੌਮ ਲਈ ਰਾਜਨੀਤਕ ਸੱਤਾ ਕਾਇਮ ਕਰਨ ਦਾ ਮੁੱਢ ਬੰਨ੍ਹ ਦਿੱਤਾ ਸੀ। ਅਕਾਲ ਤਖਤ ਸਾਹਿਬ ਅੱਜ ਵੀ ਦੁਨਿਆਵੀ ਰਾਜਾਂ ਤੇ ਤਖਤਾਂ ਤਾਜਾਂ ਨੂੰ ਧਰਮ ਨਿਆਂ ਕਰਨ ਦੀ, ਸੀਮਾ ਵਿਚ ਰਹਿਣ ਦੀ ਤੇ ਸੱਚ ਅਤੇ ਸੰਜਮ ਨਾਲ ਸ਼ਕਤੀ ਦੀ ਵਰਤੋਂ ਕਰਨ ਦੀ ਸੇਧ ਦਿੰਦਾ ਹੈ। ਮੀਰੀ-ਪੀਰੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਫ਼ਲਸਫ਼ਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਬਖ਼ਸ਼ਿਸ ਹੈ। ਉਨ੍ਹਾਂ ਦੀ ਬਾਣੀ ਵਿਚ ਸੱਚੇ-ਸੁੱਚੇ ਰੱਬੀ ਤਖਤ ਦਾ ਸੰਕਲਪ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:-

*-ਤਖਤਿ ਬਹੈ ਤਖਤੈ ਕੀ ਲਾਇਕ॥*

*ਪੰਚ ਸਮਾਏ ਗੁਰਮਤਿ ਪਾਇਕ॥*
*ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥*
*ਤਖਤਿ ਸਲਾਮੁ ਹੋਵੈ ਦਿਨੁ ਰਾਤੀ॥*
*ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ॥ (ਪੰਨਾ ੧੦੩੯)*
*-ਆਪੇ ਸਿਧ ਸਾਧਿਕੁ ਵੀਚਾਰੀ॥*
*ਆਪੇ ਰਾਜਨੁ ਪੰਚਾ ਕਾਰੀ॥*
*ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥ (ਪੰਨਾ ੧੦੨੨)*
*-ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ॥*
*ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ॥ (ਪੰਨਾ ੩੫੪)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੁਸ਼ੋਭਿਤ ਹੋ ਕੇ ਲੋਕਾਂ ਦੇ ਫੈਸਲੇ ਕਰਦੇ ਸਨ। ਉਨ੍ਹਾਂ ਦੇ ਦਰਬਾਰ ਵਿਚ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਸਨ। ਲਾਗਲੇ ਨਗਰ ਸੁਰਸਿੰਘ ਤੋਂ ਭਾਈ ਅਬਦੁੱਲਾ ਤੇ ਨੱਥ ਮੱਲ ਢਾਡੀ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਸਨ ਤਾਂ ਜੋ ਮੁਰਦਾ ਹੋ ਚੁੱਕੀਆਂ ਭਾਰਤੀਆਂ ਦੀਆਂ ਆਤਮਾਵਾਂ ਨੂੰ ਸੁਜੱਗ ਕਰ ਕੇ ਉਨ੍ਹਾਂ ਵਿਚ ਜੋਸ਼ ਅਤੇ ਜਜ਼ਬੇ ਦਾ ਸੰਚਾਰ ਕੀਤਾ ਜਾ ਸਕੇ। ਗੁਰੂ ਜੀ ਦੀ ਚਲਾਈ ਇਹ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਗੁਰਮਤਿ ਦਾ ਉਦੇਸ਼ ਮਨੁੱਖ ਨੂੰ ਹਰ ਪੱਖ ਤੋਂ ਸੰਪੂਰਨ ਸ਼ਖ਼ਸੀਅਤ ਬਣਾਉਣਾ ਹੈ। ਇਹ ਸੰਪੂਰਨ ਸ਼ਖ਼ਸੀਅਤ ਤਾਂ ਹੀ ਬਣ ਸਕਦੀ ਹੈ ਜੇ ਜੀਵ ਦਾ ਆਚਾਰ, ਵਿਹਾਰ, ਆਹਾਰ, ਆਤਮਕ, ਮਾਨਸਿਕ ਤੇ ਸਰੀਰਕ ਪੱਖ ਪੂਰੀ ਤਰ੍ਹਾਂ ਸ਼ੁੱਧ ਹੋਵੇ। ਗੁਰਬਾਣੀ ਵਿਚ ਆਤਮਿਕ ਨਿਰਲੇਪਤਾ ਦੇ ਨਾਲ ਸੂਰਬੀਰਤਾ ਤੇ ਸਿਦਕ ਦਿਲੀ ਦਾ ਉਪਦੇਸ਼ ਵੀ ਦਿੱਤਾ ਗਿਆ ਹੈ। ਮਨੁੱਖ ਲਈ ਸਭ ਤੋਂ ਵੱਡਾ ਡਰ ਮੌਤ ਦਾ ਹੈ। ਗੁਰੂ ਸਾਹਿਬ ਨੇ ਪਹਿਲਾਂ ਇਹੋ ਡਰ ਸਿੱਖਾਂ ਦੇ ਮਨ ਵਿੱਚੋਂ ਕੱਢਿਆ ਸੀ। ਸਿੱਖੀ ਨਿਰੀ ਪੂਜਾ, ਅਰਚਨਾ ਜਾਂ ਅੱਖਾਂ ਮੀਟ ਕੇ ਮਾਲਾ ਫੇਰਨ ਦਾ ਸਿਧਾਂਤ ਨਹੀਂ ਹੈ ਇਹ ਇਕ ਸੰਗਰਾਮ ਹੈ! ਇਕ ਧਰਮ-ਯੁੱਧ ਹੈ! ਇਕ ਸੰਘਰਸ਼ ਹੈ! ਇਕ ਸੰਪੂਰਨ ਕ੍ਰਾਂਤੀ ਹੈ। ਸਿੱਖੀ *ਖੰਨਿਅਹੁ ਤਿਖੀ* ਤੇ *ਵਾਲਹੁ ਨਿਕੀ* ਹੈ "ਗੁਰ ਸਿਖੀ ਬਾਰੀਕ ਹੈ" ਇਹ ਕੁਰਬਾਨੀ ਅਤੇ ਤਿਆਗ ਉੱਤੇ ਆਧਾਰਿਤ ਸਰਬੱਤ ਦੇ ਭਲੇ ਲਈ ਜੂਝਣ ਦਾ ਬਿਖਮ ਪੈਂਡਾ ਹੈ। ਜਿਸ ਵਿਚ ਹਲੀਮੀ, ਨਿਮਰਤਾ, ਨਿਰਭੈਤਾ ਅਤੇ ਨਿਰਵੈਰਤਾ ਦੇ ਸਰਬ ਉੱਤਮ ਗੁਣ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਇਸ ਮਾਰਗ 'ਤੇ ਚੱਲਣ ਲਈ ਮਰਨ ਦਾ ਡਰ ਲਾਹੁਣ, ਮੌਤ ਨੂੰ ਕਬੂਲਣ ਅਤੇ ਸਿਰ ਦੇਣ ਤੋਂ ਨਾ ਝਿਜਕਣ ਦੀ ਸ਼ਰਤ ਰੱਖੀ ਹੈ।

*-ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)*
*-ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*

*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* *(ਪੰਨਾ ੧੧੦੨)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਬਲਸ਼ਾਲੀ ਬਣਾਉਣ ਲਈ ਖਡੂਰ ਸਾਹਿਬ ਵਿਚ ਮੱਲ ਅਖਾੜੇ ਸ਼ੁਰੂ ਕੀਤੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੱਲ ਅਖਾੜੇ ਕਾਇਮ ਕੀਤੇ। ਇਨ੍ਹਾਂ ਵਿਚ ਸਿੱਖ ਆਪਸ ਵਿਚ ਜ਼ੋਰ ਕਰਦੇ ਸਨ ਤੇ ਕਸਰਤਾਂ ਕਰਦੇ ਸਨ। ਗੁਰੂ ਜੀ ਨੇ ਸਿੱਖਾਂ ਨੂੰ ਸ਼ਸਤਰਾਂ ਦਾ ਅਭਿਆਸ ਵੀ ਨਾਲ ਕਰਵਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਨੂੰ ਆਤਮ-ਗਿਆਨੀ ਹੋਣ ਦੇ ਨਾਲ ਨਾਲ ਯੁੱਧ ਵਿੱਦਿਆ ਵਿਚ ਪ੍ਰਬੀਨ ਮਹਾਨ ਯੋਧੇ ਬਣਾ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਵੱਲੋਂ, *ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥* ਦੇ ਸਿਧਾਂਤ ਅਨੁਸਾਰ ਕਾਇਮ ਕੀਤੀ ਸੰਤ ਸਿਪਾਹੀ ਦੀ ਇਸੇ ਪ੍ਰਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦਾ ਰੂਪ ਦਿੱਤਾ ਤੇ ਸਿਖਰ 'ਤੇ ਪਹੁੰਚਾਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ੧੬੧੪ ਈ: ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਬਾਹਰ ਲੋਹਗੜ੍ਹ ਦੇ ਕਿਲ੍ਹੇ ਦੀ ਨੀਂਹ ਰੱਖੀ ਤੇ ਇਸ ਵਿਚ ਜੰਗ ਦਾ ਸਾਮਾਨ ਇਕੱਠਾ ਕਰਨਾ ਅਰੰਭ ਕਰ ਦਿਤਾ। ਗੁਰੂ ਜੀ ਦੀ ਉਮਰ ਇਸ ਵੇਲੇ ੧੯ ਸਾਲ ਦੀ ਸੀ। ਉਹ ਭਰ ਜਵਾਨੀ ਵਿਚ ਸਨ ਤੇ ਪਾਤਸ਼ਾਹਾਂ ਵਰਗੀ ਉਨ੍ਹਾਂ ਦੀ ਸ਼ਾਨ ਸੀ। ਗੁਰੂ ਜੀ ਦੀ ਨਿਰਾਲੀ ਸ਼ਖ਼ਸੀਅਤ ਦਾ ਵਰਣਨ ਭਾਈ ਗੁਰਦਾਸ ਜੀ ਨੇ ਇੰਝ ਕੀਤਾ ਹੈ:

*ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।*
*ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।*
*ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।*
*ਤੁਰੀਆ ਚੜ੍ਹਿ ਜਿਣਿ ਪਰਮ ਤਤੁ ਛਿਅ ਵਰਤਾਰੇ ਕੋਲੋ ਕੋਲਾ।*
*ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।*
*ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।*
*ਗਿਆਰਹ ਰੁਦ੍ਰ ਸਮੁੰਦ੍ਰ ਵਿਚਿ ਮਰਿ ਜੀਵੇ ਤਿਸੁ ਰਤਨੁ ਅਮੋਲਾ।*
*ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।*
*ਅੰਤਰਜਾਮੀ ਬਾਲਾ ਭੋਲਾ॥* *(ਵਾਰ ੩੯:੩)*

ਉਨ੍ਹਾਂ ਦੇ ਇਸ ਸਰੂਪ ਨੂੰ ਵੇਖ ਕੇ ਚੰਦੂ ਤੇ ਮਿਹਰਬਾਨ ਸੋਢੀ ਵਰਗੇ ਦੋਖੀਆਂ ਨੇ ਮਿਲ ਕੇ ਸੂਬਾ ਲਾਹੌਰ ਕਾਸਮ ਬੇਗ ਖਾਂ ਤੋਂ ਗੁਰੂ ਜੀ ਦੀ ਸ਼ਿਕਾਇਤ ਬਾਦਸ਼ਾਹ ਨੂੰ ਕਰਵਾ ਦਿੱਤੀ। ਜਹਾਂਗੀਰ ਇਕ ਕੱਟੜ ਮੁਸਲਮਾਨ ਬਾਦਸ਼ਾਹ ਸੀ ਜੋ ਕਾਜ਼ੀਆਂ, ਮੁਲਾਣਿਆਂ, ਸਖੀ ਸਰਵਰਾਂ ਅਤੇ ਨਕਸ਼ਬੰਦੀਆਂ ਦੇ ਪ੍ਰਭਾਵ ਹੇਠ ਕਾਰਜਸ਼ੀਲ ਸੀ ਅਤੇ ਉਹ ਗੁਰਮਤਿ ਦੀ ਇਸ ਜੋਤਿ ਨੂੰ ਸਦਾ ਲਈ ਸਮਾਪਤ ਕਰਨਾ ਚਾਹੁੰਦਾ ਸੀ। ਗੁਰਮਤਿ ਵਿਚਾਰਧਾਰਾ ਨੂੰ ਖਤਮ ਕਰਨ ਲਈ ਹੀ ਉਸਨੇ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਤੱਤੀ ਤਵੀ ਉੱਤੇ ਬਿਠਾ ਕੇ ਅਤੇ ਸੀਸ ਵਿਚ ਅੱਗ ਵਰਗਾ ਸੜਦਾ ਰੇਤ ਪਾ ਕੇ ਸ਼ਹੀਦ ਕਰ ਦਿੱਤਾ ਸੀ ਅਤੇ ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ

ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਸਿੱਖਾਂ ਲਈ ਗੁਰੂ ਜੀ ਦਾ ਕੈਦ ਹੋਣਾ ਬਹੁਤ ਦੁਖਦਾਈ ਅਤੇ ਸੰਕਟ ਭਰੀ ਸਥਿਤੀ ਸੀ। ਗੁਰੂ ਜੀ ਦੀ ਸ਼ਰਧਾ ਤੇ ਪ੍ਰੇਮ ਦੇ ਖਿੱਚੇ ਸਿੱਖ ਇਕੱਠੇ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਂਦੇ ਤੇ ਕਿਲ੍ਹੇ ਦੀਆਂ ਦੀਵਾਰਾਂ ਬਾਹਰ ਦੀਵਾਨ ਸਜਾ ਕੇ ਸ਼ਬਦ ਕੀਰਤਨ ਉਪਰੰਤ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਆਪਣੇ ਸਤਿਗੁਰਾਂ ਨੂੰ ਬਾਹਰੋਂ ਹੀ ਨਤਮਸਤਕ ਹੁੰਦੇ। ਸਿੱਖਾਂ ਦੀ ਇਹ ਸ਼ਰਧਾ ਭਗਤੀ ਗੁਰੂ ਪ੍ਰਤੀ ਸਿੱਖਾਂ ਦੇ ਪਿਆਰ ਦੀ ਅਦੁੱਤੀ ਮਿਸਾਲ ਸੀ। ਦਬਿਸਤਾਨ-ਏ-ਮਜ਼ਾਹਿਬ ਦਾ ਕਰਤਾ ਲਿਖਦਾ ਹੈ ਕਿ "ਇਹ ਬ੍ਰਿਤਾਂਤ ਮੈ ਆਪਣੀ ਅਖੀਂ ਦੇਖਿਆ ਹੈ ਕਿ "ਸਿੱਖ ਇਸਤਰੀ ਮਰਦ ਇਕੱਠੇ ਹੋ ਕੇ ਪੰਜਾਬ ਤੋਂ ਚੱਲਦੇ। ਰੋਜ਼ ਸੌ ਸੌ ਮੀਲ ਦਾ ਸਫ਼ਰ ਕਰਦੇ ਗਵਾਲੀਅਰ ਪਹੁੰਚਦੇ। ਕਿਲ੍ਹੇ ਦੀ ਕੰਧ ਨੂੰ ਮੱਥਾ ਟੇਕਦੇ, ਕੜਾਹ ਪ੍ਰਸ਼ਾਦ ਵਰਤਾਉਂਦੇ ਤੇ ਫੇਰ ਪੰਜਾਬ ਨੂੰ ਵਾਪਸ ਆ ਜਾਂਦੇ।" ਰਸਤੇ ਵਿਚ ਸਿੱਖ ਗੁਰਬਾਣੀ ਦੇ ਸ਼ਬਦ ਪੜ੍ਹਦੇ ਆਉਂਦੇ ਸਨ ਤੇ ਸ਼ਬਦ ਪੜ੍ਹਦੇ ਹੀ ਵਾਪਸ ਜਾਂਦੇ ਸਨ। ਸਿੱਖ ਧਰਮ ਵਿਚ ਨਗਰ ਕੀਰਤਨ ਤੇ ਪ੍ਰਭਾਤ ਫੇਰੀਆਂ ਦੀ ਪ੍ਰਥਾ ਦਾ ਅਰੰਭ ਇੱਥੋਂ ਹੀ ਹੋਇਆ ਹੈ।

ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਸੰਭਾਲਣ ਲਈ ਤੇ ਸਿੱਖੀ ਪ੍ਰਚਾਰ ਲਈ ਬੁਨਿਆਦੀ ਤੇ ਮਹੱਤਵਪੂਰਨ ਕਾਰਜ ਕੀਤੇ। ਜਿੱਥੇ ਜਿੱਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਚਰਨ ਪਏ ਸਨ, ਉਨ੍ਹਾਂ ਥਾਂਵਾਂ 'ਤੇ ਜਾ ਜਾ ਕੇ ਧਰਮ ਅਸਥਾਨ ਕਾਇਮ ਕਰਵਾਏ। ਇਹ ਅਸਥਾਨ ਸਦਾ ਲਈ ਸਿੱਖੀ ਦੇ ਪ੍ਰਚਾਰ ਕੇਂਦਰ ਬਣ ਗਏ। ਗੁਰੂ ਜੀ ਨੇ ਗੁਰਬਾਣੀ ਭਾਵੇਂ ਨਹੀਂ ਉਚਾਰੀ ਪਰ ਉਨ੍ਹਾਂ ਦੇ ਬਚਨ ਗੁਰਬਾਣੀ ਦਾ ਦਰਜਾ ਰੱਖਦੇ ਹਨ। ਉਨ੍ਹਾਂ ਦੇ ਬਚਨ ਅਤਿ ਸੰਖੇਪ ਅਤੇ ਭਾਵਪੂਰਤ ਹਨ। ਇਨ੍ਹਾਂ ਵਿੱਚੋਂ ਗੁਰਮਤਿ ਸਿਧਾਂਤ ਪੂਰੀ ਤਰਾਂ ਸਪਸ਼ਟ ਹੁੰਦਾ ਹੈ। ਗੁਰੂ ਜੀ ਦੇ ਇਹ ਬਚਨ ਹਵਾਲੇ ਵਜੋਂ ਆਮ ਵਰਤੇ ਜਾਂਦੇ ਹਨ। ਮਹਾਰਾਸ਼ਟਰ ਦੇ ਸੰਤ ਸਮਰਥ ਰਾਮਦਾਸ ਜਦੋਂ ਗੁਰੂ ਜੀ ਦੇ ਬਾਦਸ਼ਾਹੀ ਰੂਪ ਨੂੰ ਦੇਖ ਕੇ ਸੰਸਾ ਕਰਨ ਲੱਗੇ ਤਾਂ ਗੁਰੂ ਜੀ ਨੇ ਸੰਖੇਪ ਬਚਨ ਨਾਲ ਹੀ ਉਨ੍ਹਾਂ ਦਾ ਸੰਸਾ ਦੂਰ ਕਰ ਦਿੱਤਾ ਅਤੇ ਗੁਰਮਤਿ ਦਾ ਸਿਧਾਂਤ ਦ੍ਰਿੜ੍ਹ ਕਰਵਾ ਦਿੱਤਾ। ਗੁਰੂ ਜੀ ਨੇ ਬਚਨ ਕੀਤਾ ਸੀ:

*ਬਾਤਿਨ ਫਕੀਰੀ। ਜ਼ਾਹਿਰ ਅਮੀਰੀ।*

ਇਸੇ ਤਰ੍ਹਾਂ ਗੁਜਰਾਤ ਵਿਚ ਜਦੋਂ ਪੀਰ ਸ਼ਾਹ ਦਉਲਾ ਦੇ ਇਕ ਮੁਰੀਦ ਜਹਾਂਗੀਰ ਸ਼ਾਹ ਨੇ ਗੁਰੂ ਜੀ ਦੇ ਕੋਲ ਆ ਕੇ ਇਹ ਵੰਗਾਰ ਪਾਉਣ ਵਾਲੇ ਸੁਆਲ ਕੀਤੇ (੧) ਹਿੰਦੂ ਕਿਆ ਤੇ ਪੀਰ ਕਿਆ (੨) ਔਰਤ ਕਿਆ ਤੇ ਫਕੀਰ ਕਿਆ (੩) ਦੌਲਤ ਕਿਆ ਤੇ ਤਿਆਗ ਕਿਆ (੪) ਪੁੱਤਰ ਕਿਆ ਤੇ ਵੈਰਾਗ ਕਿਆ?

ਗੁਰੂ ਜੀ ਨੇ ਇਨ੍ਹਾਂ ਗੰਭੀਰ ਪ੍ਰਸ਼ਨਾਂ ਦਾ ਉੱਤਰ ਬੜੀ ਸਾਦਗੀ ਤੇ ਸੰਖੇਪਤਾ ਨਾਲ ਦਿੱਤਾ।

(੧) ਪੀਰੀ ਰੱਬ ਦਾ ਦਾਨ ਹੈ।
(੨) ਔਰਤ ਈਮਾਨ ਹੈ।
(੩) ਦੌਲਤ ਗੁਜ਼ਰਾਨ ਹੈ।
(੪) ਪੁੱਤਰ ਨਿਸ਼ਾਨ ਹੈ।

ਗਵਾਲੀਅਰ ਦੇ ਕਿਲ੍ਹੇ ਵਿਚ ਜਹਾਂਗੀਰ ਨੇ ਅਨੇਕਾਂ ਭਾਰਤੀ ਰਾਜੇ ਕੈਦ ਕਰ ਕੇ ਰੱਖੇ ਹੋਏ ਸਨ। ਉਹ ਸਾਰੇ ਗੁਰੂ ਜੀ ਦੇ ਸ਼ਰਧਾਲੂ ਹੋ ਗਏ। ਉੱਥੋਂ ਦਾ ਕਿਲ੍ਹੇਦਾਰ ਹਰਦਾਸ ਵੀ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਸਿੱਖਾਂ ਦੀਆਂ ਅਰਦਾਸਾਂ ਸਫ਼ਲ ਹੋਈਆਂ। ਸਿੱਖਾਂ ਦੀ ਅਟੁੱਟ ਸ਼ਰਧਾ ਤੇ ਇਲਾਕੇ ਵਿਚ ਫੈਲੀ ਬੇਚੈਨੀ ਨੂੰ ਵੇਖ ਕੇ ਜਹਾਂਗੀਰ ਦਾ ਮਨ ਬਦਲ ਗਿਆ। ਉਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਕਰ ਦਿੱਤਾ। ਗੁਰੂ ਜੀ ਦੀ ਰਿਹਾਈ ਦੀ ਖ਼ਬਰ ਸੁਣ ਕੇ ਹਿੰਦੂ ਰਾਜੇ ਭੈ-ਭੀਤ ਅਤੇ ਉਪਰਾਮ ਹੋ ਗਏ ਅਤੇ ਉਨ੍ਹਾਂ ਨੇ ਗੁਰੂ ਜੀ ਅੱਗੇ ਆਪਣੀ ਰਿਹਾਈ ਲਈ ਪੁਕਾਰ ਕੀਤੀ। ਗੁਰੂ ਜੀ ਬਹੁਤ ਹੀ ਨੇਕ ਦਿਲ ਪਰਉਪਕਾਰੀ ਮਹਾਂਪੁਰਖ ਸਨ। ਉਨ੍ਹਾਂ ਨੇ ਸ਼ਰਤ ਰੱਖੀ ਕਿ ਉਨ੍ਹਾਂ ਦੇ ਨਾਲ ਕੈਦ ਕੀਤੇ ਰਾਜਿਆਂ ਨੂੰ ਵੀ ਰਿਹਾਅ ਕੀਤਾ ਜਾਵੇ। ਗੁਰੂ ਜੀ ਦੀ ਇਹ ਸ਼ਰਤ ਵੀ ਪ੍ਰਵਾਨ ਕੀਤੀ ਗਈ ਤੇ ਉਨ੍ਹਾਂ ਦੇ ਨਾਲ ੫੨ ਰਾਜੇ ਉਨ੍ਹਾਂ ਦੇ ਚੋਲੇ ਦੀਆਂ ਤਣੀਆਂ ਫੜ ਕੇ ਬਾਹਰ ਆ ਗਏ। ਇਸ ਕਰਕੇ ਉਨ੍ਹਾਂ ਨੂੰ 'ਬੰਦੀ ਛੋੜ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਬੰਦੀ ਛੋੜ ਪਰਮਾਤਮਾ ਦਾ ਵਿਸ਼ੇਸ਼ ਗੁਣ ਹੈ। ਪਰਮਾਤਮਾ ਜੀਵ ਦੇ ਬੰਧਨ ਕੱਟ ਕੇ ਉਸ ਨੂੰ ਮੁਕਤੀ ਪ੍ਰਦਾਨ ਦਰ ਦਿੰਦਾ ਹੈ। *ਗੁਰੁ ਪਰਮੇਸਰੁ ਏਕੋ ਜਾਣੁ॥* ਅਨੁਸਾਰ ਰੱਬ ਰੂਪ ਸਤਿਗੁਰੂ ਵੀ ਬੰਦੀ ਛੋੜ ਹੈ। ਉਹ ਸਿੱਖ ਦੇ ਭਰਮ ਭੁਲੇਖੇ, ਵਿਸ਼ੇ-ਵਿਕਾਰ ਅਤੇ ਦੁੱਖਾਂ ਰੋਗਾਂ ਆਦਿ ਤੋਂ ਮਨੁੱਖ ਨੂੰ ਨਿਜਾਤ ਦਿਵਾਉਂਦਾ ਹੈ। ਗੁਰੂ ਜੀ ਨੇ ਭਾਰਤੀ ਲੋਕਾਂ ਨੂੰ ਕਰਮ-ਕਾਂਡ ਆਦਿ ਅਨੇਕਾਂ ਬੰਧਨਾਂ ਤੋਂ ਮੁਕਤ ਕਰ ਕੇ ਸਿੱਧਾ ਇਕ ਅਕਾਲ ਜੋਤ ਦੇ ਲੜ ਲਾਇਆ।ਸਭ ਤੋਂ ਵੱਡਾ ਇਸਲਾਮ ਦੇ ਰਾਜ ਦਾ ਡਰ ਅਤੇ ਬੰਧਨ ਸੀ। ਗੁਰੂ ਜੀ ਨੇ ਇਸਲਾਮੀ ਰਾਜ ਦਾ ਭੈਅ ਖਤਮ ਕਰ ਦਿੱਤਾ ਅਤੇ ਜਿੱਥੇ ਪੰਜਾਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕਰ ਕੇ ਅਧਿਆਤਮ ਦਾ ਸੱਚਾ ਸੁੱਚਾ ਰਾਜ ਕਾਇਮ ਕਰ ਦਿੱਤਾ ਸੀ। ਉੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਥਾਪਨਾ ਕਰ ਕੇ ਅਤੇ ਦੋ ਕੇਸਰੀ-ਖਾਲਸਈ ਪਰਚਮ-ਨਿਸ਼ਾਨ ਸਾਹਿਬ ਝੁਲ ਕੇ ਰਾਜਨੀਤਕ ਪੱਖ ਤੋਂ ਵੀ ਅਜ਼ਾਦੀ ਦਾ ਅਹਿਸਾਸ ਭਾਰਤੀ ਲੋਕਾਂ ਨੂੰ ਕਰਵਾਇਆ। ਇਸ ਤਰ੍ਹਾਂ ਸਤਿਗੁਰੂ ਮਨੁੱਖਾਂ ਦੇ ਦੁੱਖਾਂ-ਕਲੇਸ਼ਾਂ ਦਾ ਨਾਸ਼ ਕਰ ਕੇ ਖੁਸ਼ੀਆਂ ਤੇ ਖੇੜੇ ਪ੍ਰਦਾਨ ਕਰਦਾ ਹੈ ਤੇ ਮਨੁੱਖ ਦੀ ਬੰਦ-ਖਲਾਸੀ ਕਰਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ:

*-ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥*
*ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥* *(ਪੰਨਾ ੧੦੦੨)*
*-ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ॥*
*ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ॥*
*ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ॥*
*ਹਰਿ ਜੀਉ ਨਿਮਾਣਿਆ ਤੂ ਮਾਣੁ॥*
*ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ॥ ਰਹਾਉ॥*
*(ਪੰਨਾ ੬੨੪)*

ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਗੁਰੂ ਜੀ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਣਾ ਇਕ ਬਹੁਤ ਖੁਸ਼ੀ ਦਾ ਅਵਸਰ ਸੀ। ਕੁਦਰਤੀ ਉਸ ਦਿਨ ਦੀਵਾਲੀ ਦਾ ਦਿਨ

ਸੀ ਜਿਸ ਨੂੰ ਭਾਰਤ-ਵਾਸੀ ਬੜੇ ਚਾਅ ਨਾਲ ਮਨਾਉਂਦੇ ਹਨ। ਸਿੱਖਾਂ ਨੇ ਗੁਰੂ ਸਾਹਿਬ ਦੀ ਆਮਦ ਦੇ ਖੁਸ਼ੀ ਵਿਚ ਵਧ-ਚੜ੍ਹ ਕੇ ਦੀਪਮਾਲਾ ਕਰਵਾਈ। ਉਦੋਂ ਤੋਂ ਹੀ ਸਾਰੇ ਸਿੱਖ ਜਗਤ ਵੱਲੋਂ ਅਤੇ ਖਾਸ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਦੀਵਾਲੀ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸ਼ਾਮ ਨੂੰ ਦੀਪਮਾਲਾ ਹੁੰਦੀ ਹੈ। ਇਹ ਦੀਪਮਾਲਾ ਗਿਆਨ ਤੇ ਖੁਸ਼ੀ ਦਾ ਪ੍ਰਤੀਕ ਹੈ ਜੋ ਸਤਿਗੁਰਾਂ ਨੇ ਭਾਰਤ ਦੇ ਲੋਕਾਂ ਨੂੰ ਪ੍ਰਦਾਨ ਕੀਤੀ ਹੈ। ਉਨ੍ਹਾਂ ਨੇ ਅਗਿਆਨਤਾ ਤੇ ਗ਼ੁਲਾਮੀ ਤੋਂ ਸੁਤੰਤਰਤਾ ਦੀ ਭਾਵਨਾ ਦਾ ਚਾਨਣ ਬਖ਼ਸ਼ਿਆ ਹੈ। ਮਨੁੱਖਤਾ ਗੁਰੂ ਸਾਹਿਬ ਦੀ ਸੋਚ ਅਤੇ ਕੁਰਬਾਨੀ ਦੀ ਸਦਾ ਰਿਣੀ ਰਹੇਗੀ। ਭਾਰਤ ਵਿਚ ਇਹ ਕਹਾਵਤ ਮਸ਼ਹੂਰ ਹੈ, "ਦਾਲ ਰੋਟੀ ਘਰ ਦੀ ਅਤੇ ਦੀਵਾਲੀ ਅੰਮ੍ਰਿਤਸਰ ਦੀ।" ਭਾਈ ਗੁਰਦਾਸ ਜੀ ਇਸ ਸੰਬੰਧੀ ਇਉਂ ਫੁਰਮਾਉਂਦੇ ਹਨ:

*ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।*
*ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।*
*ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।*
*ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।*
*ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।*
*ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ॥* *(ਵਾਰ ੧੯:੬)*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ੩ ਮਾਰਚ ੧੬੪੪ ਈ. (੭ ਚੇਤਰ, ੧੭੦੧ ਬਿ.) ਨੂੰ ਆਪਣੇ ਜੋਤੀ ਜੋਤ ਸਮਾਉਣ ਤੋਂ ਦੋ ਸਾਲ ਪਹਿਲਾਂ ਹੀ ਭਾਈ ਗੁਰਦਿੱਤਾ ਜੀ ਦੇ ਸਪੁੱਤਰ ਆਪਣੇ ਪੋਤਰੇ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਗੁਰਤਾਗੱਦੀ ਸੌਂਪ ਦਿੱਤੀ ਅਤੇ ਮਾਤਾ ਨਾਨਕੀ ਜੀ ਨੂੰ ਆਪਣੇ ਸਪੁੱਤਰ ਸ੍ਰੀ (ਗੁਰੂ) ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਨੂੰ ਬਾਬੇ ਬਕਾਲੇ ਭੇਜ ਦਿੱਤਾ। ਇੱਥੇ ਇਹ ਜ਼ਿਕਰਯੋਗ ਹੈ ਕਿ ਮਗਰੋਂ ਜਾ ਕੇ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਦਾਦਾ ਸ੍ਰੀ (ਗੁਰੂ) ਤੇਗ਼ ਬਹਾਦਰ ਜੀ *ਬਾਬਾ ਵਸਹਿ ਗ੍ਰਾਮ ਬਕਾਲੇ* ਨੂੰ ਗੁਰਤਾਗੱਦੀ ਸੌਂਪ ਦਿੱਤੀ ਭਾਵ ਪਹਿਲਾਂ ਦਾਦਾ ਗੁਰੂ ਨੇ ਆਪਣੇ ਪੋਤਰੇ ਨੂੰ ਅਤੇ ਮਗਰੋਂ (ਗੁਰੂ) ਪੋਤਰੇ ਨੇ ਆਪਣੇ ਦਾਦਾ ਜੀ ਨੂੰ ਗੁਰਤਾਗੱਦੀ ਸੌਂਪ ਦਿੱਤੀ। ਇੰਝ ਇਹ ਬੜੀ ਅਸਚਰਜ ਖੇਡ ਹੀ ਵਰਤੀ।

ਸਮਾਂ ਆਉਣ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਤੇ ਭਗਤੀ, ਮੀਰੀ ਤੇ ਪੀਰੀ, ਸ਼ਾਸਤਰ ਤੇ ਸ਼ਸਤਰ ਦੇ ਸਮੇਲ ਵਿੱਚੋਂ ਹੀ ਅਦੁੱਤੀ ਖਾਲਸਾ, ਸਚਿਆਰ ਮਨੁੱਖ, ਸੰਤ-ਸਿਪਾਹੀ ਦੇ ਰੂਪ ਵਿਚ ਜਗਤ ਸਾਹਮਣੇ ਪਰਗਟ ਕੀਤਾ ਜਿਸ ਨੇ ਭਾਰਤ ਦਾ ਨਕਸ਼ਾ ਅਤੇ ਇਤਿਹਾਸ ਹੀ ਬਦਲ ਦਿੱਤਾ। ਪਰੰਤੂ ਅੱਜ ਜੋ ਨਿਘਾਰ ਤੇ ਗਿਰਾਵਟ ਸਿੱਖ ਸਮਾਜ ਅੰਦਰ ਆ ਗਈ ਉਹ ਚਿੰਤਾ ਦਾ ਵਿਸ਼ਾ ਹੈ। ਅਸੀਂ ਆਤਮਿਕ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਹੋ ਰਹੇ ਹਾਂ। ਸਗੋਂ ਭਰਮ, ਭੁਲੇਖੇ, ਕਰਮ-ਕਾਂਡ, ਵਲ-ਛਲ, ਨਸ਼ੇ, ਪੰਥ-ਪ੍ਰਸਤੀ ਦੀ ਥਾਂ ਨਿੱਜ-ਪ੍ਰਸਤੀ ਆਦਿ ਸਿੱਖੀ ਨੂੰ ਘੁਣ ਵਾਂਗ ਖਤਮ ਕਰ ਰਹੇ ਹਨ। ਅੱਜ ਲੋੜ ਹੈ ਸੁਚੇਤ ਹੋ ਕੇ ਰਸਾਤਲ ਵੱਲ ਇਸ ਕੂਚ ਨੂੰ ਰੋਕੀਏ ਅਤੇ ਸਿੰਘ ਸਭਾ ਲਹਿਰ ਦੀ ਤਰਜ਼ ਉੱਤੇ ਖਾਲਸਾ ਪੁਨਰ-ਸੁਰਜੀਤੀ ਦੀ ਲਹਿਰ ਅਰੰਭੀਏ ਤਾਂ ਜੋ ਮੁੜ ਖਾਲਸਈ ਸ਼ਾਨ ਬਹਾਲ ਹੋ ਸਕੇ।■

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਰਾਗ ਦਾ ਸੰਕਲਪ

*-ਡਾ. ਸਰਬਜੀਤ ਕੌਰ**

ਗੁਰਬਾਣੀ ਸੰਸਾਰ ਅੰਦਰ ਲੌਕਿਕਤਾ ਅਤੇ ਪਾਰਲੌਕਿਕਤਾ ਇੱਕ-ਦੂਜੇ ਦੇ ਸਮਵਿੱਥ ਚਲਦੀਆਂ ਹਨ। ਇਹ ਕਹਿਣਾ ਵਧੇਰੇ ਉੱਚਿਤ ਹੋਵੇਗਾ ਕਿ ਇਹ ਇੱਕ-ਦੂਜੇ ਦੇ ਪੂਰਕ ਰਿਸ਼ਤੇ ਵਿਚ ਬੱਝੀਆਂ ਹੋਈਆਂ ਹਨ। *ਧਰਤੀ ਥਾਪਿ ਰਖੀ ਧਰਮ ਸਾਲ* ਵਾਲੀ ਤੁਕ ਨੂੰ ਸਮਝਦਿਆਂ ਮਨੁੱਖ ਨੂੰ ਸੋਝੀ ਹੁੰਦੀ ਹੈ ਕਿ ਧਰਤੀ ਧਰਮਸਾਲ ਹੈ, ਕਰਮਭੂਮੀ ਹੈ, ਜੀਉਣ ਦਾ ਖੇਤਰ ਹੈ ਇਸ ਕਰਕੇ ਇੱਥੇ ਦੁੱਖ-ਸੁੱਖ, ਜੀਵਨ-ਮੌਤ, ਖ਼ੁਸ਼ੀ-ਗਮੀ, ਮਿਲਾਪ-ਵਿਛੋੜਾ, ਵੈਰਾਗ-ਮੁਕਤੀ ਆਦਿ ਦਾ ਹੋਣਾ ਸੁਭਾਵਿਕ ਹੈ। ਬਾਣੀਕਾਰਾਂ ਨੇ ਆਪਣੇ ਵਿਚਾਰਾਂ ਰਾਹੀਂ ਬ੍ਰਹਮ ਤੇ ਮਨੁੱਖ ਭਾਵ ਜੀਵਾਤਮਾ ਅਤੇ ਪਰਮਾਤਮਾ ਦੀ ਗੱਲ ਕੀਤੀ ਹੈ। ਜੀਵਾਤਮਾ ਧਰਤੀ 'ਤੇ ਰਹਿ ਕੇ ਸ਼ੁੱਭ ਅਮਲਾਂ ਰਾਹੀਂ ਪਰਮਾਤਮਾ ਨਾਲ ਅਭੇਦ ਹੋਣਾ ਲੋਚਦੀ ਹੈ। ਇਹੀ ਉਸ ਦੀ ਪੂਰਨਤਾ ਹੈ, ਦੂਸਰਾ ਨਾਮ ਮੁਕਤੀ ਵੀ ਇਸੇ ਦਾ ਹੈ ਕਿਉਂਕਿ ਆਤਮਾ ਅਜਨਮਾ, ਅਵਿਨਾਸ਼ੀ ਅਤੇ ਅਮਰ ਹੈ। ਜੀਵ ਅੰਤਰਮੁਖੀ ਅਤੇ ਬਾਹਰਮੁਖੀ ਬਿਰਤੀਆਂ ਵਾਲਾ ਹੁੰਦਾ ਹੈ। ਬਾਹਰਮੁਖੀ ਬਿਰਤੀਆਂ ਉਸ ਨੂੰ ਸੰਸਾਰ ਦੇ ਲੋਭਾਂ ਵੱਲ ਖਿੱਚਦੀਆਂ ਹਨ ਅਤੇ ਅੰਤਰਮੁਖੀ ਬਿਰਤੀਆਂ ਪਰਮਾਤਮਾ ਵੱਲ ਪ੍ਰੇਰਿਤ ਕਰਦੀਆਂ ਹਨ।

ਮਾਨਵੀ ਜੀਵਨ-ਜਾਚ ਅਤੇ ਬਾਣੀ ਸੰਸਾਰ ਦੇ ਮੂਲ ਸਰੋਕਾਰ ਇਕ ਦੂਜੇ ਤੋਂ ਵਿਭਿੰਨ ਹਨ। ਸਾਧਾਰਨ ਮਾਨਵੀ ਜੀਵਨ ਪ੍ਰਵਿਰਤੀ ਸਮਾਜਿਕ ਮੁੱਲਾਂ 'ਤੇ ਆਧਾਰਿਤ, ਤੇ ਪ੍ਰਭਾਵਿਤ ਹੁੰਦੀ ਹੈ ਕਿਉਂਕਿ ਮਨੁੱਖੀ ਮਰਯਾਦਾ ਸਮਾਜ ਦੁਆਰਾ ਰੇਖਾਂਕਿਤ ਕੀਤੀ ਹੁੰਦੀ ਹੈ। ਸੋ ਅਜਿਹੇ ਨਿਸ਼ਚਿਤ ਪੈਟਰਨ ਦੇ ਅੰਦਰ ਕਾਰ-ਵਿਹਾਰ ਕਰਦਾ ਹੋਇਆ ਮਨੁੱਖ ਆਪਣੀ ਕਾਰਗੁਜਾਰੀ ਲਈ ਨਿੱਕੇ-ਵੱਡੇ ਹਿੱਤਾਂ ਨਾਲ ਜੁੜਿਆ ਰਹਿੰਦਾ ਹੈ। ਮਨੁੱਖੀ ਜ਼ਿੰਦਗੀ ਬਸਰ ਕਰਨ ਦੀ ਤਮੰਨਾ ਉਸ ਨੂੰ ਮਾਇਆ ਵੱਲ ਪ੍ਰੇਰਦੀ ਹੈ। ਇਹ ਮਾਇਆ ਦਾ ਮੋਹ ਉਸ ਨੂੰ ਵਿਅਕਤੀਗਤ ਬਣਾਉਂਦਾ ਹੈ। ਦੂਜੇ ਪਾਸੇ ਮਨੁੱਖ ਦੇ ਜੀਵਨ ਦਾ ਜੋ ਆਦਰਸ਼ ਸ੍ਰੀ ਗੁਰੂ ਅਰਜਨ ਦੇਵ ਨੇ ਪ੍ਰਸਤੁਤ ਕੀਤਾ ਹੈ ਉਹ ਸਮਾਜਿਕ ਮੁੱਲਾਂ ਤੋਂ ਵਿਭਿੰਨ ਹਨ। ਉਸ ਦੇ ਸਰੋਕਾਰ ਵੱਖਰੇ ਹਨ। ਇਸ ਵੱਖਰੇ ਸੰਸਾਰ ਨੂੰ ਅਸੀਂ ਪਾਰਲੌਕਿਕ ਸੰਸਾਰ ਵੀ ਕਹਿ ਸਕਦੇ ਹਾਂ।

ਡਾ. ਅਮਰਜੀਤ ਸਿੰਘ ਦਾ ਵਿਚਾਰ ਹੈ "ਇਸ ਸੰਸਾਰ ਵਿਚ ਮਨੁੱਖ ਆਪਣੀ ਲੌਕਿਕਤਾ ਤੋਂ ਪਾਰ ਜਾਣ ਦੀ ਯਾਤਰਾ ਤੈਅ ਕਰਦਾ ਹੈ। ਲੌਕਿਕਤਾ ਆਮ ਮਨੁੱਖੀ ਜੀਵਨ ਨਾਲ ਸੰਬੰਧਿਤ ਹੈ ਜਦਕਿ ਪਾਰਲੌਕਿਕਤਾ ਸਧਾਰਨ ਤੋਂ ਅਸਾਧਾਰਨ ਹੋ ਜਾਣ ਵਿਚ ਹੈ, ਆਪਣੇ ਆਪ ਤੋਂ ਪਾਰ ਜਾ ਕੇ ਅਜਿਹੇ ਸੰਸਾਰ ਨਾਲ ਜੁੜਨਾ ਹੈ ਜੋ ਅਗੰਮ ਅਗੋਚਰ ਹੈ। ਇਸ ਅਗੰਮ ਅਗਚੋਰ ਸੰਸਾਰ ਨਾਲ ਜੁੜਨ ਦੀ ਜਾਚ ਸਿਖਾਉਣੀ ਹੀ ਧਰਮ ਦਾ ਆਦਿ ਤੇ ਅੰਤ ਬਿੰਦੂ ਹੈ"।[੧]

ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਇਸ ਬਾਗ ਦਾ ਕੋਈ ਮਾਲੀ ਹੈ ਜਿਸ ਨੇ ਹਰ ਬੂਟੇ ਨੂੰ ਜਨਮ ਦਿੱਤਾ ਹੈ ਤੇ ਪ੍ਰਫੁੱਲਿਤ ਕੀਤਾ ਹੈ। ਇਸ ਜਗਤ ਮੰਦਰ ਦਾ ਕੋਈ

**ਪੰਜਾਬੀ ਵਿਭਾਗ, ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ; ਮੋ: +੯੧੯੪੭੮੯-੫੮੪੯੩*

ਸਿਰਜਣਹਾਰ ਹੈ ਜਿਸ ਨੇ ਇਸ ਦੀ ਹਰ ਇੱਟ ਕਾਰੀਗਰੀ ਨਾਲ ਲਾਈ ਹੈ, ਇਸ ਚਿੱਤਰ ਦਾ ਕੋਈ ਚਿੱਤਰਕਾਰ ਹੈ ਜਿਸ ਨੇ ਇਸ ਅਨੋਖੀ ਤਸਵੀਰ ਨੂੰ ਕਲਾ-ਕੌਸ਼ਲ ਨਾਲ ਚਿਤਿਰਤ ਕੀਤਾ ਹੈ। ਪਰ ਇਹ ਸਿਰਜਣਹਾਰ ਕਲਾਕਾਰ ਗੁਪਤ ਵਰਤਦਾ ਹੈ, ਦਿਸਦਾ ਨਹੀਂ। ਇੰਨੀ ਵੱਡੀ ਦੁਨੀਆ ਨੂੰ ਬਣਾਉਣ ਵਾਲਾ ਅਪ੍ਰਗਟ ਰੂਪ ਵਿਚ ਰਹਿ ਕੇ ਇਸ ਸਭ ਕੁਝ ਦਾ ਸੰਚਾਲਨ ਕਰ ਰਿਹਾ ਹੈ, ਇਹ ਇਕ ਵਿਸਮਾਦਮਈ ਘਟਨਾ ਹੈ"।[2]

ਮਨੁੱਖ ਦੀ ਤੀਖਣ ਬੁੱਧੀ, ਗਿਆਨ, ਜਗਿਆਸੂ ਭਾਵਨਾ ਉਸ ਰਹੱਸ ਨੂੰ ਪ੍ਰਤੱਖ ਦੇਖਣ ਲਈ ਉਤਸੁਕ ਹੁੰਦੀ ਹੈ। ਇਸ ਰਹੱਸ ਤਕ ਪਹੁੰਚਣ ਲਈ ਮਨੁੱਖ ਨੂੰ ਪਵਿੱਤਰਤਾ, ਸੱਚੀ-ਸੁੱਚੀ ਕਿਰਤ, ਸ਼ੁੱਭ ਬੋਲ ਤੇ ਸ਼ੁੱਭ ਵਿਹਾਰ ਨੂੰ ਅਪਣਾ ਕੇ ਆਪਣੇ ਆਪ ਨੂੰ ਕੁੰਦਨ ਵਾਂਗ ਕਰਨਾ ਹੈ। ਕਿਉਂਕਿ ਇਸ ਤੋਂ ਬਿਨਾ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਜਿਸ ਜੀਵਾਤਮਾ ਦੀ ਉਸ ਪਰਮ ਸ਼ਕਤੀ ਤਕ ਪਹੁੰਚ ਸੰਭਵ ਹੋ ਜਾਏ ਤਾਂ ਉਸ ਦਾ ਰੂਪ ਕਈ ਰੂਪ ਵਟ ਲੈਂਦਾ ਹੈ। ਪਹਿਲਾ ਰੂਪ ਪ੍ਰਸੰਨਤਾ, ਦੂਸਰਾ ਖਾਮੋਸ਼ੀ, ਤੀਸਰਾ ਸੰਸਾਰ ਤੋਂ ਉਪਰਾਮਤਾ ਅਤੇ ਚੌਥਾ ਤੇ ਆਖਰੀ ਰੂਪ ਸੰਗੀਤਮਈ ਹੋਣਾ ਤੇ ਵੈਰਾਗ ਦਾ ਅਨੁਭਵ ਹੋਣਾ।

ਜਨ-ਸਧਾਰਨ ਵਿਚ ਵੈਰਾਗ ਸ਼ਬਦ ਦੇ ਵਰਤੋਂ ਦੀ ਬਹੁਤਾਤ ਨਹੀਂ, ਜਦਕਿ ਧਾਰਮਿਕ ਸ਼ਬਦਾਵਲੀ ਦਾ ਇਹ ਅੰਗ ਬਣਿਆ ਰਿਹਾ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ "ਵੈਰਾਗ ਦਾ ਅੱਖਰੀ ਅਰਥ ਹੈ ਰਾਗ ਦਾ ਅਨੁਭਵ"।[3]

ਭਾਵ ਪਿਆਰ ਤੋਂ ਟੁੱਟਿਆ ਹੋਇਆ। ਜਿੱਥੇ ਪਿਆਰ ਦੀ ਟੁੱਟ ਕਾਰਨ ਇਹ ਅਵਸਥਾ ਉਪਜਦੀ ਹੈ, ਉੱਥੇ ਕਿਸੇ ਦੇ ਪਿਆਰ ਵਿਚ ਸੁਧ-ਬੁੱਧ ਖੋਹ ਕੇ ਜੁੜਨਾ ਵੀ ਵੈਰਾਗ ਦੇ ਅੰਤਰਗਤ ਆਉਂਦਾ ਹੈ।ਦੁਨਿਆਵੀ ਮੋਹ ਤੋਂ ਟੁੱਟ ਕੇ ਰੱਬੀ ਪਿਆਰ ਵਿਚ ਜੁੜਨਾ ਹੀ ਵੈਰਾਗ ਹੈ ਕਿਉਂਕਿ ਲੌਕਿਕ ਸੰਸਾਰ ਅੰਦਰ ਪਦਾਰਥਾਂ ਦੀ ਖਿੱਚ ਹੈ ਪਰ ਮਨੁੱਖ ਇਸ ਲੌਕਿਕ ਸੰਸਾਰ ਤੋਂ ਤੁਰ ਕੇ ਪਾਰਲੌਕਿਕ ਸੰਸਾਰ ਵੱਲ ਜਾਣਾ ਲੋਚਦਾ ਹੈ। ਜਿੱਥੇ ਉਸ ਨੇ ਸਧਾਰਨ ਤੋਂ ਅਸਾਧਾਰਨ ਹੋਣਾ ਹੈ। ਸਧਾਰਨ ਮਾਨਵੀ ਜੀਵਨ ਅੰਦਰ ਸੰਤਾਪ ਪਦਾਰਥਕ ਸੁੱਖਾਂ ਦੇ ਨਾ ਪ੍ਰਾਪਤ ਹੋਣ ਵਿਚ ਹੈ ਜਦਕਿ ਅਸਧਾਰਨ ਅੰਦਰ ਵੈਰਾਗ ਉਸ ਰੱਬੀ ਦਰਸ਼ਨਾਂ ਦੀ ਚਾਹਤ ਤੋਂ ਉਪਜਿਆ ਹੈ। ਇਸ ਸੰਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਇਹ ਪੰਕਤੀਆਂ ਦਰਸ਼ਨ ਦੀ ਲੋਚਾ ਦੇ ਵੈਰਾਗ ਨੂੰ ਪ੍ਰਗਟਾਉਂਦੀਆਂ ਹਨ:

*-ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ . . .*
*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ . . .*
*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥* *(ਪੰਨਾ ੯੬)*

ਵੈਰਾਗ ਦੇ ਇਸ ਅਰਥ ਨਾਲ ਰਾਮ ਚੰਦਰ ਵਰਮਾ ਵੀ 'ਸੰਖਿਪਤ ਹਿੰਦੀ ਸ਼ਬਦ ਸਾਗਰ' ਵਿਚ ਸਹਿਮਤੀ ਪ੍ਰਗਟਾਉਂਦੇ ਹਨ "ਵੈਰਾਗ ਦਾ ਸ਼ਾਬਦਿਕ ਅਰਥ ਹੈ ਜਗਤ ਦੇ

ਝੰਝਟਾਂ ਤੋਂ ਹਟਾ ਕੇ ਈਸ਼ਵਰ ਵੱਲ ਜਾਣ ਵਾਲੀ ਮਨ ਦੀ ਬਿਰਤੀ"।[੪]

ਗੁਰਬਾਣੀ ਨਾਸ਼ਮਾਨਤਾ ਤੋਂ ਮਨੁੱਖ ਨੂੰ ਜਾਗਰੂਕ ਕਰਾਉਂਦੀ ਹੈ। ਬਾਣੀ ਅੰਦਰ ਜਿੱਥੇ ਵੀ ਨਾਸ਼ਮਾਨਤਾ ਦਾ ਜ਼ਿਕਰ ਆਉਂਦਾ ਹੈ, ਉੱਥੇ ਹੀ ਵਿਚਾਰ ਬੜਾ ਸਪਸ਼ਟ ਰੂਪ ਵਿਚ ਦ੍ਰਿੜ੍ਹ ਕਰਵਾਇਆ ਹੈ ਕਿ ਮੋਹ-ਮਾਇਆ ਦੀ ਪ੍ਰਾਪਤੀ ਵਿਚ ਲੱਗ ਕੇ ਸਹੀ ਮਾਰਗ ਨੂੰ ਭੁੱਲ ਜਾਣਾ ਇਕ ਅਜਿਹੀ ਖਿੱਚ ਹੈ ਜਿਸ ਤੋਂ ਨਿਰਲੇਪ ਰਹਿਣਾ ਅਤੀ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਇਨ੍ਹਾਂ ਪ੍ਰਤੀਮਾਨਾਂ ਦੀ ਖਿੱਚ ਪਿੱਛੇ ਮਨੁੱਖ ਦੀ ਮੂਲ ਭਾਵਨਾ ਨੂੰ ਵੱਖ-ਵੱਖ ਕੋਣਾਂ ਤੋਂ ਸਾਡੇ ਸਾਹਮਣੇ ਲਿਆਉਂਦੀ ਹੈ:

*ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥*
*ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥* *(ਪੰਨਾ ੨੨੦)*

ਵੈਰਾਗ ਦਾ ਉਪਜਣਾ ਕਈ ਕਾਰਨਾਂ ਕਰਕੇ ਮੰਨਿਆ ਗਿਆ ਹੈ। ਕਿਸੇ ਦੇ ਪਿਆਰ ਵਿਚ ਉਦਾਸ ਹੋ ਜਾਣਾ, ਕਿਸੇ ਦੀ ਯਾਦ ਵਿਚ ਇਉਂ ਤੜਫਨਾ ਕਿ ਹੋਰ ਕੁਝ ਚੇਤੇ ਨਾ ਰਹੇ। ਕੇਵਲ ਉਸ ਦੇ ਦਰਸ਼ਨਾਂ ਦੀ ਤਾਂਘ ਹੀ ਮੂਲ ਇੱਛਾ ਹੋਵੇ। ਡਾ. ਰਜਿੰਦਰਪਾਲ ਜੋਸ਼ ਵੀ ਇਸ ਤਰ੍ਹਾਂ ਹੀ ਵੈਰਾਗ ਨੂੰ ਵਿਆਖਿਆਉਂਦੇ ਹਨ "ਵੈਰਾਗ ਦਾ ਭਾਵਰਥ ਸੰਸਾਰ ਵੱਲੋਂ ਉਦਾਸੀਨਤਾ ਜੀਵ ਦਾ ਪਰਮਾਤਮਾ ਨਾਲ ਡੂੰਘਾ ਲਗਾਉ ਹੋ ਜਾਣਾ। ਉਸ ਦਾ ਕਿਸੇ ਕਾਰਜ ਵਿਚ ਚਿੱਤ ਨਾ ਲੱਗਣਾ। ਅਰਥਾਤ ਈਸ਼ਵਰ ਦੇ ਇਸ਼ਕ ਵਿਚ ਵਿਮਨ ਹੋਣਾ ਉਹਦੀ ਯਾਦ ਵਿਚ ਵਿਆਕੁਲ ਹੋਣਾ ਜਾਂ ਤੜਫਣਾ ਵੈਰਾਗ ਦੇ ਅੰਤਰਗਤ ਪ੍ਰਭਾਵਿਤ ਹੋਣਾ"।[੫]

ਜਦੋਂ ਜਦੋਂ ਤੇ ਜਿਵੇਂ ਜਿਵੇਂ ਮਨੁੱਖੀ ਮਨ ਵੈਰਾਗੀ ਹੁੰਦਾ ਹੈ ਤਾਂ ਉਹ ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ ਅਤੇ ਉਸ ਦੈਵੀ ਸ਼ਕਤੀ ਨੂੰ ਮਿਲਣ ਦੀ ਲੋਚਾ ਵਧੇਰੇ ਪ੍ਰਬਲ ਹੋ ਜਾਂਦੀ ਹੈ। ਵੈਰਾਗ ਦਾ ਪ੍ਰਮੁੱਖ ਪ੍ਰਭਾਵ ਮਨ ਨੂੰ ਇਕ ਪਾਸਿਓਂ ਤੋੜ ਕੇ ਦੂਜੇ ਪਾਸੇ ਜੋੜਨਾ ਹੈ। ਜੀਵ ਦੀ ਇਹ ਅਵਸਥਾ ਹੀ ਉਸ ਨੂੰ ਕੱਚੀ ਪ੍ਰੀਤ ਚੋਂ ਬੇਮੁਖ ਕਰ ਕੇ ਸੱਚੀ ਪ੍ਰੀਤ ਨਾਲ ਜੋੜਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸੱਚੀ ਪ੍ਰੀਤ ਦੀ ਤੜਫ ਨੂੰ ਮਨੁੱਖ ਦੇ ਭਾਗਾਂ ਨਾਲ ਜੋੜਦੇ ਹਨ:

*-ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥* *(ਪੰਨਾ ੧੩੩)*
*-ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥* *(ਪੰਨਾ ੧੩੪)*

ਵੈਰਾਗ ਦਾ ਅੰਕੁਰ ਉਦੋਂ ਫੁੱਟਦਾ ਹੈ ਜਦੋਂ ਉਸ ਅੰਦਰ ਬੜੇ ਡੂੰਘੇ ਪ੍ਰਸ਼ਨ ਘਰ ਕਰ ਜਾਂਦੇ ਹਨ। ਮੈਂ ਕਿੱਥੇ ਹਾਂ? ਮੇਰੀਆਂ ਅਸਲੀ ਜੜ੍ਹਾਂ ਕਿੱਥੇ ਹਨ? ਮੈਂ ਇਸ ਤੋਂ ਬਾਅਦ ਕਿੱਥੇ ਜਾਣਾ ਹੈ? ਮਨੁੱਖੀ ਹੋਂਦ ਬਾਰੇ ਡਾ. ਅਮਰਜੀਤ ਸਿੰਘ ਦਾ ਵਿਚਾਰ: "ਮਾਨਵੀ ਹੋਂਦ ਆਪਣੇ ਮੂਲ ਨਾਲੋਂ ਟੁੱਟੀ ਹੋਈ ਹੈ। ਮੂਲ ਨਾਲੋਂ ਟੁੱਟਣਾ ਵੱਡਾ ਸਰਾਪ ਹੈ। ਇਹ ਸਿਰਫ ਅਧਿਆਤਮਕ ਜਗਤ ਦਾ ਸੱਚ ਨਹੀਂ ਬਲਕਿ ਸੰਸਾਰੀ ਜੀਵਨ ਵਿਚ ਵੀ ਸਧਾਰਨ ਮਨੁੱਖ ਜਦੋਂ ਆਪਣੀਆ

ਮੂਲ ਜੜ੍ਹਾਂ ਅਤੇ ਆਪਣੀ ਪਰੰਪਰਾ ਤੋਂ ਟੁੱਟਦਾ ਹੈ ਤਾਂ ਉਸ ਨੂੰ ਮਾਨਸਿਕ ਪੀੜਾ ਸਹਿਣੀ ਪੈਂਦੀ ਹੈ। ਅਧਿਆਤਮਕ ਜਗਤ ਵਿਚ ਜਗਿਆਸੂ ਨੂੰ ਆਪਣੇ ਮੂਲ ਨਾਲੋਂ ਟੁੱਟੇ ਹੋਣ ਦੀ ਸੋਝੀ ਉਦੋਂ ਆਉਂਦੀ ਹੈ ਜਦੋਂ ਉਸ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਜੋ ਕੁਝ ਉਹ ਭੋਗ ਰਿਹਾ ਹੈ ਉਹ ਸੱਚ ਨਹੀਂ ਹੈ"।[੬]

*ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥* (ਪੰਨਾ ੯੮)

ਸ੍ਰੀ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ ਕਿ ਮਨੁੱਖ ਦੇ ਜੀਵਨ ਵਿਚ ਦੁੱਖਾਂ ਦਾ ਸੰਸਾਰ ਉਦੋਂ ਹੀ ਉਸ ਨੂੰ ਤੰਗ ਕਰਦਾ ਹੈ ਜਦੋਂ ਉਹ ਆਪਣੇ ਮੂਲ ਨੂੰ ਅਸਲੋਂ ਭੁੱਲ ਜਾਂਦਾ ਹੈ। ਉਸ ਨੂੰ ਵਿਸਾਰ ਦਿੰਦਾ ਹੈ, ਜਿਸ ਕਰਕੇ ਧਰਤੀ 'ਤੇ ਉਸ ਦੀ ਹੋਂਦ ਹੈ। ਆਪਣੀ ਹੋਂਦ ਨੂੰ ਬਚਾਉਣ ਦੀ ਬਜਾਇ, ਆਪਣੀ ਮਨਮੁਖਤਾ ਦੇ ਕਾਰਨ, ਭੁੱਖ ਨਾਲ ਤੜਫਦਾ ਹੋਇਆ ਬਿਨ ਮੰਜ਼ਿਲੋਂ ਭਟਕਦਾ ਫਿਰਦਾ ਹੈ। ਆਖਿਰ ਰਹਿੰਦਾ ਖਾਲੀ ਝੋਲੀ ਹੈ। ਇਹ ਹੀ ਉਸ ਦੇ ਅਮੋਲਕ ਜੀਵਨ ਨੂੰ ਵਿਸਾਰਨ ਦਾ ਸਭ ਤੋਂ ਵੱਡਾ ਸਰਾਪ ਹੈ।

ਮਨੁੱਖ ਦੁਚਿੱਤੀ 'ਚ ਘਿਰਿਆ ਸੰਸਾਰੀ ਘੁੰਮਣ-ਘੇਰੀ 'ਚ ਘੁੰਮਦਾ ਰਹਿੰਦਾ ਹੈ। ਇਕ ਅਵਸਥਾ ਵਿਚ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਸਰੀਰ ਹਾਂ। ਫਿਰ ਦੂਜੀ ਅਵਸਥਾ ਵਿਚ ਮਹਿਸੂਸ ਕਰਦਾ ਹੈ ਕਿ ਮੈਂ ਸਰੀਰ ਨਹੀਂ, ਮਨ ਹਾਂ। ਕਿਤੂੰ ਫਿਰ ਵਿਵੇਕ ਦੇ ਪ੍ਰਕਾਸ਼ਿਤ ਹੋਣ 'ਤੇ ਉਸ ਨੂੰ ਗਿਆਤ ਹੁੰਦਾ ਹੈ ਕਿ ਨਾ ਤਾਂ ਮੈਂ ਸਰੀਰ ਹਾਂ ਅਤੇ ਨਾ ਹੀ ਮਨ। ਬਲਕਿ ਮੈਂ ਸਰੀਰ ਤੇ ਮਨ ਨਾਲੋਂ ਵੱਖਰੀ ਇੱਕ ਆਤਮਾ ਹਾਂ। ਆਤਮਾ ਦੇ ਸਰੂਪ ਦਾ ਅਜਿਹਾ ਸਾਖਿਆਤ ਗਿਆਨ ਹੀ ਵੈਰਾਗ ਹੋ ਨਿਬੜਦਾ ਹੈ। ਇਸ ਵਿਚਾਰ ਨੂੰ ਦ੍ਰਿੜ੍ਹ ਕਰਦੇ ਹੋਏ ਸਤਿਆਵਰਤ ਸਿਧਾਂਤਲੰਕਰ ਵੈਰਾਗ ਬਾਬਤ ਦੱਸਦੇ ਹਨ ਕਿ "ਵਿਵੇਕ ਸਦਕਾ ਮਨੋ ਵੇਗਾਂ (ਕਾਮ, ਕ੍ਰੋਧ, ਲੋਭ, ਮੋਹ, ਈਰਖਾ) ਤੋਂ ਪ੍ਰਭਾਵਿਤ ਹੋਣ ਵਾਲੇ ਆਪੇ ਨਾਲੋਂ ਕਰਤਾ ਨੂੰ ਅਲੱਗ ਸਮਝਣ ਦੀ ਪ੍ਰਾਪਤ ਹੋਈ ਯੋਗਤਾ ਹੀ ਵਿੱਦਿਆ ਜਾਂ ਵੈਰਾਗ ਹੈ"।[੭]

ਗੁਰਬਾਣੀ ਅੰਦਰ ਵੈਰਾਗ ਦੀ ਉਤਪਤੀ ਦਾ ਆਧਾਰ ਵਿਛੋੜਾ ਵੀ ਹੈ। ਪ੍ਰੇਮ ਵਿਛੋਹ ਦਾ ਰੁਦਨ ਜੀਵ ਨੂੰ ਵੈਰਾਗੀ ਬਣਾਉਂਦਾ ਹੈ। ਜੀਵਾਤਮਾ ਦੀ ਪਰਮਾਤਮਾ ਨਾਲੋਂ ਵਿਛੁੰਨੀ ਹੋਂਦ ਉਸ ਦੀ ਮਾਨਸਿਕ ਅਵਸਥਾ ਨੂੰ ਬਿਹਬਲ ਕਰਦੀ ਹੈ। ਬਿਹਬਲਤਾ ਦੀ ਤੜਪ, ਰੁਦਨ, ਦਿਲ ਦੀ ਪਿਆਰੇ ਨੂੰ ਮਿਲਣ ਦੀ ਤਾਂਘ ਤੇ ਹੂਕ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਪ੍ਰਗਟ ਕਰਦੀ ਹੈ:

*ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ॥*
*ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ॥*
*ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ॥*
*ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ॥*
*ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ॥*
*ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ॥* (ਪੰਨਾ ੫੪੨)

ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਮੂਲ ਧੁਰਾ ਹੀ ਮੌਤ, ਦੁੱਖ, ਸੰਤਾਪ ਅਤੇ ਵਿਛੋੜਾ ਹੈ। ਇਨ੍ਹਾਂ ਸਾਰਿਆਂ ਸਲੋਕਾਂ ਅਤੇ ਸ਼ਬਦਾਂ ਵਿਚ ਇਨਾਂ ਪੱਖਾਂ 'ਤੇ ਹੀ ਵਿਚਾਰ ਪ੍ਰਗਟਾਇਆ ਗਿਆ ਹੈ। ਸਰੀਰ ਦੀ ਨਾਸ਼ਮਾਨਤਾ, ਮੌਤ ਅਟੱਲ ਸੱਚਾਈ, ਬੁਢੇਪੇ ਦਾ ਦੁੱਖ,

ਸੰਸਾਰੀ ਪਦਾਰਥਾਂ ਦਾ ਮਾਖਿਓ ਮਾਝਾ ਦੁੱਧ ਵਰਗੀ ਮਿਠਾਸ, ਕੀਮਤੀ ਜੀਵਨ ਵਿਚ ਪ੍ਰੀਤਮ ਮਿਲਣ ਦੀ ਆਸ, ਵਿਛੋੜੇ ਤੋਂ ਉਪਜੇ ਵੈਰਾਗੀ ਭਾਵ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ:

*ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥*
*ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥* (ਪੰਨਾ ੧੩੭੮)

ਬਾਣੀ ਅੰਦਰ ਵੈਰਾਗ ਉਦੋਂ ਚਰਮ-ਸੀਮਾ 'ਤੇ ਪਹੁੰਚ ਜਾਂਦਾ ਹੈ ਜਦੋਂ ਪ੍ਰਾਣੀ ਅਰਜੋਈ ਕਰਦਾ ਹੈ ਕਿ ਹੇ ਕਾਗਾ! ਤੂੰ ਮੇਰਾ ਕੁਰੰਗ ਵੀ ਖਾ ਲਿਆ, ਮੇਰੇ ਸਮੁੱਚੇ ਸਰੀਰ ਦਾ ਮਾਸ ਵੀ ਨਿਚੋੜ ਲਿਆ ਪਰ ਮੇਰੇ ਦੋਵੇਂ ਨੈਣ ਬਚੇ ਰਹਿਣ ਦੇ, ਮੈਨੂੰ ਅਜੇ ਵੀ ਉਸ ਪ੍ਰੀਤਮ ਨੂੰ ਮਿਲਣ ਦੀ ਆਸ ਬਾਕੀ ਹੈ। ਉਸ ਨੂੰ ਡਰ ਹੈ ਕਿ ਮੌਤ ਬੜੀ ਨੇੜੇ ਬੈਠੀ ਹੈ। ਇਹ ਜੀਵਨ ਛਿਣ ਭੰਗਰ ਹੈ। ਪਰ ਉਸ ਨੇ ਪਿਆਰੇ ਨਾਲ ਨੇਹੁ ਬਰਕਰਾਰ ਰੱਖਣਾ ਹੈ। ਗੁਰਬਾਣੀ ਅੰਦਰ ਪ੍ਰੀਤਮ ਦੀ ਤਾਂਘ ਨੂੰ ਇਸ ਤਰਾਂ ਵਿਚਾਰਿਆ ਗਿਆ ਹੈ:

*-ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥*
*ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥੨੧॥ . . .*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥ . . .*
*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥* (ਪੰਨਾ ੧੩੭੯)
*-ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥੯੦॥*
*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥੯੧॥*
*ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥*
*ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥੯੨॥* (ਪੰਨਾ ੧੩੮੨)

ਗੁਰਬਾਣੀ ਅਨੁਸਾਰ ਇਹ ਜੀਵਨ ਮਿਥਿਆ ਹੈ ਇਸ ਦਾ ਅੰਤ ਅਵੱਸ਼ ਹੋਣਾ ਹੈ। ਚੰਗੇ ਅਮਲ ਕਰਨ ਵਾਲਾ ਮਨੁੱਖ ਆਪਣਾ ਰੁਖ ਪਰਮਾਤਮਾ ਵੱਲ ਕਰਨ ਲਈ ਬੰਦਗੀ ਕਰਦਾ ਹੈ। ਉਸ ਦਾ ਮਨ ਜਦੋਂ ਵੈਰਾਗੀ ਹੁੰਦਾ ਹੈ ਤਾਂ ਸਹਿਜੇ ਹੀ ਆਤਮਾ ਤੋਂ ਅਵਾਜ਼ ਨਿਕਲਦੀ ਹੈ ਕਿ ਅਜੇ ਵੀ ਮੈਂ ਉਸ ਦਾਤੇ ਦੀ ਮਿਹਰ ਨੂੰ ਪ੍ਰਾਪਤ ਕਰਨ ਲਈ ਉਡੀਕਵਾਨ ਹਾਂ। ਲਹੂ, ਮਾਸ, ਹੱਡੀਆਂ, ਪਿੰਜਰ ਖੋਖਲਾ ਹੋ ਚੁੱਕਾ ਹੈ। ਮੇਰੀ ਕਿਸਮਤ ਦੀ ਖੇਡ ਹੈ ਕਿ ਮੈਂ ਅਜੇ ਵੀ ਅਪਹੁੰਚ ਹਾਂ। ਇਨ੍ਹਾਂ ਸਾਰੇ ਸਲੋਕਾਂ 'ਚ ਆਸ, ਉਦਾਸੀ, ਵਿਛੋੜਾ, ਯਾਦ ਤੇ ਵੈਰਾਗ ਤੇ ਮਿਲਾਪ ਦੀ ਤਾਂਘ ਦੇ ਵੱਖ-ਵੱਖ ਅਨੁਵਾਦ ਪੇਸ਼ ਹੋਏ ਹਨ। ਇਹ ਆਸ ਇੰਨੀ ਪ੍ਰਬਲ ਹੈ ਕਿ ਸਰੀਰ ਪਲ-ਪਲ ਮਿਟ ਰਿਹਾ ਹੈ ਪਰ ਸੱਧਰ ਦਾ ਪੱਧਰ ਉਨਾਂ ਹੀ ਬਲਵਾਨ ਹੋ ਰਿਹਾ ਹੈ। ਇਹ ਵੈਰਾਗੀ ਭਾਵ ਉਸ ਸਮੇਂ ਹੋਰ ਵੀ ਦੁਖਦਾਈ ਅਵਸਥਾ ਵਿਚ ਚਲਾ ਜਾਂਦਾ ਹੈ, ਜਦੋਂ ਜੀਵਨ ਯਾਤਰਾ ਦਾ ਸਫਰ ਕਿਨਾਰੇ ਲੱਗਣ ਵਾਲਾ ਹੈ ਪਰ ਉਸ ਦੀ ਭਾਲ ਅਜੇ ਵੀ ਦੁਰਲੱਭ ਪ੍ਰਤੀਤ ਹੋ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਇਹ ਪੰਕਤੀਆਂ:

*ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥*

*ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥*
*ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥*
*ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥ (ਪੰਨਾ ੧੩੬੨)*

ਵੈਰਾਗ ਦੀ ਅਵਸਥਾ ਦੇ ਸਮਵਿੱਥ ਇਕ ਹੋਰ ਅਵਸਥਾ ਮਨੁੱਖੀ-ਮਨ ਅੰਦਰ ਪ੍ਰਵੇਸ਼ ਕਰਦੀ ਹੈ। ਉਹ ਹੈ ਉਸ ਦਾ ਸਵੈ-ਸੰਗੀਤਮਈ ਹੋਣਾ, ਸੰਗੀਤ ਨਾਲ ਜੁੜਨਾ, ਸੁਣਨਾ, ਵਜਾਉਣਾ ਅਤੇ ਉਸ ਸੰਗੀਤ ਦਾ ਆਨੰਦ ਮਾਣਦੇ ਹੋਏ ਵੈਰਾਗੀ ਹੋ ਜਾਣਾ। ਗੁਰਬਾਣੀ ਅੰਦਰ ਇਸ ਅਵਸਥਾ ਨੂੰ ਪਰਮਾਨੰਦ ਕਿਹਾ ਗਿਆ ਹੈ ਤੇ ਗੁਰਬਾਣੀ ਨੂੰ ਗਾ ਕੇ ਕੀਰਤਨ ਕਰਨ ਦੀ ਸੋਚ ਤੇ ਅਮਲ ਨੂੰ ਡਾ. ਕੁਲਵੰਤ ਸਿੰਘ ਨੇ ਜ਼ਿੰਦਗੀ ਦਾ ਅਪਰੰਪਰ ਸੰਯੋਗ ਕਬੂਲਦਿਆਂ ਇਹ ਵਿਚਾਰ ਪੇਸ਼ ਕੀਤਾ ਹੈ "ਗੁਰੂ ਨਾਨਕ ਦਾ ਰੱਬ ਮਹਿਜ਼ ਰਹੱਸ ਨਹੀਂ, ਇਕ ਪ੍ਰਚੰਡ ਕਲਾ ਨਿਧੀ/ਨਿਧਾਨ/ਰਸ-ਰੂਪ-ਰਮਜ਼ ਜਾਂ ਸੁਹਜਾਤਮਿਕ ਰੱਬ ਹੈ। ਜਿਸ ਨੂੰ ਗਾਇਆਂ ਹੀ ਉਸ ਦੇ ਪਿਆਰ ਦੇ ਪਾਤਰ ਬਣ ਸਕਾਂਗੇ। ਜਦੋਂ ਪਉਣ, ਪਾਣੀ, ਬਸੰਤਰ, ਧਰਮ ਦੁਆਰ ਵਿਚ ਵਿਚਰਦੀ ਸ਼ਕਤੀ ਰਾਜੇ, ਚਿੱਤ, ਗੁਪਤ, ਲਿਖ ਕੇ ਜਾਣਨ ਵਾਲੇ ਧਰਮਚਾਰੀਆਂ, ਮੋਹਣੀਆਂ, ਮਨ-ਮੋਹਨ, ਸੋਹਣੇ, ਰੂਪਵਾਨ ਰੂਹ ਸਭ ਉਹਨੂੰ ਗਾ ਗਾ ਕੇ ਹੀ ਜੀ ਸਕਦੇ ਹਨ ਤੇ ਕੇਵਲ ਗਾ ਰਹੇ ਹਨ। ਇਹ ਐਸਾ ਕਰਿਸ਼ਮਾ ਹੈ, ਜਿਸ ਦੀ ਬਾਂਹ ਕੇਵਲ ਕੀਰਤਨ ਅਤੇ ਉਹਦੀ ਰਮਜ਼ ਪਹੁੰਚਣ ਵਾਲੇ ਦਰਵੇਸ਼ ਹੀ ਪਾ ਸਕਦੇ ਹਨ। ਸ਼ਾਇਰ, ਕਵੀ, ਨਬੀ-ਬਲੀ, ਅਤੇ ਪੈਗ਼ੰਬਰ, ਸੰਤ ਆਦਿ ਵੀ ਕੇਵਲ ਗਾ ਕੇ ਹੀ ਆਪਣੀ ਜੂਨ ਸਵਾਰ ਸਕਦੇ ਹਨ। ਭਾਵੇਂ ਉਹ ਕਿੰਨੇ ਵੀ ਸੰਵਰੇ ਅਤੇ ਸਾਜੇ ਹੋਣ। ਸਿੱਖ ਸੱਭਿਆਚਾਰ ਵਿਚ ਰਾਗ-ਨਾਦ ਦਾ ਸੱਚ ਹੀ ਸਦਾ ਚਾਓ ਦੇ ਵਿਗਾਸ ਦਾ ਅਬਿਨਾਸੀ ਰੰਗ ਹੈ। ਇਹੋ ਸੱਚ ਕੀ ਬੇਲਾ ਹੈ। ਸੱਚ ਦਾ ਅਨਾਦੀ ਤਰਕ ਵੀ ਇਹੋ ਹੈ ਕਿ ਮਨੁੱਖ ਸੰਗੀਤਕ ਪਹੁੰਚ ਨੂੰ ਜ਼ਿੰਦਗੀ ਦਾ ਅਪਰੰਪਰ ਸੰਯੋਗ ਕਬੂਲੇ।"[੯]

ਗੁਰਬਾਣੀ ਸੰਗੀਤ ਤਕ ਪਹੁੰਚ, ਸੰਗੀਤ ਦਾ ਸ਼ੌਕ ਇਕ ਸਧਾਰਨ ਮਨੁੱਖ ਅੰਦਰ ਉਹ ਆਨੰਦਿਤ ਅਵਸਥਾ ਲੈ ਕੇ ਆਉਂਦਾ ਹੈ ਜਿਸ ਦਾ ਸਿੱਧਾ ਸੰਬੰਧ ਭਵਸਾਗਰ ਦੀ ਭਟਕਣਾ ਤੋਂ ਪਰੇ ਜਾਣਾ ਹੈ। ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ ਦਾ ਸਾਧਨ ਹੈ। ਵਿਛੁੰਨੀ ਜੀਵਾਤਮਾ ਦੇ ਬਿਰਹਾ ਕਾਰਨ ਉਪਜੇ ਕਈ ਪ੍ਰਕਾਰ ਦੇ ਸੰਤਾਪ ਤੋਂ ਮੁਕਤ ਕਰਨ ਦੀ ਦਵਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪਰਮਾਤਮਾ ਰੂਪੀ ਯਾਰ ਦੇ ਅੱਗੇ ਬੇਨਤੀ ਕਰਦੇ ਹੋਏ ਲਿਖਦੇ ਹਨ:

*ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥*
*ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥*
*ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥*
*ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥*
*ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥*
*ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥ (ਪੰਨਾ ੭੦੩)*

ਗੁਰਬਾਣੀ ਅੰਦਰ ਮਨੁੱਖ ਲਈ ਕਈ ਪ੍ਰਕਾਰ ਦੇ ਆਦੇਸ਼-ਉਪਦੇਸ਼ ਦਿੱਤੇ ਹਨ ਅਤੇ ਸੁੱਤੀ ਅਤੇ ਵਿਗੁੱਚੀ ਜੀਵਾਤਮਾ ਨੂੰ ਜਾਗਰੂਕ ਰਹਿਣ ਲਈ ਚੇਤੰਨ ਕੀਤਾ ਹੈ। ਬਾਣੀ ਵਿਚ ਮਨੁੱਖੀ ਜੀਵਨ ਯਾਤਰਾ ਦੇ ਬਿਰਥਾ ਬੀਤਦੇ ਜਾਣ ਦਾ ਦਰਦ ਅਤੇ ਵੇਦਨਾ ਮੁੱਖ ਰੂਪ

ਵਿਚ ਮਿਲਦੇ ਹਨ। ਮਨੁੱਖ ਮਨੁੱਖਾ ਜਨਮ ਲੈ ਕੇ ਆਪਣਾ ਬਚਪਨ, ਜਵਾਨੀ, ਬੁਢੇਪਾ ਅਤੇ ਮੌਤ ਦਾ ਚੱਕਰ ਪੂਰਾ ਕਰ ਕੇ ਚਲਾ ਜਾਂਦਾ ਹੈ। ਬਾਣੀ ਵਿਚ ਜਦੋਂ ਵੀ ਮਨੁੱਖ ਨੂੰ ਸੰਸਾਰ ਤੋਂ ਨਿਰਲੇਪ ਰਹਿਣ ਦਾ ਜ਼ਿਕਰ ਆਉਂਦਾ ਹੈ ਉਦੋਂ ਇਹ ਨਿਰਲੇਪਤਾ ਸੰਸਾਰਕ ਪ੍ਰਤੀਮਾਨਾਂ ਪ੍ਰਤੀ ਲਭ-ਲੋਭ ਪਿੱਛੇ ਦੁਰਲੱਭ ਜੀਵਨ ਨੂੰ ਵਿਅਰਥ ਗਵਾਉਣ ਨੂੰ ਮੁੱਖ ਰੱਖ ਕੇ ਚੇਤਾਵਨੀ ਦੇ ਰੂਪ ਵਿਚ ਪੇਸ਼ ਕੀਤੀ ਗਈ ਹੈ। ਮਨੁੱਖਾਂ ਦੀ ਵੈਰਾਗੀ ਭਾਵਨਾ ਕਈ ਵਾਰੀ ਉਸ ਦੀ ਸਹੀ ਪੰਧ ਤੋਂ ਭਟਕਣ ਦੇ ਕਾਰਨਾਂ ਕਰਕੇ ਵੀ ਮੰਨੀ ਗਈ ਹੈ। ਜਦੋਂ ਸੰਸਾਰੀ ਪਦਾਰਥਾਂ ਦੀ ਲਾਲਸਾ ਤੇ ਪ੍ਰਾਪਤੀ ਮਨੁੱਖੀ ਵਿਹਾਰ ਦਾ ਮੁੱਖ ਉਦੇਸ਼ ਬਣ ਜਾਂਦੇ ਹਨ ਤਾਂ ਜੀਵਾਤਮਾ ਕੋਲੋਂ ਜਾਣੇ-ਅਣਜਾਣੇ ਅਹੰਕਾਰ ਅਤੇ ਕੁਕਰਮ ਹੋ ਜਾਂਦੇ ਹਨ। ਝੂਠ ਅਤੇ ਸੱਚ ਦੇ ਫਰਕ ਦੀ ਸੋਝੀ ਜਦੋਂ ਜੀਵ ਨੂੰ ਹੁੰਦੀ ਹੈ ਤਾਂ ਉਸ ਦਾ ਮਨ ਸੰਸਾਰ ਤੋਂ ਬੇਚੈਨ ਹੋ ਜਾਂਦਾ ਹੈ। ਉਦੋਂ ਉਹ *ਰਤੇ ਇਸਕ ਖੁਦਾਇ* ਵਾਲੀ ਬਿਰਤੀ ਅਪਣਾਉਂਦਾ ਹੈ:

*-ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥*
*ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ॥*
*ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥*
*ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥ (ਪੰਨਾ ੧੪੧੮)*
*-ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥*
*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ (ਪੰਨਾ ੧੪੨੯)*

ਕੁਝ ਵਿਦਵਾਨ ਵੈਰਾਗ ਨੂੰ ਮਨੁੱਖ ਦੁਆਰਾ ਆਪਣੀਆਂ ਅਸੀਮ ਇੱਛਾਵਾਂ ਉੱਪਰ ਪ੍ਰਾਪਤ ਕੀਤੀ ਗਈ ਫ਼ਤਿਹ ਦਾ ਫਲ ਸਵੀਕਾਰਦੇ ਹਨ। ਸਧਾਰਨ ਵਿਅਕਤੀ ਲਈ ਇੱਛਾਵਾਂ ਦਾ ਨਿਯੰਤਰਣ ਕੋਈ ਸੌਖੀ ਪ੍ਰਾਪਤੀ ਨਹੀਂ। ਇਹ ਸਿਰਫ ਉਦੋਂ ਸੰਭਵ ਹੈ ਜਦੋਂ ਵਿਅਕਤੀ ਸ਼ਰਧਾ ਤੇ ਵਿਸ਼ਵਾਸ ਰੱਖਦਾ ਹੈ।

ਅਧਿਆਤਮਿਕ ਵਿਕਾਸ ਦੀ ਉਹ ਅਵਸਥਾ ਜਿੱਥੇ ਪੁੱਜ ਕੇ ਮਨੁੱਖ ਲੋਕ-ਕਲਿਆਣ ਕਰਨ ਦੇ ਕਾਬਿਲ ਹੋ ਜਾਂਦਾ ਹੈ, ਉਸ ਅਵਸਥਾ ਨੂੰ ਕੁਝ ਵੈਰਾਗਮਈ ਅਵਸਥਾ ਦਾ ਨਾਂ ਦਿੰਦੇ ਹਨ।

ਜਿਸ ਅਵਸਥਾ ਵਿਚ ਮਨੁੱਖ ਨਿਰਇੱਛਤਾ, ਨਿਰਮੋਹਤਾ, ਬਿਹਬਲਤਾ ਅਤੇ ਉਪਰਾਮਤਾ ਦੇ ਗੁਣਾਂ ਦਾ ਧਾਰਨੀ ਬਣਦਾ ਹੈ, ਉਹ ਅਵਸਥਾ ਵੈਰਾਗਮਈ ਅਵਸਥਾ ਹੈ।

ਹਵਾਲੇ ਅਤੇ ਟਿੱਪਣੀਆਂ:


੧. ਡਾ. ਅਮਰਜੀਤ ਸਿੰਘ (ਕਾਂਗ), *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ,* ਪੰਨਾ ੬੦
੨. ਪਿਆਰਾ ਸਿੰਘ ਪਦਮ: *ਸੁਖਮਨੀ ਦਰਸ਼ਨ,* ਪੰਨਾ ੯੩੦
੩. ਕਾਨ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ ੮੯੧
੪. (ਸ.) ਰਾਮ ਚੰਦਰ ਵਰਮਾ, *ਸੰਖਿਪਤ ਹਿੰਦੀ ਸ਼ਬਦ ਸਾਗਰ,* ਪੰਨਾ ੯੩੦
੫. ਡਾ. ਰਾਜੇਂਦਰ ਸਿੰਘ ਜੋਸ਼, *ਗੁਰੂ ਤੇਗ ਬਹਾਦਰ ਇਕ ਅਧਿਐਨ,* ਪੰਨਾ ੧੦੫
੬. ਡਾ. ਅਮਰਜੀਤ ਸਿੰਘ (ਕਾਂਗ), *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ,* ਪੰਨਾ ੬੨-੬੩
੭. ਸਤਿਆਵਰਤ ਸਿਧਾਂਤਲੰਕਰ, *Heritge Of Vedic Culure* ਪੰਨਾ ੩੦੨
੮. ਸ. ਕੁਲਵੰਤ ਸਿੰਘ (ਗਰੇਵਾਲ): ਵਿਸ਼ਮਾਦੁਨਾਦੁ; *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ,* ਵਿਸ਼ੇਸ਼ ਅੰਕ, ਪੰਨਾ ੬੩੦


■

# ਭਗਤ ਕਬੀਰ ਜੀ ਦੀ ਵਿਚਾਰਧਾਰਾ

*-ਪ੍ਰੋ. ਨਵ ਸੰਗੀਤ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਕੁਝ ਗੁਰਸਿੱਖਾਂ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਭਗਤਾਂ ਵਿੱਚੋਂ ਭਗਤ ਕਬੀਰ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੋਮਣੀ ਸਥਾਨ ਦਿੱਤਾ ਹੈ, ਅਰਥਾਤ ਭਗਤ ਬਾਣੀ ਦੇ ਅੰਤਰਗਤ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਪਹਿਲਾਂ ਦਿੱਤੀ ਹੋਈ ਹੈ। ਆਪ ੧੩੯੮ ਈ. ਵਿਚ ਬਨਾਰਸ ਵਿਖੇ ਪੈਦਾ ਹੋਏ। ਆਪ ਦੀ ਪਰਵਰਿਸ਼ ਨੀਰੂ ਜੁਲਾਹੇ ਅਤੇ ਮਾਤਾ ਨੀਮਾ ਨੇ ਕੀਤੀ ਅਤੇ ਆਪ ਦਾ ਨਾਂ ਕਬੀਰ ਰੱਖਿਆ। ਭਗਤ ਕਬੀਰ ਜੀ ਇਕ ਗ੍ਰਿਹਸਥੀ ਵਿਅਕਤੀ ਸਨ। ਆਪ ਦੀ ਪਤਨੀ ਦਾ ਨਾਂ ਲੋਈ ਅਤੇ ਪੁੱਤਰ ਦਾ ਨਾਂ ਕਮਾਲ ਸੀ। ਆਪ ੧੨੦ ਸਾਲ ਦੀ ਉਮਰ ਵਿਚ ੧੫੧੮ ਈ. ਵਿਚ ਮਗਹਰ ਵਿਖੇ ਬ੍ਰਹਮਲੀਨ ਹੋਏ।

ਭਗਤ ਕਬੀਰ ਜੀ ਆਪਣੇ ਘਰ ਵਿਚ ਕੱਪੜਾ ਬੁਣਨ ਦਾ ਕੰਮ ਕਰਦੇ ਸਨ, ਪਰ ਉਸ ਸਮੇਂ ਦਾ ਬ੍ਰਾਹਮਣ ਵਰਗ ਆਪ ਨੂੰ ਜੁਲਾਹਾ ਹੋਣ ਕਰਕੇ ਸ਼ੂਦਰ ਸਮਝਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ੩੧ ਰਾਗਾਂ ਵਿੱਚੋਂ ਭਗਤ ਕਬੀਰ ਜੀ ਦੀ ਬਾਣੀ ੧੭ ਰਾਗਾਂ ਵਿਚ ਸੰਕਲਿਤ ਹੈ, ਜਿਸ ਵਿਚ ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਰਾਗ ਸ਼ਾਮਲ ਹਨ। ਇਸ ਮੁਤਾਬਕ ਆਪ ਦੇ ਕੁੱਲ ੨੨੫ ਸ਼ਬਦ, ੧ ਬਾਵਨ ਅੱਖਰੀ, ੧ ਥਿਤੀ, ੧ ਸਤਵਾਰਾ ਅਤੇ ੨੪੩ ਸਲੋਕ ਸੰਕਲਿਤ ਹਨ। ਇਸ ਪ੍ਰਕਾਰ ਆਪ ਜੀ ਦੀ ਬਾਣੀ ਹੋਰ ਸਾਰੇ ਭਗਤ ਸਾਹਿਬਾਨ ਨਾਲੋਂ ਵਧੀਕ ਹੈ। ਡਾ. ਜੋਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਤਾਰਨ ਸਿੰਘ ਅਤੇ ਰਾਜਕੁਮਾਰ ਵਰਮਾ ਜਿਹੇ ਵਿਦਵਾਨਾਂ ਦਾ ਮਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਹੀ ਭਗਤ ਕਬੀਰ ਜੀ ਦੀ ਅਸਲੀ ਬਾਣੀ ਹੈ, ਜਦ ਕਿ ਭਗਤ ਕਬੀਰ ਜੀ ਦੀ ਹੋਰ ਥਾਵਾਂ 'ਤੇ ਮਿਲਦੀ ਬਾਣੀ ਵਿਚ ਮਿਲਾਵਟ ਦਾ ਅੰਸ਼ ਮਿਲਦਾ ਹੈ।

ਭਗਤ ਕਬੀਰ ਜੀ ਦਾ ਸਮੁੱਚਾ ਜੀਵਨ ਬਹੁਤ ਹੀ ਪਵਿੱਤਰ ਅਤੇ ਸਿੱਖਿਆਦਾਇਕ ਸੀ। ਉਹ ਆਪਣੇ ਪਿਤਾ ਦੇ ਕੰਮ ਵਿਚ ਹੱਥ ਵਟਾਉਂਦੇ, ਦਸਾਂ-ਨਹੁੰਆਂ ਦੀ ਕਿਰਤ ਕਰਦੇ ਅਤੇ ਪ੍ਰਭੂ ਦੀ ਭਗਤੀ ਲਈ ਵੀ ਸਮਾਂ ਕੱਢਦੇ। ਆਪ ਜੀ ਦੀ ਬਾਣੀ ਵਿਚ ਫੋਕਟ ਕਰਮ-ਕਾਂਡਾਂ, ਮੂਰਤੀ ਪੂਜਾ ਦੇ ਖੰਡਨ ਦੇ ਨਾਲ-ਨਾਲ ਨੈਤਿਕਤਾ, ਪ੍ਰੇਮ, ਭਗਤੀ, ਨਿਰਭੈਤਾ, ਮਾਇਆ, ਸੰਪ੍ਰਦਾਇਕ ਭਾਵਨਾ ਆਦਿ ਵਿਚਾਰਾਂ ਦੀ ਨਿਸ਼ਾਨਦੇਹੀ ਹੋਈ ਹੈ।

ਭਗਤ ਕਬੀਰ ਜੀ ਸਾਰੀ ਸ੍ਰਿਸ਼ਟੀ ਨੂੰ ਇੱਕੋ ਪਰਮ ਜੋਤ ਤੋਂ ਪੈਦਾ ਹੋਈ ਮੰਨਦੇ ਹਨ। ਸਿੱਖ ਧਰਮ ਦੇ ਹੋਰ ਸਾਰੇ ਗੁਰੂ ਸਾਹਿਬਾਨ ਵਾਂਗ ਭਗਤ ਕਬੀਰ ਜੀ ਵੀ ਸਾਰੇ ਮਨੁੱਖਾਂ ਵਿਚ ਪਰਮਾਤਮਾ ਦਾ ਨੂਰ ਵੇਖਦੇ ਹਨ। ਭਗਤ ਕਬੀਰ ਜੀ ਅਨੁਸਾਰ ਇਹ ਸਾਰੀ ਸ੍ਰਿਸ਼ਟੀ

**ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ, ਬਠਿੰਡਾ-੧੫੧੩੦੨, ਮੋ: +੯੧੯੪੧੭੬-੯੨੦੧੫*

ਪਰਮਾਤਮਾ ਦੀ ਬਣਾਈ ਹੋਈ ਹੈ, ਉਹ ਆਪ ਹੀ ਸਾਰੀ ਲੋਕਾਈ ਵਿਚ ਰਮਿਆ ਹੋਇਆ ਹੈ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ (ਪੰਨਾ ੧੩੪੯)*

ਭਗਤ ਕਬੀਰ ਜੀ ਨਿਰਭਉ ਤੇ ਨਿਡਰ ਸ਼ਖ਼ਸੀਅਤ ਦੇ ਮਾਲਕ ਸਨ। ਉਹ ਮਾਨਵ-ਵਿਰੋਧੀ ਰਵਾਇਤਾਂ ਜਾਂ ਪਰਿਪਾਟੀਆਂ ਦੇ ਸਖਤ ਖਿਲਾਫ਼ ਸਨ। ਬ੍ਰਾਹਮਣਵਾਦ ਦੀ ਵਰਣ-ਵੰਡ 'ਤੇ ਜਿੰਨੀ ਸ਼ਿੱਦਤ ਨਾਲ ਆਪ ਜੀ ਨੇ ਵਾਰ ਕੀਤਾ, ਉਨਾ ਉੱਤਰੀ ਭਾਰਤ ਦੇ ਕਿਸੇ ਵੀ ਹੋਰ ਸੰਤ-ਮਹਾਤਮਾ ਨੇ ਨਹੀਂ ਕੀਤਾ। ਆਪਣੀ ਬਾਣੀ ਵਿਚ ਉਨ੍ਹਾਂ ਨੇ ਅਖੌਤੀ ਬ੍ਰਾਹਮਣਾਂ ਨੂੰ ਸਿੱਧੇ ਤੌਰ 'ਤੇ ਵੰਗਾਰਿਆ ਹੈ:

*ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (ਪੰਨਾ ੩੨੪)*

ਭਗਤ ਕਬੀਰ ਜੀ ਦੇ ਸਮੇਂ ਵਿਚ ਕਈ ਤਰ੍ਹਾਂ ਦੇ ਨਸ਼ਿਆਂ ਨੇ ਲੋਕਾਂ ਨੂੰ ਗ੍ਰਸਿਆ ਹੋਇਆ ਸੀ, ਜੋ ਵਿਅਕਤੀ ਦੇ ਮਨ 'ਤੇ ਬੁਰਾ ਅਸਰ ਪਾਉਂਦੇ ਸਨ। ਹਰ ਤਰ੍ਹਾਂ ਦੇ ਨਸ਼ੇ ਵਿਚ ਜ਼ਹਿਰ ਹੁੰਦੀ ਹੈ, ਜੋ ਵਿਅਕਤੀ ਦੇ ਸਰੀਰ ਨੂੰ ਕੁਝ ਸਮੇਂ ਲਈ ਬੇਸੁਰਤ ਕਰ ਕੇ ਉਸ ਤੋਂ ਗਲਤ ਕੰਮ ਕਰਵਾਉਂਦੀ ਹੈ। ਭਗਤ ਕਬੀਰ ਜੀ ਨੇ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲੇ ਵਿਅਕਤੀ ਨੂੰ ਆਚਰਨ ਤੋਂ ਡਿੱਗੇ ਹੋਏ ਸਿੱਧ ਕੀਤਾ ਹੈ:

*ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥*
*ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (ਪੰਨਾ ੧੩੭੭)*

ਭਗਤ ਕਬੀਰ ਜੀ ਦੀ ਬਾਣੀ ਵਿਚ ਡਰ ਜਾਂ ਘਬਰਾਹਟ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ, ਸਗੋਂ ਉਹ ਵਿਅਕਤੀ ਨੂੰ ਸੂਰਮਾ ਬਣਾਉਣਾ ਲੋਚਦੇ ਹਨ, ਜਿਹੜਾ ਜੰਗ-ਏ-ਮੈਦਾਨ ਵਿਚ ਪੁਰਜਾ-ਪੁਰਜਾ ਹੋ ਕੇ ਕੱਟਿਆ ਜਾਂਦਾ ਹੈ ਪਰ ਆਪਣੇ ਧਰਮ ਦੀ ਪਾਲਣਾ ਹਿੱਤ ਪਿੱਠ ਨਹੀਂ ਵਿਖਾਉਂਦਾ। ਅਜਿਹੇ ਬਹਾਦਰ ਹੀ ਰਣ-ਭੂਮੀ ਵਿਚ ਜੂਝ ਮਰਨ ਨੂੰ ਪਹਿਲ ਦਿੰਦੇ ਹਨ:

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਪੰਨਾ ੧੧੦੫)*

ਭਗਤ ਕਬੀਰ ਜੀ ਮੂਰਤੀ ਪੂਜਾ ਜਿਹੇ ਮਿਥਿਆ ਕਰਮਾਂ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਅਨੁਸਾਰ ਜੋ ਲੋਕ ਪੱਥਰ ਦੀਆਂ ਮੂਰਤਾਂ ਨੂੰ ਪਰਮਾਤਮਾ ਸਮਝ ਕੇ ਪੂਜਦੇ ਹਨ, ਉਨ੍ਹਾਂ ਦੀ ਸਾਰੀ ਪੂਜਾ ਫਜ਼ੂਲ ਹੈ। ਇਹ ਗੂੰਗੇ ਪੱਥਰ ਪਰਮਾਤਮਾ ਨਹੀਂ ਹੋ ਸਕਦੇ ਤੇ ਨਾ ਹੀ ਕਿਸੇ ਪੱਥਰ ਦੀ ਮੂਰਤੀ ਵਿਚ ਕੋਈ ਦੈਵੀ-ਸ਼ਕਤੀ ਹੁੰਦੀ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ:

*-ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥*

*ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥ (ਪੰਨਾ ੧੧੬੦)*
*-ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥*
*ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥ (ਪੰਨਾ ੪੭੯)*

ਬਨਾਰਸ ਵਿਚ ਰਹਿਣ ਕਰਕੇ ਭਗਤ ਕਬੀਰ ਜੀ ਨੂੰ ਇਸਲਾਮ ਅਤੇ ਹਿੰਦੂ ਧਰਮ ਵਿਚਲੀ ਕੱਟੜਤਾ ਅਤੇ ਕਰਮ-ਕਾਂਡਾਂ ਬਾਰੇ ਨਿੱਜੀ ਅਤੇ ਡੂੰਘਾ ਅਨੁਭਵ ਸੀ। ਇਸੇ ਕਰਕੇ ਆਪ ਜੀ ਨੇ ਇਨ੍ਹਾਂ ਲੋਕਾਂ ਦੀਆਂ ਗਲਤ ਕਦਰਾਂ-ਕੀਮਤਾਂ ਦੇ ਪਾਜ ਉਧੇੜੇ। ਭਗਤ ਕਬੀਰ ਜੀ ਵਿਅਕਤੀ ਨੂੰ ਬਾਹਰੋਂ ਜਾਂ ਵਿਖਾਵੇ ਵਜੋਂ ਚੰਗੇਰਾ ਬਣਾਉਣ ਦੀ ਥਾਂ ਅੰਦਰੂਨੀ ਤੌਰ 'ਤੇ ਸ਼ੁਭ ਅਮਲਾਂ ਵਾਲਾ ਇਨਸਾਨ ਬਣਾਉਣਾ ਚਾਹੁੰਦੇ ਸਨ। ਇਸੇ ਲਈ ਉਹ ਪ੍ਰਭੂ ਨੂੰ ਬਾਹਰੋਂ ਢੂੰਢਣ ਦੀ ਥਾਂ ਅੰਦਰੋਂ ਖੋਜਣ ਦੀ ਪ੍ਰਵਿਰਤੀ ਉੱਤੇ ਜ਼ੋਰ ਦਿੰਦੇ ਸਨ। ਉਨ੍ਹਾਂ ਦੀ ਬਾਣੀ ਵਿਚ ਨਫ਼ਰਤ, ਈਰਖਾ, ਸ਼ੱਕ ਦੀ ਥਾਂ ਤੇ ਪਿਆਰ, ਸਹਿਣਸ਼ੀਲਤਾ ਅਤੇ ਸ਼ਰਧਾ ਦੇ ਦੀਦਾਰ ਹੁੰਦੇ ਹਨ। ਇਹ ਸਾਰੇ ਅਜਿਹੇ ਸਦਗੁਣ ਹਨ, ਜਿਨ੍ਹਾਂ ਨੂੰ ਸਦਾਚਾਰਕ ਅਤੇ ਨੈਤਿਕਤਾ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ।

ਭਗਤ ਕਬੀਰ ਜੀ ਦੀ ਬਾਣੀ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਕੁਝ ਹੋਰ ਮਹੱਤਵਪੂਰਨ ਸੰਕਲਪ ਹੇਠ ਲਿਖੀਆਂ ਪੰਕਤੀਆਂ ਵਿੱਚੋਂ ਵੇਖੇ ਜਾ ਸਕਦੇ ਹਨ:

*-ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥*
*ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥ (ਪੰਨਾ ੧੩੪੯)*
*-ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ (ਪੰਨਾ ੧੩੬੪)*
*-ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥*
*ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥ (ਪੰਨਾ ੧੩੬੫)*
*-ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ (ਪੰਨਾ ੧੩੬੬)*
*-ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥ (ਪੰਨਾ ੧੩੬੭)*
*-ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥*
*ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ (ਪੰਨਾ ੧੩੭੧)*

ਭਗਤ ਕਬੀਰ ਜੀ ਦੇ ਸਮੇਂ ਵਿਚ ਹਿੰਦੂ, ਮੁਸਲਿਮ, ਬੁੱਧ, ਜੈਨ, ਨਾਥ, ਜੋਗੀ ਆਦਿ ਆਪੋ-ਆਪਣੀ ਥਾਂ ਕਾਰਜਸ਼ੀਲ ਸਨ ਪਰੰਤੂ ਇਨ੍ਹਾਂ ਦੇ ਆਗੂ ਲੋਕ-ਭਲਾਈ ਦੀ ਥਾਂ ਸੁਆਰਥ ਵਿਚ ਗਲਤਾਨ ਸਨ। ਉਹ ਕੱਟੜਵਾਦੀ ਵਿਚਾਰਧਾਰਾ ਕਰਕੇ ਇਕ ਦੂਜੇ ਨੂੰ ਭੰਡ ਰਹੇ ਸਨ। ਅਜਿਹੇ ਮਾਹੌਲ ਵਿਚ ਲੋਕਾਈ ਨੂੰ ਸਦਾਚਾਰਕ ਸਿੱਖਿਆ ਦੇਣੀ ਵਾਕਈ ਜੋਖਿਮ ਵਾਲਾ ਕਾਰਜ ਸੀ। ਭਗਤ ਕਬੀਰ ਜੀ ਨੇ ਜਨ-ਸਧਾਰਨ ਨਾਲ ਸਾਂਝ ਬਣਾ ਕੇ ਲੋਕ-ਕਾਵਿ ਅਤੇ ਲੋਕ-ਭਾਸ਼ਾ ਵਿਚ 'ਬ੍ਰਹਮ ਬੀਚਾਰ' ਕੀਤਾ। ■

# ਬਾਬਾ ਬੰਦਾ ਸਿੰਘ ਬਹਾਦਰ: ਪ੍ਰਮੁੱਖ ਯਾਦਗਾਰਾਂ

*-ਸ. ਸਿਮਰਜੀਤ ਸਿੰਘ**

**ਕਸ਼ਮੀਰ:** ਭਾਰਤ ਦੇ ਉੱਤਰ ਵਿਚ ਸਥਿਤ ਇਕ ਖਿੱਤੇ ਦਾ ਨਾਂ ਕਿਸੇ ਵੇਲੇ ਕਾਸ਼ਮੀਲੋ ਸੀ ਜਿਸ ਨੂੰ 'ਭਾਰਤ ਦੀ ਜੰਨਤ' ਕਿਹਾ ਜਾਂਦਾ ਸੀ ਤੇ ਇਸੇ ਲਈ 'ਤੋਜਕ-ਏ-ਜਹਾਂਗੀਰੀ' ਵਿਚ ਜਹਾਂਗੀਰ ਨੇ ਵਰਨਣ ਕੀਤਾ ਹੈ-

*'ਅਗਰ ਫ਼ਿਰਦੌਸ ਬਰ ਰੂਏ ਜ਼ਮੀਨ ਅਸਤ।*
*ਹਮੀ ਅਸਤੋ, ਹਮੀ ਅਸਤੋ, ਹਮੀ ਅਸਤੋ।*

ਭਾਵ ਕਿ ਜੇ ਧਰਤੀ 'ਤੇ ਸਵਰਗ ਹੈ ਤਾਂ ਇਹੋ ਹੈ, ਇਹੋ ਹੈ, ਇਹੋ ਹੈ। ਇਸੇ ਜੰਨਤ ਨੁਮਾ ਖਿੱਤੇ ਵਿਚ ਸੰਨ ੧੬੭੦ ਈ. ਨੂੰ ਪੱਛਮੀ ਕਸ਼ਮੀਰ ਦੇ ਰਾਜੌਰੀ ਨੇੜੇ ਇਕ ਛੋਟੇ ਜਿਹੇ ਪਿੰਡ ਤੱਛਲ ਵਿਚ ਸ੍ਰੀ ਰਾਮਦੇਵ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਲਛਮਣ ਦੇਵ ਰੱਖਿਆ ਗਿਆ। ਇਹ ਪਿੰਡ ਭਿੰਬਰ ਤੋਂ ਅੱਗੇ ਕਮਨਗੋਥਾ ਦੀਆਂ ਪਹਾੜੀਆਂ ਲੰਘ ਕੇ ਹੈ। ਇੱਥੋਂ ਦੇ ਪ੍ਰਾਚੀਨ ਵਾਸੀ ਡੋਗਰੇ ਰਾਜਪੂਤ ਹਨ ਜੋ ਕਿਸਾਨੀ ਦਾ ਕਿੱਤਾ ਕਰਦੇ ਸਨ। ਰਾਜਪੂਤੀ ਪਿਛੋਕੜ ਕਾਰਨ ਲਛਮਣ ਦੇਵ ਨੇ ਬਹੁਤਾ ਸਮਾਂ ਸ਼ਿਕਾਰ ਖੇਡਣ ਅਤੇ ਤੀਰ-ਅੰਦਾਜ਼ੀ ਵਿਚ ਗੁਜ਼ਾਰਿਆ। ਇੱਥੇ ਪਾਸ ਹੀ ਹਿਰਨੀ ਸ਼ਿਕਾਰਗਾਹ ਅਤੇ ਖੱਚਰ ਸ਼ਿਕਾਰਗਾਹ ਹੈ। ਹਿਰਨੀ ਸ਼ਿਕਾਰਗਾਹ ਵਾਲੇ ਸਥਾਨ 'ਤੇ ਹਿਰਨਾਂ ਦਾ ਵਾਸਾ ਹੋਣ ਕਾਰਨ ਸ਼ਿਕਾਰੀ ਇੱਥੇ ਹਿਰਨਾਂ ਦਾ ਸ਼ਿਕਾਰ ਕਰਨ ਲਈ ਆਇਆ ਕਰਦੇ ਸਨ। ਇਸ ਸਥਾਨ 'ਤੇ ਅੱਜਕਲ੍ਹ ਹਿਰਨੀ ਨਾਂ ਦਾ ਪਿੰਡ ਆਬਾਦ ਹੋ ਗਿਆ ਹੈ। ਇੱਥੇ ਹੀ ਲਛਮਣ ਦੇਵ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ ਸੀ, ਜਿਸਦੇ ਪੇਟ ਵਿੱਚੋਂ ਨਿਕਲੇ ਦੋ ਬੱਚਿਆਂ ਨੇ ਲਛਮਣ ਦੇਵ ਦੀਆਂ ਅੱਖਾਂ ਸਾਹਮਣੇ ਤੜਪ-ਤੜਪ ਕੇ ਪ੍ਰਾਣ ਤਿਆਗ ਦਿੱਤੇ ਸਨ। ਇਸ ਘਟਨਾ ਨੇ ਉਸ ਦੇ ਜੀਵਨ 'ਤੇ ਡੂੰਘਾ ਅਸਰ ਪਾਇਆ। ਜਾਨਕੀ ਦਾਸ ਸਾਧੂ ਦੀ ਸੰਗਤ ਦਾ ਅਸਰ ਕਬੂਲਦਿਆਂ ਲਛਮਣ ਦੇਵ ਨੇ ਜੁਆਨੀ ਵਿਚ ਹੀ ਆਪਣਾ ਘਰ-ਬਾਰ ਤਿਆਗ ਦਿੱਤਾ ਅਤੇ ਆਪਣਾ ਨਾਮ ਬਦਲ ਕੇ ਮਾਧੋ ਦਾਸ ਰੱਖ ਲਿਆ। ਜਾਨਕੀ ਦਾਸ ਸਾਧੂ ਦੀ ਸਮਾਧੀ ਰਾਜੌਰੀ ਵਿਖੇ ਦਰਿਆ ਦੇ ਵਿਚਕਾਰ ਬਣੀ ਹੋਈ ਹੈ। ੧੬੮੬ ਈ. ਵਿਚ ਮਾਧੋ ਦਾਸ ਅਨੰਤ ਦੀ ਭਾਲ ਲਈ ਦਰ-ਦਰ ਭਟਕਦਾ ਹੋਇਆ ਰਾਮ ਥੰਮਣ ਦੇ ਸਥਾਨ 'ਤੇ ਸਾਧੂ ਔਘੜ ਨਾਥ ਦੇ ਸੰਪਰਕ ਵਿਚ ਆਇਆ। ਮਾਧੋ ਦਾਸ ਨੇ ਔਘੜ ਨਾਥ ਦੀ ਸ਼ਾਗਿਰਦੀ ਧਾਰਨ ਕਰ ਲਈ ਅਤੇ ਉਸ ਨਾਲ ਪੰਚਵਟੀ (ਨਾਸਿਕ) ਚਲਾ ਗਿਆ। ਉਸ ਨੇ ਔਘੜ ਨਾਥ ਤੋਂ ਹਠ ਯੋਗ ਸਿੱਖਿਆ। ਔਘੜ ਨਾਥ ਤੋਂ ਸਿੱਖਿਆ ਪ੍ਰਾਪਤ ਕਰ ਮਾਧੋ ਦਾਸ ਰਿਧੀਆਂ-ਸਿਧੀਆਂ ਦਾ ਧਾਰਨੀ ਬਣਿਆ। ਇਸ ਵਿੱਦਿਆ ਨਾਲ ਸੰਬੰਧਿਤ ਉਸਨੇ ਇਕ ਗ੍ਰੰਥ ਵੀ ਔਘੜ ਨਾਥ ਤੋਂ ਪ੍ਰਾਪਤ ਕੀਤਾ। ੧੬੯੧ ਈ. ਵਿਚ ਔਘੜ ਨਾਥ ਪ੍ਰਲੋਕ ਸਿਧਾਰ ਗਿਆ। ਉਸ ਵੇਲੇ ਮਾਧੋ ਦਾਸ ਦੀ ਉਮਰ ੨੧ ਸਾਲ ਸੀ।

**ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

**ਨਾਂਦੇੜ (ਮਹਾਰਾਸ਼ਟਰ):** ਹੁਣ ਮਾਧੋ ਦਾਸ ਨੇ ਨਾਸਿਕ ਛੱਡ ਕੇ ਨਾਂਦੇੜ (ਗੋਦਾਵਰੀ ਦੇ ਕੰਢੇ) ਨੂੰ ਆਪਣਾ ਪੱਕਾ ਟਿਕਾਣਾ ਬਣਾ ਲਿਆ। ੧੬-੧੭ ਸਾਲ ਉਹ ਇੱਥੇ ਹੀ ਰਿਹਾ। ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ੧੭੦੮ ਈ. ਦੱਖਣ ਦੇ ਪ੍ਰਸਿੱਧ ਸ਼ਹਿਰ ਨਾਂਦੇੜ ਵਿਖੇ ਪਹੁੰਚੇ ਤਾਂ ਗੁਰੂ ਜੀ ਦੇ ਅਨੇਕਾਂ ਸ਼ਰਧਾਲੂਆਂ ਨੇ ਉਨ੍ਹਾਂ ਦਾ ਨਾਂਦੇੜ ਪਹੁੰਚਣ ’ਤੇ ਸਵਾਗਤ ਕੀਤਾ, ਜਿਨ੍ਹਾਂ ਵਿਚ ਪਿੰਡ ਸੁਰ ਸਿੰਘ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦਾ ਢਾਡੀ ਨੱਥ ਮੱਲ ਵੀ ਸ਼ਾਮਲ ਸੀ। ਇਹ ਉਹੋ ਢਾਡੀ ਨੱਥ ਮੱਲ ਸੀ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਆਪਣੇ ਭਰਾ ਅਬਦੁੱਲਾ ਨਾਲ ਰਲ ਕੇ ਆਈ ਸੰਗਤ ਨੂੰ ਢੱਡ ਸਾਰੰਗੀ ਨਾਲ ਵਾਰਾਂ ਸੁਣਾਇਆ ਕਰਦਾ ਸੀ। ਨਾਂਦੇੜ ਵਿਖੇ ਗੁਰੂ ਜੀ ਦਾ ਮਿਲਾਪ ਮਾਧੋ ਦਾਸ ਨਾਲ ਹੋਇਆ, ਜਿਸਦੇ ਬਾਰੇ ਸ੍ਰੀ ਗੁਰੂ ਜੀ ਨੂੰ ਜੈਪੁਰ ਰਿਆਸਤ ਦੇ ਨਗਰ ਨਰਾਇਣਾ ਵਿਚ ਸਥਿਤ ਦਾਦੂ ਪੰਥੀ ਮਹੰਤ ਜੈਤ ਰਾਮ ਨੇ ਦੱਸਿਆ ਸੀ ਕਿ ਬੈਰਾਗੀ ਮਾਧੋ ਦਾਸ ਆਪਣੀਆਂ ਰਿਧੀਆਂ-ਸਿਧੀਆਂ ਦੇ ਹੰਕਾਰ ਵਿਚ ਗ੍ਰਸਤ ਹੈ, ਉਹ ਸਾਧੂਆਂ ਅਤੇ ਮਹਿਮਾਨਾਂ ਨੂੰ ਆਪਣੀ ਤਾਕਤ ਨਾਲ ਨੀਵਾਂ ਦਿਖਾ ਕੇ ਬੜਾ ਖੁਸ਼ ਹੁੰਦਾ ਹੈ। ਮਹੰਤ ਜੈਤ ਰਾਮ ਜੀ ਨੇ ਆਪਣੀ ਹੱਡ ਬੀਤੀ ਸਾਂਝੀ ਕਰਦਿਆਂ ਗੁਰੂ ਜੀ ਨੂੰ ਉਸ ਦੇ ਡੇਰੇ ਵਿਚ ਨਾ ਜਾਣ ਦੀ ਸਲਾਹ ਵੀ ਦਿੱਤੀ ਸੀ। ਨਾਂਦੇੜ ਪੁੱਜੇ ਗੁਰੂ ਜੀ ਮਾਧੋ ਦਾਸ ਦੇ ਡੇਰੇ ’ਤੇ ਗਏ ਅਤੇ ਮਾਧੋ ਦਾਸ ਦੇ ਆਸਣ ’ਤੇ ਜਾ ਬਿਰਾਜੇ। ਡੇਰੇ ਤੋਂ ਬਾਹਰ ਗਏ ਮਾਧੋ ਦਾਸ ਨੂੰ ਜਦੋਂ ਚੇਲਿਆਂ ਨੇ ਜਾ ਕੇ ਦੱਸਿਆ ਕਿ ਕੋਈ ਅਜਨਬੀ ਆਪ ਦੇ ਆਸਣ ’ਤੇ ਆ ਬਿਰਾਜਾ ਹੈ ਤਾਂ ਉਸ ਨੇ ਗੁੱਸੇ ਵਿਚ ਆ ਕੇ ਰਿੱਧੀਆਂ-ਸਿੱਧੀਆਂ ਨਾਲ ਗੁਰੂ ਜੀ ਨੂੰ ਨੀਵਾਂ ਦਿਖਾਉਣ ਲਈ ਆਪਣੀ ਤਾਕਤ ਦੀ ਆਜ਼ਮਾਇਸ਼ ਕਰਨੀ ਚਾਹੀ। ਰਿੱਧੀਆਂ-ਸਿੱਧੀਆਂ ਦਾ ਕੋਈ ਅਸਰ ਨਾ ਹੁੰਦਾ ਦੇਖ ਕੇ ਉਹ ਗੁਰੂ ਜੀ ਦੇ ਸਨਮੁਖ ਪੇਸ਼ ਹੋਇਆ। ਉਸ ਵਕਤ ਮਾਧੋ ਦਾਸ ਦੀ ਉਮਰ ਕੋਈ ੩੮ ਸਾਲ ਦੀ ਹੋ ਚੁਕੀ ਸੀ। ਉਸ ਸਮੇਂ ਜੋ ਵਾਰਤਲਾਪ ਹੋਈ ਉਸ ਦਾ ਵਰਨਣ ਅਹਿਮਦਸ਼ਾਹ ਬਟਾਲੀਆ ਆਪਣੀ ਪੁਸਤਕ ‘ਇਬਤਿਦਾਇ ਸਿੰਘਾਂ ਵਾ ਮਜ਼ਹਬਿ ਏਸ਼ਾ’ ਵਿਚ ਇਸ ਤਰ੍ਹਾਂ ਕਰਦਾ ਹੈ-

ਮਾਧੋ ਦਾਸ : ਆਪ ਕੌਣ ਹੋ?
ਗੁਰੂ ਸਾਹਿਬ : ਉਹ ਜਿਸ ਨੂੰ ਤੂੰ ਜਾਣਦਾ ਹੈਂ।
ਮਾਧੋ ਦਾਸ : ਮੈਂ ਕੀ ਜਾਣਦਾ ਹਾਂ?
ਗੁਰੂ ਸਾਹਿਬ : ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ।
ਮਾਧੋ ਦਾਸ : (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ?
ਗੁਰੂ ਸਾਹਿਬ : ਹਾਂ।
ਮਾਧੋ ਦਾਸ : ਆਪ ਇੱਥੇ ਕਿਸ ਤਰ੍ਹਾਂ ਪਧਾਰੇ ਹੋ?
ਗੁਰੂ ਸਾਹਿਬ : ਮੈਂ ਇਸ ਲਈ ਆਇਆਂ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।
ਮਾਧੋ ਦਾਸ : ਮੈਂ ਹਾਜ਼ਰ ਹਾਂ, ਹਜ਼ੂਰ! ਮੈਂ ਆਪ ਦਾ ਬੰਦਾ ਹਾਂ।

ਗੁਰੂ ਕੀਆਂ ਸਾਖੀਆਂ ਵਿਚ ਵਰਣਨ ਹੈ, “ਸੰਮਤ ਸਤਰਾਂ ਸੈ ਪੈਂਸਠ ਅਸ਼ੁਵ ਪ੍ਰਵਿਸ਼ਟੇ ਤੀਜ ਕੇ ਦਿਹੁੰ ਸੂਰਜ ਗ੍ਰਹਿਣ ਕੇ ਲਗੇ ਮੇਲੇ ਤੇ ਗੁਰੂ ਜੀ ਸਾਥੀ ਸਿੱਖਾਂ ਸਮੇਤ

ਮਾਧੋ ਦਾਸ ਬੈਰਾਗੀ ਕੇ ਡੇਰੇ ਗਏ। ਮੇਲਾ ਗੋਦਾਵਰੀ ਦੇ ਕੰਢੇ ਲਗਾ ਹੂਆ ਥਾ।"

ਭਾਈ ਨੱਥ ਮੱਲ ਜੀ ਅਮਰਨਾਮਾ ਵਿਚ ਲਿਖਦੇ ਹਨ:

*ਲਬੇ ਗੋਦਰੀ ਗੁਰ ਬ-ਜ਼ਦ ਖ਼ੈਮਾ ਖ਼ੂਲ।*
*ਬ-ਜਾਏ ਕਿ ਆਸੂਦਾ ਅਹਿਲੇ ਕਬੂਲ॥੨॥*

ਭਾਵ, ਗੋਦਾਵਰੀ ਦੇ ਕੰਢੇ 'ਤੇ ਗੁਰੂ ਜੀ ਨੇ ਇਕ ਐਸੀ ਥਾਂ ਸ਼ਾਨਦਾਰ ਤੰਬੂ ਲਾ ਦਿੱਤੇ ਜਿੱਥੇ ਕਿ (ਰੱਬ ਦੀ ਦਰਗਾਹ ਵਿਚ) ਪਰਵਾਣ ਹੋਇਆਂ ਦੀਆਂ ਕਬਰਾਂ ਸਨ।

*ਬ-ਨਾਲੈਨਿ ਚੋਬੀ ਓ ਯਕ ਕੂਜਾ ਸ਼ੀਰ।*
*ਬਿਆਰਾਸਤ ਓਂਜਾਦਾਏ ਚੂੰ ਸਰੀਰ।*
*ਗਦਾ ਬੂਦ ਆਂ ਜਾਂ ਯਕੇ ਤੁੰਦ ਖ਼ੂ।*
*ਕਿ ਗ਼ੂਲੇ ਬਿਆਬਾਂ ਬ-ਤਸਖ਼ੀਰੇ ਊ।*

ਭਾਵ, ਉੱਥੇ ਇੱਕ ਬੜਾ ਕੌੜੇ ਸੁਭਾਅ ਵਾਲਾ ਸਾਧੂ ਰਹਿੰਦਾ ਸੀ। ਜਿਸਦੇ ਵਸ ਵਿਚ ਜੰਗਲੀ ਭੂਤਾਂ ਪ੍ਰੇਤਾਂ ਦਾ ਟੋਲਾ ਸੀ। ਉਸ ਪਾਸ ਲੱਕੜੀ ਦੀਆਂ ਖੜਾਵਾਂ ਤੇ ਦੁੱਧ ਦੀ ਗੜਵੀ ਸੀ ਤੇ ਉਸ ਨੇ ਆਪਣਾ ਆਸਣ ਸ਼ਾਹੀ ਤਖ਼ਤ ਵਾਂਙੂ ਸਜਾਇਆ ਹੋਇਆ ਸੀ।

*ਕਦਮ ਬੋਸੀਏ ਮਨ ਦਰਾ ਦਮ ਸ਼ੁਦਾ।*
*ਤਲਬਗਾਰਿ ਲੁਤਫ਼ੋ ਤ੍ਰਹੱਮ ਸ਼ੁਦਾ।*

ਭਾਵ, ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਚਰਨੀ ਢਹਿ ਪਿਆ ਅਤੇ ਰਹਿਮ ਦੀ ਕਿਰਪਾ-ਦ੍ਰਿਸ਼ਟੀ ਦਾ ਜਾਚਕ ਹੋਇਆ।

'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਭਾਈ ਕੇਸਰ ਸਿੰਘ ਛਿੱਬਰ ਲਿਖਦਾ ਹੈ:

*"ਸਾਹਿਬ, ਪਾਸੋਂ ਆਦਮੀ ਕਰਿ ਦਿਤੇ ਦੂਰ।*
*ਦੋਹਾਂ ਗੱਲਾਂ ਕੀਤੀਆਂ ਆਪਸ ਵਿਚਿ ਬੈਠ ਕੇ ਮਸ਼ਕੂਰ।*
*ਆਖਿਰ ਸਾਧੂ ਉਠ ਕੇ, ਆ ਚਰਨੀ ਢੱਠਿਆ।*
*ਪਾਹੁਲ ਗੁਰੂ ਕੀ ਛਕ ਕੇ, ਬਣਿਆ ਸਿੰਘ ਹਠੀਆ।੬੨੩।*
*ਉਨ ਆਖਿਆ ਸਾਹਿਬ ਨੂੰ: 'ਮੈਂ ਬੰਦਾ ਤੇਰਾ।*
*ਤੂੰ ਹੈ ਪੂਰਣ ਸਤਿਗੁਰੂ, ਰਾਖ ਰਖਦਾ ਮੇਰਾ'।੬੨੪।*

ਇਸ ਘਟਨਾ ਦਾ ਜ਼ਿਕਰ ਭਾਈ ਸਰੂਪ ਸਿੰਘ ਕੌਸ਼ਿਸ਼ ਨੇ ਵੀ ਭੱਟ ਵਹੀਆਂ ਤੋਂ ਤਿਆਰ ਕੀਤੀ ਪੁਸਤਕ 'ਗੁਰੂ ਕੀਆਂ ਸਾਖੀਆਂ' ਵਿਚ ਕੀਤਾ ਹੈ, "...ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ ਤੇ ਬਚਨ ਕੀਤਾ, "ਮਾਧੋ ਦਾਸ ਹਮ ਤੁਮੇਂ ਮਿਲਨੇ ਆਏ ਹੈਂ...ਬੈਰਾਗੀ ਨੇ ਅੱਖ ਉਠਾਇ ਕਰ ਦੇਖਾ। ਬਚਨ ਬੋਲਾ, ਮਹਾਰਾਜ! ਆਪ ਗੁਰੂ ਗੋਬਿੰਦ ਰਾਇ(ਸਿੰਘ) ਜੀ ਹੋ, ਜਿਨ ਕੇ ਪਿਤਾ, ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਮੇਂ ਜਾਇ ਆਪਨਾ ਸੀਸ ਬਲੀਦਾਨ ਦੀਆ ਥਾ? ਸਤਿਗੁਰਾਂ ਕਹਾ- ਹਾਂ ਮਾਧੋਦਾਸ।...ਹਾਂ ਕੀ ਆਵਾਜ ਸੁਨ ਕੇ ਆਪਣਾ ਮਸਤਕ ਗੁਰੂ ਜੀ ਕੇ ਪਾਉ ਮੇਂ ਰਖ ਖਿਮਾ ਕੀ ਜਾਚਨਾ ਕੀ।...ਮਾਧੋਦਾਸ ਤ੍ਰਬਕ ਕੇ ਬੋਲਾ, ਮੈਂ ਆਜ ਸੇ ਦਿਲੋਜਾਨ ਸੇ ਤੇਰਾ ਬੰਦਾ ਹਾਂ।...ਭਾਈ ਦਯਾ ਸਿੰਘ ਨੇ ਮਾਧੋਦਾਸ

ਨੂੰ ਕਿਹਾ, ਤਿਆਰ ਹੋ ਜਾਵੋ ਤੁਸਾਂ ਨੂੰ ਖੰਡੇ ਦੀ ਪਾਹੁਲ ਦੇਣੀ ਹੈ! ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਮੁਬਾਰਕ ਹੱਥਾਂ ਨਾਲ ਕੰਘਾ, ਕਰਦ, ਕੜਾ, ਤੇ ਕਛਾ ਪਹਿਨਾਏ। ਸਿਰ ਤੇ ਛੋਟੀ ਦਸਤਾਰ ਕੇਸਕੀ ਸਜਾ ਬੈਰਾਗੀ ਸੇ ਸਿੰਘ ਰੂਪ ਮੈਂ ਲੈ ਆਂਦਾ।"

ਇਸ ਤਰ੍ਹਾਂ ਮਾਧੋ ਦਾਸ ਹਰੀ ਦਾਸ ਦਖਣੀ ਨੂੰ ਆਪਣਾ ਉਤਰਾਧਿਕਾਰੀ ਥਾਪ ਕੇ ਸਦਾ ਲਈ ਗੁਰੂ ਜੀ ਦੀ ਸ਼ਰਨ ਵਿਚ ਚਲਾ ਗਿਆ। ਗੁਰੂ ਸਾਹਿਬ ਨੇ ਮਾਧੋ ਦਾਸ ਦੀ ਕਾਇਆ ਕਲਪ ਕੀਤੀ ਤੇ ਉਸ ਨੂੰ ਖੰਡ ਦੀ ਪਾਹੁਲ ਦੇ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਮ ਦਿੱਤਾ।

ਜ਼ਾਲਮਾਂ ਦੇ ਟਾਕਰੇ ਲਈ ਉਸ ਨੂੰ ਪੂਰਨ ਰੂਪ ਵਿਚ ਤਿਆਰ ਕਰਨ ਉਪਰੰਤ ਗੁਰੂ ਜੀ ਨੇ ਖ਼ਾਲਸੇ ਦਾ ਜਥੇਦਾਰ ਥਾਪਿਆ ਅਤੇ ਪੰਜ ਤੀਰ, ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ, ਪੰਜ ਪ੍ਰਮੁੱਖ ਸਿੱਖ ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ ਅਤੇ ੨੦ ਹੋਰ ਸਿੰਘਾਂ ਦੀ ਫ਼ੌਜ ਦੇ ਕੇ ਪੰਜਾਬ ਵੱਲ ਰਵਾਨਾ ਕੀਤਾ ਅਤੇ ਕਿਹਾ ਕਿ ਬਿਖੜੇ ਸਮੇਂ ਵਿਚ ਇਹ ਪੰਜ ਸਿੰਘ ਬੰਦਾ ਸਿੰਘ ਨੂੰ ਸਿੱਖੀ ਦੇ ਅਸੂਲ ਸਮਝਾਉਂਦੇ ਰਹਿਣਗੇ। ਇਸ ਪਿੱਛੇ ਗੁਰੂ ਸਾਹਿਬ ਦਾ ਮੂਲ ਉਦੇਸ਼ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਫ਼ਲਸਫ਼ੇ/ਗੁਰਮਤਿ ਵਿਚਾਰਧਾਰਾ ਵਿਚ ਵਿਅਕਤੀਵਾਦ ਤੋਂ ਬਚਾ ਕੇ ਰੱਖਣਾ ਅਤੇ ਸੰਗਠਨ ਤੇ ਜਥੇਬੰਦੀ ਦੀ ਸ਼ਕਤੀ ਨੂੰ ਪ੍ਰਮੁੱਖਤਾ ਦਿੰਦੇ ਰਹਿਣ ਦਾ ਸੀ। ਢਾਡੀ ਨੱਥ ਮੱਲ ਜੀ ਲਿਖਦੇ ਹਨ-

*ਫ਼ਰਿਸਤਾਦਨਸ੍ਹ ਸੂਇ ਪੰਜਾਬ ਕਰਦ।*
*ਮਏ ਪੰਜ ਸਿੰਘਾਨਿ ਆਜ਼ਾਦ ਮਰਦ॥*

ਭਾਵ, ਪੰਜ ਸੁਤੰਤਰ ਸੋਚ ਵਾਲੇ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਜਾਣ ਦੀ ਆਗਿਆ ਕੀਤੀ ਗਈ।

ਗੁਰੂ ਕੀਆਂ ਸਾਖੀਆਂ ਵਿਚ ਜ਼ਿਕਰ ਹੈ, "ਸੰਮਤ ਸਤ੍ਰਾ ਸੈ ਪੈਂਸਠ ਕਾਰਤਕ ਪਾਲੇ ਸੁਦੀ ਤਿਥ ਤੀਜ ਕੇ ਦਿਹੁੰ ਬੰਦਾ ਸਿੰਘ ਕੋ ਪੰਥ ਦਾ ਜਥੇਦਾਰ ਥਾਪ ਬਾਂਗੇਸਰੀ (ਭਾਈ ਭਗਵੰਤ ਸਿੰਘ) ਕੇ ਟਾਂਡੇ ਮੇ ਮਦਰ ਦੇਸ ਜਾਨੇ ਕਾ ਬਚਨ ਕੀਆ। ਇਸ ਕੇ ਹਮਰਾਹ ਪਾਂਚ ਚੋਨਮੇ ਸਿਖ ਭਾਈ ਭਗਵੰਤ ਸਿੰਘ ਕੋਇਰ ਸਿੰਘ ਬਾਜ ਸਿੰਘ ਬਿਨੋਦ ਸਿੰਘ ਤੇ ਕਾਹਨ ਸਿੰਘ ਦੀਏ। ਬਚਨ ਹੋਆ ਬੰਦਾ ਸਿੰਘ ਜਹਾਂ ਭੀੜ ਬਨੇ ਪਾਂਚ ਸੇ ਅਰਦਾਸ ਕਰਾਨਾ, ਗੁਰੂ ਅੰਗ ਸੰਗ ਹੋਵੇਗਾ... ਸਤਿਗੁਰਾਂ ਇਸੇ ਗਾਤ੍ਰੇ ਕੀ ਸ੍ਰੀ ਸਾਹਿਬ ਏਕ ਮੋਹਰ ਪਾਂਚ ਤੀਰ ਤੇ ਨਿਸ਼ਾਨ ਦੇ ਕੇ ਪੰਜਾਬ ਕੀ ਤਰਫ ਵਿਦਾ ਕੀਆ।"

ਤਾਰੀਖ-ਏ-ਪੰਜਾਬ ਦਾ ਕਰਤਾ ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਚਲਣ ਸਮੇਂ ਆਪਣੇ ਇਕ ਬੈਰਾਗੀ ਸਾਥੀ ਆਤਮਾ ਰਾਮ ਨੂੰ ਨਾਲ ਚਲਣ ਲਈ ਕਿਹਾ ਸੀ, ਪਰ ਉਸ ਨੇ "ਅਸੀਂ ਫਕੀਰ ਲੋਕ ਹਾਂ। ਸਾਨੂੰ ਲੜਾਈ ਅਤੇ ਸੈਨਿਕ ਤੌਰ-ਤਰੀਕੇ ਸ਼ੋਭਾ ਨਹੀਂ ਦਿੰਦੇ। ਤੁਹਾਡੇ ਦਿਨ ਪੂਰੇ ਹੋ ਗਏ ਹਨ ਇਸ ਲਈ ਤੁਹਾਨੂੰ ਹੁਣ ਅਜਿਹੀਆਂ ਗੱਲਾਂ ਸੁਝਦੀਆਂ ਹਨ" ਕਹਿ ਕੇ ਇਨਕਾਰ ਕਰ ਦਿੱਤਾ ਸੀ।

**ਨਾਂਦੇੜ ਤੋਂ ਪੰਜਾਬ:** ਗੁਰੂ ਜੀ ਦੇ ਦੱਖਣ ਵਲ ਜਾਣ ਕਾਰਨ ਸਿੰਘ ਮਾਲਵਾ, ਦੁਆਬਾ ਅਤੇ ਮਾਝੇ ਦੇ ਇਲਾਕੇ ਵਿਚ ਖਿੰਡੇ ਪੁੰਡੇ ਬੈਠੇ ਸਨ, ਇਹ ਕਿਸੇ ਸੰਗਠਿਤ ਰੂਪ ਵਿਚ ਨਹੀਂ ਸਨ। ਸੋ ਪੰਜਾਬ ਪਹੁੰਚਣ ਸਾਰ ਹੀ ਬਾਬਾ ਜੀ ਦਾ ਪਹਿਲਾ ਕੰਮ ਇਨ੍ਹਾਂ ਸਿੰਘਾਂ ਨੂੰ ਆਪਣੀ ਕਮਾਨ ਹੇਠ ਲਿਆਉਣਾ ਅਤੇ ਉਨ੍ਹਾਂ ਦਾ ਵਿਸ਼ਵਾਸ ਹਾਸਲ ਕਰਨਾ ਸੀ। ਅੰਗਰੇਜ਼ ਇਤਿਹਾਸਕਰ ਮੈਕਾਲਿਫ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਰਸਤੇ ਅਤੇ ਕੁਮਕ ਮਿਲਣ ਅਤੇ ਰੁਕਣ ਦੇ ਥਾਂ ਬਾਰੇ ਸਾਰੀ ਯੋਜਨਾ ਗੁਰੂ ਸਾਹਿਬ ਨੇ ਬਣਾ ਕੇ ਦਿੱਤੀ ਸੀ ਪਰ ਫਿਰ ਵੀ ਉਸ ਦੇ ਸਾਹਮਣੇ ਕਈ ਤਰ੍ਹਾਂ ਦੀਆਂ ਕਠਿਨਾਈਆਂ ਸਨ। ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਚੱਲ ਕੇ ਮਹਾਰਾਸ਼ਟਰ, ਤਿਲੰਗਾਨਾ ਦੇ ਵੱਖ-ਵੱਖ ਇਲਾਕਿਆਂ ਰਾਹੀਂ ਮੱਧ ਪ੍ਰਦੇਸ਼ ਦੇ ਇੰਦੌਰ ਤੇ ਉਜੈਨ ਨਗਰਾਂ ਵਿਚ ਦੀ ਹੁੰਦਾ ਹੋਇਆ ਰਾਜਪੂਤਾਨੇ ਦੇ ਇਲਾਕੇ ਵਿਚ ਦਾਖਲ ਹੋਇਆ। ਮਾਇਆ ਤੇ ਮਨੁੱਖਾਂ ਦੀ ਬਹੁਤ ਕਮੀ ਸੀ। ਰਸਤੇ ਵਿਚ ਭਰਤਪੁਰ ਦੇ ਇਕ ਧਨਾਢ ਵੱਲੋਂ ਦਸਵੰਧ ਦੀ ਰਕਮ ਦੇਣ ਕਾਰਨ ਉਸ ਨੂੰ ਵਡੀ ਰਾਹਤ ਮਹਿਸੂਸ ਹੋਈ।

ਰਸਤੇ ਵਿਚ ਉਸ ਨੂੰ ਲੁਬਾਣੇ ਸਿੱਖਾਂ ਦਾ ਕਾਫਲਾ ਮਿਲਿਆ ਜੋ ਗੱਡੇ/ਰੇਹੜਿਆਂ 'ਤੇ ਆਪਣਾ ਸਾਮਾਨ ਲਈ ਜਾ ਰਹੇ ਸਨ। ਪਹਿਲਾਂ ਤਾਂ ਉਹ ਦੂਰੋਂ ਘੋੜੇ ਆਉਂਦੇ ਦੇਖ ਕੇ ਡਰ ਗਏ ਕਿ ਸ਼ਾਇਦ ਕੋਈ ਡਾਕੂ-ਲੁਟੇਰੇ ਨਾ ਹੋਣ ਪਰ ਜਦੋਂ ਉਹ ਨੇੜੇ ਆਏ ਤਾਂ ਉਨ੍ਹਾਂ ਨੇ ਗੁਰੂ ਦੇ ਸਿੰਘਾਂ ਨੂੰ ਪਛਾਣ ਲਿਆ। ਲੁਬਾਣੇ ਸਿੱਖਾਂ ਦੇ ਮੁਖੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਵੰਧ ਦੀਆਂ ੫੦੦ ਮੋਹਰਾਂ ਦਿੱਤੀਆਂ ਤਾਂ ਕਿ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕਣ। ਬਾਬਾ ਬੰਦਾ ਸਿੰਘ ਬਹਾਦਰ ਨੇ ਇਕ ਮਹਾਨ ਜਰਨੈਲ ਵਾਂਗ ਆਪਣੇ ਸਿਪਾਹੀਆਂ ਦਾ ਖਿਆਲ ਅਤੇ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਉਹ ਮੋਹਰਾਂ ਸਾਰੇ ਸਿੰਘਾਂ ਵਿਚ ਬਰਾਬਰ ਵੰਡ ਦਿੱਤੀਆਂ ਜਿਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਪ੍ਰਤੀ ਸਿੰਘਾਂ ਦਾ ਪ੍ਰੇਮ-ਭਾਵ ਹੋਰ ਵਧ ਗਿਆ।

**ਲਹਾਰੂ:** ਬਾਬਾ ਬੰਦਾ ਸਿੰਘ ਬਹਾਦਰ ਨੇ ਲਹਾਰੂ (ਹਰਿਆਣਾ ਪ੍ਰਾਂਤ ਦਾ ਪਿੰਡ ਹੈ ਜੋ ਰਾਜਸਥਾਨ ਦੇ ਬਾਰਡਰ ਨਾਲ ਲੱਗਦਾ ਹੈ) ਵਿਖੇ ਪਹੁੰਚ ਕੇ ਉੱਥੋਂ ਦੇ ਵਸਨੀਕਾਂ ਨੂੰ ਦੱਸਿਆ ਕਿ ਦੁੱਖਾਂ ਤੋਂ ਮੁਕਤ ਹੋਣ ਲਈ ਜ਼ਰੂਰੀ ਹੈ ਕਿ ਤੁਸੀਂ ਜ਼ਾਲਮਾਂ ਦੇ ਜ਼ੁਲਮ ਨੂੰ ਲਲਕਾਰੋ ਅਤੇ ਤੇਗ ਦੇ ਧਨੀ ਬਣੋ। ਅਜੇ ਬਾਬਾ ਜੀ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਹੀ ਕਰ ਰਹੇ ਸਨ ਕਿ ਉਸੇ ਸਮੇਂ ਲੋਕਾਂ ਵਿਚ ਰੌਲਾ ਪੈ ਗਿਆ ਕਿ ਧਾੜਵੀ ਆ ਰਹੇ ਹਨ। ਇਹ ਸੁਣ ਕੇ ਸਾਰੇ ਭਜਣ ਲਗੇ। ਬਾਬਾ ਜੀ ਨੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਅਸੀਂ ਸਾਰੇ ਰਲ ਕੇ ਉਨ੍ਹਾਂ ਦਾ ਮੁਕਾਬਲਾ ਕਰਦੇ ਹਾਂ, ਪਰ ਪਿੰਡ ਦੇ ਪੰਚ ਨੇ ਕਿਹਾ ਕਿ ਧਾੜਵੀ ਕਾਫ਼ੀ ਸੰਖਿਆ ਵਿਚ ਆਉਂਦੇ ਹਨ, ਜੋ ਵੀ ਇਨ੍ਹਾਂ ਅੱਗੇ ਅੜਦਾ ਹੈ, ਉਹ ਉਸ ਨੂੰ ਪਾਰ ਬੁਲਾ ਦਿੰਦੇ ਹਨ, ਬਾਬਾ ਜੀ ਤੁਹਾਡੇ ਸਿੰਘਾਂ ਦੀ ਸੰਖਿਆ ਬਹੁਤ ਥੋੜ੍ਹੀ ਹੈ ਸੋ ਮੌਕਾ ਹੈ ਕਿਸੇ ਸੁਰੱਖਿਅਤ ਥਾਂ 'ਤੇ ਚਲੇ ਜਾਓ। ਧਾੜਵੀਆਂ ਦੀ ਇਕ ਟੋਲੀ ਨੇ ਪਿੰਡ ਤੇ ਹਮਲਾ ਕਰ ਦਿੱਤਾ। ਇੱਥੇ ਬਾਬਾ ਜੀ ਨੇ ਜੰਗੀ ਨੁਕਤਾ-ਨਿਗਾਹ ਤੋਂ ਇਕ ਹੋਰ ਪੈਂਤੜਾ ਇਸਤੇਮਾਲ ਕੀਤਾ। ਡਾਕੂਆਂ ਨੂੰ ਪਿੰਡ ਲੁੱਟ ਲੈਣ ਦਿੱਤਾ ਅਤੇ ਜਦੋਂ ਉਹ ਲੁੱਟ-

ਮਾਰ ਕਰਕੇ ਖੁਸ਼ੀਆਂ ਮਨਾਉਂਦੇ ਪਿੰਡ ਤੋਂ ਬਾਹਰ ਆਏ ਤਾਂ ਸਿੰਘਾਂ ਨੇ ਉਨ੍ਹਾਂ ਨੂੰ ਘੇਰ ਲਿਆ। ਸਿੰਘਾਂ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਲੁੱਟ ਦਾ ਸਾਰਾ ਸਾਮਾਨ ਖੋਹ ਲਿਆ। ਲੁਟੇਰਿਆਂ ਨੇ ਭੱਜ ਕੇ ਆਪਣੀ ਜਾਨ ਬਚਾਈ। ਧਾੜਵੀਆਂ ਦਾ ਸਰਦਾਰ ਜਿਸ ਤੋਂ ਡਰਦੇ ਲੋਕ ਕੁਸਕਦੇ ਨਹੀਂ ਸਨ, ਉਸ ਨੂੰ ਰੱਸੀਆਂ ਨਾਲ ਨੂੜ ਕੇ ਪਿੰਡ ਲੈ ਆਏ। ਉਹ ਬਾਬਾ ਜੀ ਅੱਗੇ ਧੌਣ ਝੁਕਾਈ ਖੜ੍ਹਾ ਸੀ। ਬਾਬਾ ਜੀ ਨੇ ਲੁੱਟ ਦਾ ਸਾਰਾ ਸਾਮਾਨ ਲਿਆ ਕੇ ਚੌਂਕ ਵਿਚ ਰੱਖ ਦਿੱਤਾ ਅਤੇ ਪਿੰਡ ਵਾਸੀਆਂ ਨੂੰ ਆਪਣਾ-ਆਪਣਾ ਪਛਾਣ ਕੇ ਲੈ ਜਾਣ ਲਈ ਕਿਹਾ। ਇਸ ਘਟਨਾ ਨੇ ਪਿੰਡ ਵਾਸੀਆਂ ਵਿਚ ਨਵਾਂ ਜੋਸ਼ ਭਰ ਦਿੱਤਾ। ਪਿੰਡ ਦੇ ਨੌਜਵਾਨ ਅੰਮ੍ਰਿਤ ਛਕ ਕੇ ਖਾਲਸਾ ਫ਼ੌਜ ਵਿਚ ਭਰਤੀ ਹੋ ਗਏ। ਉਨ੍ਹਾਂ ਨੇ ਆਪਣੇ ਘਰਾਂ ਵਿੱਚੋਂ ਦੱਬੀਆਂ ਤੇ ਜੰਗਾਲੀਆਂ ਤੇਗਾਂ ਕੱਢ ਲਿਆਂਦੀਆਂ ਅਤੇ ਮਿਆਨ ਵਿੱਚੋਂ ਕੱਢ ਕੇ, ਖੰਗਰਾਂ ਤੇ ਰਗੜਨੀਆਂ ਸ਼ੁਰੂ ਕਰ ਦਿੱਤੀਆਂ। ਧਾੜਵੀ ਆਪਣੇ ਮੁੱਖੀ ਨੂੰ ਛਡਾਉਣ ਲਈ ਮੁੜ-ਮੁੜ ਆਉਂਦੇ ਰਹੇ ਪਰ ਪਿੰਡ ਵਾਸੀ ਡਰਨ ਦੀ ਥਾਂ ਉਨ੍ਹਾਂ ਤੇ ਝਪਟਦੇ, ਕੁਝ ਨੂੰ ਢਾਹ ਲੈਂਦੇ ਅਤੇ ਕੁਝ ਡਰਦੇ ਨੱਸ ਜਾਂਦੇ।

**ਖਰਖੋਦਾ:** ਬਾਬਾ ਬੰਦਾ ਸਿੰਘ ਬਹਾਦਰ ਦਾ ਜਥਾ ਚੱਲਦਾ-ਚੱਲਦਾ ਬਾਂਗਰ ਦੇ ਇਲਾਕੇ ਪਰਗਣਾ ਖਰਖੋਦੇ ਵਿਚ ਪਹੁੰਚ ਗਿਆ। ਖਰਖੋਦਾ, ਸਾਂਪਲਾ ਤਹਿਸੀਲ ਵਿਚ, ਸਾਂਪਲਾ ਤੇ ਸੋਨੀਪਤ ਵਿਚਕਾਰ ਦਿੱਲੀ ਦੇ ਉੱਤਰ ਪੱਛਮ ਵੱਲ ਦਿੱਲੀ ਤੋਂ ਤਕਰੀਬਨ ੪੦ ਕਿਲੋਮੀਟਰ ਅਤੇ ਰੋਹਤਕ ਤੋਂ ੩੩ ਕਿਲੋਮੀਟਰ ਦੂਰ ਹੈ। ਉਸ ਸਮੇਂ ਇਹ ਇਲਾਕਾ ਉਜਾੜ ਬੀਆਬਾਨ ਤੇ ਜੰਗਲ ਹੋਣ ਕਰਕੇ ਕਾਫੀ ਮਹਿਫੂਜ਼ ਸੀ।

**ਸੇਹਰੀ ਖਾਂਡਾ:** ਬਾਬਾ ਬੰਦਾ ਸਿੰਘ ਬਹਾਦਰ ਨੇ ਖਰਖੋਦੇ ਤੋਂ ੧੩ ਕਿਲੋਮੀਟਰ ਦੂਰ ਪਿੰਡ ਸੇਹਰੀ ਅਤੇ ਖਾਂਡਾ ਵਿਚਕਾਰ ਇਕਾਂਤ ਸਥਾਨ 'ਤੇ ਆਪਣਾ ਪੜਾਅ ਕੀਤਾ। ਇਥੋਂ ਹੀ ਬਾਬਾ ਜੀ ਨੇ ਪੰਜਾਬ ਵਿਚ ਵੱਖ ਵੱਖ ਇਲਾਕਿਆਂ ਦੇ ਮੁਖੀ ਸਿੱਖਾਂ ਨੂੰ ਸੁਨੇਹੇ ਭੇਜ ਕੇ ਗੁਰੂ ਸਾਹਿਬ ਜੀ ਦਾ ਸੰਦੇਸ਼ ਦਿੱਤਾ ਅਤੇ ਹੱਥਿਆਰਬੰਦ ਹੋ ਕੇ ਬਾਂਗਰ ਦੇਸ਼ ਪਹੁੰਚਣ ਲਈ ਸੱਦਾ ਭੇਜਿਆ। ਸੱਦਾ ਮਿਲਦਿਆਂ ਹੀ ਲੋਕ ਤਿਆਰ-ਬਰ-ਤਿਆਰ ਹੋ ਕੇ ਉਸ ਪਾਸ ਪਹੁੰਚਣੇ ਸ਼ੁਰੂ ਹੋ ਗਏ ਅਤੇ ਕੁਝ ਹੀ ਦਿਨਾਂ ਵਿਚ ਪੰਜ ਸੌ ਦੇ ਕਰੀਬ ਸਿੰਘ ਇਕੱਤਰ ਹੋ ਗਏ। ਭਾਈ ਰੂਪੇ ਦੇ ਭਾਈ ਧਰਮ ਸਿੰਘ ਅਤੇ ਕਰਮ ਸਿੰਘ, ਭਾਈ ਬਹਿਲੋ, ਭਾਈ ਭਗਤੂ ਕਾ ਭਾਈ ਫ਼ਤਿਹ ਸਿੰਘ, ਚੌਧਰੀ ਰਾਮ ਸਿੰਘ ਤੇ ਤੀਲੋਕ ਸਿੰਘ ਦੀ ਪੰਜ ਸੌ ਦੀ ਫ਼ੌਜ, ਸਲੋਦੀ ਵਾਲੇ ਭਾਈ ਆਲੀ ਸਿੰਘ ਤੇ ਮਾਲੀ ਸਿੰਘ ਅਤੇ ਮਾਲਵੇ ਦੇ ਬਹੁਤ ਸਾਰੇ ਸਿੱਖ ਪਰਵਾਰਾਂ ਦੇ ਬਹੁਤ ਸਾਰੇ ਜਵਾਨ ਆਪਣੇ ਘੋੜਿਆਂ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਬਾਬਾ ਜੀ ਦੇ ਕੈਂਪ ਵਿਚ ਪਹੁੰਚ ਗਏ। ਕੁਝ ਹੀ ਹਫਤਿਆਂ ਵਿਚ ਇਹ ਗਿਣਤੀ ਚਾਰ ਹਜ਼ਾਰ ਤਕ ਪਹੁੰਚ ਗਈ। ਇੱਥੇ ਹੀ ਬੈਠ ਕੇ ਬਾਬਾ ਜੀ ਨੇ ਆਪਣੀਆਂ ਅਗਲੀਆਂ ਮੁਹਿੰਮਾਂ ਲਈ ਨੀਤੀ ਤਿਆਰ ਕੀਤੀ।

ਬਾਬਾ ਜੀ ਨੇ ਪਿੰਡਾਂ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਕੋਈ ਵੀ ਸਰਕਾਰੀ ਮੁਆਮਲਾ ਨਾ ਦੇਵੇ, ਸਾਨੂੰ ਸਿਰਫ ਦੁੱਧ, ਦਹੀਂ ਅਤੇ ਹੋਰ ਲੋੜੀਂਦੀਆਂ ਵਸਤਾਂ ਦਿਓ, ਅਸੀਂ ਤੁਹਾਡੀ ਹਰ ਤਰ੍ਹਾਂ ਦੀ ਲੁੱਟ-ਖਸੁੱਟ ਤੋਂ ਰਾਖੀ ਕਰਾਂਗੇ। ਇਸ ਤਰ੍ਹਾਂ ਲੁਟੇਰਿਆਂ

ਅਤੇ ਸਰਕਾਰੀ ਹਾਕਮਾਂ ਦੇ ਸਤਾਏ ਲੋਕ ਬਾਬਾ ਜੀ ਦੀ ਕਮਾਂਡ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਝੰਡੇ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ।

**ਕੁਰਮਾਨਾ, ਟੂਹਾਣਾ, ਸੋਨੀਪਤ ਤੇ ਕੈਥਲ:** ਗਿਆਨੀ ਗਿਆਨ ਸਿੰਘ ਅਨੁਸਾਰ ਜਥੇ ਦਾ ਪਹਿਲਾ ਨਿਸ਼ਾਨਾ ਕੁਰਮਾਨਾ ਨਗਰ ਬਣਿਆ ਤੇ ਫੇਰ ਟੂਹਾਣਾ ਸ਼ਹਿਰ ਉੱਤੇ ਹਮਲਾ ਕੀਤਾ ਗਿਆ ਜਿੱਥੇ ਵਜ਼ੀਰ ਖਾਂ ਦੇ ਨਜਦੀਕੀ ਰਿਸ਼ਤੇਦਾਰ ਰਹਿੰਦੇ ਸਨ। ਇਸ ਤੋਂ ਬਾਅਦ ਉਸ ਨੇ ਸੋਨੀਪਤ ਅਤੇ ਕੈਥਲ 'ਤੇ ਕਬਜ਼ਾ ਕੀਤਾ। ਸੋਨੀਪਤ ਸ਼ਹਿਰ ਦਾ ਫ਼ੌਜਦਾਰ ਬਹੁਤ ਡਰ ਗਿਆ। ਲੜਾਈ ਵਿਚ ਖਾਲਸਾ ਫ਼ੌਜ ਨੇ ਦੁਸ਼ਮਣ ਫ਼ੌਜ ਦੇ ਛੱਕੇ ਛੁਡਾ ਦਿੱਤੇ ਅਤੇ ਸੋਨੀਪਤ ਸ਼ਹਿਰ 'ਤੇ ਜਿੱਤ ਪ੍ਰਾਪਤ ਕੀਤੀ। ਸੋਨੀਪਤ ਤੋਂ ਬਾਬਾ ਜੀ ਨੇ ਸਮਾਣੇ ਦਾ ਰੁਖ ਕੀਤਾ। ਰਸਤੇ ਵਿਚ ਉਸ ਨੂੰ ਖ਼ਬਰ ਮਿਲੀ ਕਿ ਕੁਝ ਸਿਪਾਹੀ ਸਰਕਾਰੀ ਮਾਮਲੇ ਦੀ ਰਕਮ ਇਕੱਠੀ ਕਰ ਕੇ ਭੂਨਾ ਪਿੰਡ 'ਚ ਠਹਿਰੇ ਹੋਏ ਹਨ। ਬਾਬਾ ਜੀ ਨੂੰ ਇਸ ਸਮੇਂ ਮਾਇਆ ਦੀ ਬਹੁਤ ਜ਼ਰੂਰਤ ਸੀ, ਉਨ੍ਹਾਂ ਨੇ ਇਸ ਨੂੰ ਰੱਬੀ-ਸਹਾਇਤਾ ਸਮਝ ਕੇ ਸਾਰੀ ਰਕਮ ਆਪਣੇ ਕਬਜ਼ੇ ਵਿਚ ਲੈ ਲਈ। ਖ਼ਬਰ ਸੁਣਦੇ ਹੀ ਕੈਥਲ ਦਾ ਆਮਿਲ ਫ਼ੌਜ ਲੈ ਕੇ, ਬਾਬਾ ਜੀ ਦਾ ਮੁਕਬਲਾ ਕਰਨ ਲਈ ਆ ਚੜ੍ਹਿਆ, ਪਰ ਉਸ ਨੂੰ ਲੱਕ-ਤੋੜਵੀ ਹਾਰ ਹੋਈ ਅਤੇ ਉਸ ਨੇ ਆਪਣੇ ਸਾਰੇ ਘੋੜੇ ਬਾਬਾ ਜੀ ਨੂੰ ਭੇਂਟ ਕਰਕੇ ਆਪਣੀ ਜਾਨ ਬਚਾਈ।

**ਸਮਾਣਾ:** ਇਤਿਹਾਸਿਕ ਨਗਰੀ ਸਮਾਣਾ ਆਪਣੀ ਬੁੱਕਲ ਵਿਚ ਕਈ ਪਹਿਲੂ ਲਕੋਈ ਬੈਠੀ ਹੈ। ਇਹ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਅਤੇ ਇਕ ਪੁਰਾਣਾ ਇਤਿਹਾਸਿਕ ਕਸਬਾ ਹੈ ਜੋ ਪਟਿਆਲਾ ਤੋਂ ਲੱਗਭਗ ੩੦ ਕਿਲੋਮੀਟਰ ਦੂਰ ਹੈ। ਇਸ ਦਾ ਪਹਿਲਾ ਨਾਂ ਇਮਾਮਗੜ੍ਹ ਸੀ ਪਰ ਬਾਅਦ ਵਿਚ ਫਾਰਸ ਦੇ ਸਮਾਨੀ ਖ਼ਾਨਦਾਨ ਨਾਲ ਸੰਬੰਧਿਤ ਕੁਝ ਲੋਕਾਂ ਦੇ ਇੱਥੇ ਆ ਵਸਣ ਕਾਰਨ ਇਸਦਾ ਨਾਂ ਸਮਾਣਾ ਪੈ ਗਿਆ। ਧਰਮ ਦੀ ਰੱਖਿਆ ਵਾਸਤੇ ਬਲੀਦਾਨ ਦੇਣ ਲਈ ਦਿੱਲੀ ਜਾਂਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਮਾਣਾ ਰੁਕੇ ਸਨ। ਉਸ ਸਥਾਨ 'ਤੇ ਉਨ੍ਹਾਂ ਦੀ ਯਾਦ 'ਚ ਇਕ ਗੁਰਦੁਆਰਾ 'ਥੜ੍ਹਾ ਸਾਹਿਬ' ਬਣਾਇਆ ਗਿਆ ਹੈ। ਗੁਰੂ ਸਾਹਿਬ ਨੂੰ ਪਿੱਛਾ ਕਰ ਰਹੇ ਮੁਗਲ ਸੈਨਿਕਾਂ ਤੋਂ ਸੁਰੱਖਿਅਤ ਪ੍ਰਦਾਨ ਕਰਨ ਹਿੱਤ ਉੱਥੋਂ ਦਾ ਇਕ ਦਰਵੇਸ਼ ਮੁਸਲਮਾਨ ਮੁਹੰਮਦ ਬਖਸ਼ ਉਰਫ ਭੀਖਨ ਖਾਂ ਗੁਰੂ ਜੀ ਨੂੰ ਉੱਥੋਂ ਤਿੰਨ ਕਿਲੋਮੀਟਰ ਦੂਰ ਪਿੰਡ ਗੜ੍ਹੀ ਨਜ਼ੀਰ ਆਪਣੇ ਘਰ ਲੈ ਗਿਆ ਸੀ। ਇਤਿਹਾਸ ਗਵਾਹ ਹੈ ਕਿ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲੂਦੀਨ, ਅਲੀ ਹੁਸੈਨ ਜਿਸ ਨੇ ਅਨੰਦਪੁਰ ਸਾਹਿਬ ਵਿਖੇ ਕੁਰਾਨ ਦੀਆਂ ਕਸਮਾਂ ਖਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਝੂਠੇ ਵਾਅਦੇ ਕਰ ਕੇ ਅਨੰਦਗੜ੍ਹ ਦਾ ਕਿਲ੍ਹਾ ਖਾਲੀ ਕਰਵਾਇਆ ਸੀ, ਸਰਹਿੰਦ ਵਿੱਖੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਸ਼ਹਿਰ ਦੇ ਰਹਿਣ ਵਾਲੇ ਸਨ। ਸਮੇਂ ਦੀ ਮਾਰ ਨਾਲ ਵਿਦਵਾਨਾਂ ਵਜੋਂ ਜਾਣਿਆ ਜਾਣ ਵਾਲਾ ਸ਼ਹਿਰ ਜੱਲਾਦਾਂ ਦੇ ਸ਼ਹਿਰ ਵਜੋਂ ਜਾਣਿਆ ਜਾਣ ਲੱਗ ਪਿਆ ਸੀ। ਇਹੀ ਕਾਰਨ ਸੀ ਕਿ ਖਾਲਸੇ ਨੇ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ

ਹੇਠ ੧੭੦੯ ਈ. ਨੂੰ ਸ਼ਹਿਰ ਤੇ ਹੱਲਾ ਬੋਲ ਦਿੱਤਾ। ਇੱਥੋਂ ਦੇ ੨੨ ਜ਼ਾਲਮ ਘਰਾਣੇ ਹਮੇਸ਼ਾ ਲਈ ਖ਼ਤਮ ਹੋ ਗਏ। ਸਿੰਘਾਂ ਨੇ ਸਮਾਣੇ ਦੀ ਇੱਟ ਨਾਲ ਇੱਟ ਖੜਕਾ ਕੇ ਇਸ ਨੂੰ ਖੰਡਰ ਦੇ ਰੂਪ ਵਿਚ ਬਦਲ ਦਿੱਤਾ। ਪੁਰਾਣੇ ਨਗਰ ਦੇ ਖੰਡਰ ਹੁਣ ਤਕ ਆਪਣੀ ਹੋਈ ਤਬਾਹੀ ਦੀ ਗਵਾਹੀ ਭਰਦੇ ਹਨ।

**ਅਕਾਲਗੜ੍ਹ:** ਅਕਾਲਗੜ੍ਹ ਪਿੰਡ ਪਟਿਆਲਾ-ਚੀਕਾ ਸੜਕ 'ਤੇ ਹੈ। ਰਵਾਇਤ ਹੈ ਕਿ ਪਹਿਲਾਂ ਇਸ ਪਿੰਡ ਦਾ ਨਾਂ ਸੇਖੂਪੁਰ ਹੁੰਦਾ ਸੀ। ਇਸ ਪਿੰਡ ਵਿਚ ਇਕ ਬਹੁਤ ਹੀ ਕਰੋਧੀ ਸੁਭਾਅ ਵਾਲਾ ਮੁਗ਼ਲ ਜ਼ਿਮੀਦਾਰ ਰਹਿੰਦਾ ਸੀ, ਜਿਸ ਦਾ ਸੂਬਾ ਸਰਹਿੰਦ ਨਾਲ ਗੂੜਾ ਮਿਲਵਰਤਨ ਸੀ। ਸਮਾਣੇ ਤੋਂ ਬਾਅਦ ਖਾਲਸੇ ਨੇ ਸੇਖੂਪੁਰੇ 'ਤੇ ਚੜ੍ਹਾਈ ਕੀਤੀ। ਸੇਖੂਪੁਰੇ ਦੇ ਜੋ ਮੁਗ਼ਲ ਆਮ ਜਨਤਾ 'ਤੇ ਅੱਤਿਆਚਾਰ ਕਰਦੇ ਸਨ ਉਨ੍ਹਾਂ ਦਾ ਖੁਰਾ-ਖੋਜ ਮਿਟਾ ਦਿੱਤਾ। ਉਨ੍ਹਾਂ ਦੀਆਂ ਹਵੇਲੀਆਂ ਅਤੇ ਜ਼ਮੀਨ ਇੱਥੋਂ ਦੇ ਹੀ ਰਹਿਣ ਵਾਲੇ ਇਕ ਗਰੀਬ ਸਿੱਖ ਦੇ ਹਵਾਲੇ ਕਰ ਦਿੱਤੀਆਂ। ਇਸ ਸਿੱਖ ਨੇ ਬਾਬਾ ਜੀ ਨੂੰ ਕਿਹਾ ਕਿ ਜੇਕਰ ਮੁਗ਼ਲ ਇਕੱਠੇ ਹੋ ਕੇ ਆ ਗਏ ਤਾਂ ਉਹ ਇੱਕਲਾ ਇੱਥੇ ਕੀ ਕਰੇਗਾ? ਬਾਬਾ ਜੀ ਨੇ ਉਸ ਸਿੱਖ ਨੂੰ ਹੌਸਲਾ ਦਿੱਤਾ ਕਿ ਇਹ ਅਕਾਲ ਦਾ ਗੜ੍ਹ ਹੈ ਅਤੇ ਅਕਾਲਗੜ੍ਹ ਵਿਚ ਕੋਈ ਡਰ ਨਹੀਂ ਹੁੰਦਾ। ਉਸ ਤੋਂ ਬਾਅਦ ਇਸ ਪਿੰਡ ਦਾ ਨਾਂ ਅਕਾਲਗੜ੍ਹ ਪੈ ਗਿਆ। ਇੱਥੇ ਪੁਰਾਣੀ ਹਵੇਲੀ ਦੀਆਂ ਇੱਟਾਂ ਹੁਣ ਵੀ ਨਿਕਲਦੀਆਂ ਹਨ। ਜਿਹੜੇ ਪਰਵਾਰ ਨੂੰ ਬਾਬਾ ਜੀ ਨੇ ਜ਼ਾਗੀਰ ਬਖਸ਼ੀ ਸੀ, ਉਸ ਪਰਵਾਰ ਦੀ ਪੀੜ੍ਹੀ ਇੱਥੇ ਵਸਦੀ ਹੈ। ਉਨ੍ਹਾਂ ਦੇ ਕਈ ਰਿਸ਼ਤੇਦਾਰ ਨਿਹੰਗ ਸਿੰਘ ਹਨ। ਇਸ ਪਰਿਵਾਰ ਨੂੰ ਲੋਕ ਅਕਾਲੀ ਕਹਿ ਕੇ ਬੁਲਾਉਂਦੇ ਹਨ। ਪਿੰਡ ਵਿਚ ਇਕ ਬੁਰਜ ਹੁੰਦਾ ਸੀ, ਪਿੰਡ ਦੇ ਲੋਕਾਂ ਅਨੁਸਾਰ ਉਹ ਬੁੱਧ ਰਾਮ ਬਾਣੀਏ ਨੇ ਖ਼ਰੀਦ ਲਿਆ ਸੀ, ਜਿਸ ਨੂੰ ਉਹ ਪੁੱਟ ਕੇ ਲੈ ਗਿਆ। ਕਿਹਾ ਜਾਂਦਾ ਹੈ ਕਿ ਬੁਰਜ ਹੇਠੋਂ ਕੀਮਤੀ ਸਾਮਾਨ ਨਿਕਲਿਆ ਸੀ। ਪਿੰਡ ਦੇ ਕੋਲ ਹੀ ਇਕ ਪੰਜਾਵਾ ਹੈ, ਕਿਹਾ ਜਾਂਦਾ ਹੈ ਕਿ ਉਸ ਥਾਂ 'ਤੇ ਮੁਗ਼ਲਾਂ ਦੇ ਘੋੜਿਆਂ ਦਾ ਅਸਤਬਲ ਹੁੰਦਾ ਸੀ।

**ਦਮਲਾ:** ਸਮਾਣੇ ਦੇ ਨੇੜੇ ਹੀ ਪਿੰਡ ਦਮਲਾ ਕਾਲਾ ਖਾਨ, ਭੀਖਨ ਖਾਨ, ਹਯਾਤ ਖਾਨ ਅਤੇ ਨਿਜ਼ਾਬਤ ਖਾਨ ਪਠਾਣਾਂ ਦਾ ਪਿੰਡ ਸੀ ਜੋ ਪਾਉਂਟਾ ਸਾਹਿਬ ਵਿਖੇ ਪੀਰ ਬੁੱਧੂ ਸ਼ਾਹ ਨਾਲ ਝੂਠ ਬੋਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ। ਇਹ ਪਠਾਣ ਭੰਗਾਣੀ ਦੇ ਯੁੱਧ ਸਮੇਂ ਗੁਰੂ ਜੀ ਨੂੰ ਧੋਖਾ ਦੇ ਕੇ ਦੁਸ਼ਮਣ ਸੈਨਾ ਨਾਲ ਜਾ ਰਲੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਦਮਲਾ ਪਿੰਡ 'ਤੇ ਹਮਲਾ ਕਰਕੇ ਇਨ੍ਹਾਂ ਜ਼ਾਲਮਾਂ ਨੂੰ ਸੋਧਿਆ।

**ਘੁੜਾਮ, ਠਸਕਾ, ਸ਼ਾਹਬਾਦ, ਮੁਸਤਫਾਬਾਦ ਤੇ ਕਪੂਰੀ:** ਬਾਬਾ ਬੰਦਾ ਸਿੰਘ ਬਹਾਦਰ ਘੁੜਾਮ, ਠਸਕਾ, ਸ਼ਾਹਬਾਦ, ਮੁਸਤਫਾਬਾਦ ਅਤੇ ਕਪੂਰੀ ਪਹੁੰਚਿਆ। ਕਪੂਰੀ ਦਾ ਫ਼ੌਜਦਾਰ ਕਾਦਮ-ਉਦ-ਦੀਨ ਬੜਾ ਅੱਤਿਆਚਾਰੀ ਅਤੇ ਵਿਭਚਾਰੀ ਵਿਅਕਤੀ ਸੀ। ਕਾਦਮ-ਉਦ-ਦੀਨ ਦਾ ਪਿਤਾ ਕਪੂਰੀ ਦਾ ਚੌਧਰੀ ਸੱਯਦ ਅਮਾਨੁੱਲ ਗੁਜਰਾਤ ਵਿਚ ਉੱਚ ਅਧਿਕਾਰੀ ਸੀ। ਹਿੰਦੂਆਂ ਨੂੰ ਕਤਲ ਕਰਨ ਅਤੇ ਉਨ੍ਹਾਂ ਦਾ ਧਰਮ ਪਰਿਵਰਤਿਤ ਕਰਨ ਵਿਚ ਇਹ ਬਹੁਤ ਸਰਗਰਮ ਸੀ। ਇਹ ਦੋਵੇਂ ਪਿਉ ਪੁੱਤਰ ਹਰ ਨਵ-ਵਿਆਹੀ ਹਿੰਦੂ

ਇਸਤਰੀ ਨੂੰ ਚਾਰ-ਪੰਜ ਦਿਨ ਆਪਣੇ ਘਰ ਜ਼ਰੂਰ ਰੱਖਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਕਪੂਰੀ 'ਤੇ ਹੱਲਾ ਬੋਲ ਕੇ ਫ਼ੌਜਦਾਰ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਕਪੂਰੀ ਨੂੰ ਫਤਿਹ ਕੀਤਾ।

**ਕੁੰਜਪੁਰਾ:** ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਸਮੇਤ ਕੁੰਜਪੁਰਾ ਸ਼ਹਿਰ 'ਤੇ ਹਮਲਾ ਕਰ ਦਿੱਤਾ। ਕੁੰਜਪੁਰਾ ਸ਼ਹਿਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਸੂਬਾ ਸਰਹਿੰਦ ਵਜ਼ੀਰ ਖਾਂ ਦਾ ਜੱਦੀ-ਪੁਸ਼ਤੀ ਪਿੰਡ ਸੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜਿੰਦਾ ਨੀਹਾਂ ਵਿਚ ਚਿਣਵਾਉਣ ਅਤੇ ਸ਼ਹੀਦ ਕਰਨ ਦਾ ਫਤਵਾ ਦੇਣ ਵਾਲੇ ਕਾਜ਼ੀ ਵੀ ਇਸੇ ਪਿੰਡ ਦੇ ਸਨ।

**ਸਢੌਰਾ:** ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰੇ ਦੇ ਹਾਕਮ ਉਸਾਮਾਨ ਖਾਂ ਨੂੰ ਸੋਧਿਆ ਸੀ। ਸਢੌਰਾ ਹਰਿਆਣਾ ਪ੍ਰਾਂਤ ਦਾ ਇਕ ਪੁਰਾਤਨ ਕਸਬਾ ਹੈ। ਇਸ ਕਸਬੇ ਵਿਚ ਸੱਯਦ ਸ਼ਾਹ ਬਦਰੁੱਦੀਨ ਦਾ ਨਿਵਾਸ ਸੀ ਜਿਸ ਨੂੰ ਲੋਕ ਪਿਆਰ ਨਾਲ ਪੀਰ ਬੁੱਧੂ ਸ਼ਾਹ ਵੀ ਕਹਿੰਦੇ ਹਨ। ਪੀਰ ਬੁੱਧੂ ਸ਼ਾਹ ਜੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਸੀ। ਭੰਗਾਣੀ ਦੇ ਯੁੱਧ ਸਮੇਂ ਪੀਰ ਜੀ ਦੀ ਸਿਫਾਰਸ਼ 'ਤੇ ਰੱਖੇ ਪੰਜ ਸੌ ਪਠਾਣ ਗੁਰੂ ਜੀ ਨੂੰ ਧੋਖਾ ਦੇ ਕੇ ਭੱਜ ਗਏ ਸਨ, ਜਿਸ ਦੀ ਖ਼ਬਰ ਮਿਲਦਿਆਂ ਹੀ ਪੀਰ ਬੁੱਧੂ ਸ਼ਾਹ ਜੀ, ਆਪਣੇ ਸੱਤ ਸੌ ਮੁਰੀਦਾਂ ਅਤੇ ਚਾਰ ਪੁੱਤਰਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚ ਗਏ। ਪੀਰ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਸ਼ਰਫ ਸ਼ਾਹ ਅਤੇ ਮੁਹੰਮਦ ਸ਼ਾਹ, ਇਕ ਭਰਾ ਭੂਰੇ ਸ਼ਾਹ ਅਤੇ ਕਈ ਮੁਰੀਦ ਇਸ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਬਾਅਦ ਵਿਚ ਸਢੌਰੇ ਦੇ ਹਾਕਮ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ 'ਤੇ ਗੁਰੂ ਜੀ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਕਤਲ ਕਰਵਾ ਦਿੱਤਾ ਸੀ। ਫ਼ੌਜਦਾਰ ਇਲਾਕੇ ਦੇ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ, ਇੱਥੋਂ ਤਕ ਕਿ ਉਨ੍ਹਾਂ ਨੂੰ ਮੁਰਦੇ ਵੀ ਸਾੜਨ ਨਹੀਂ ਸੀ ਦਿੰਦਾ। ਬਾਬਾ ਜੀ ਦੇ ਉਥੇ ਪੁੱਜਦਿਆਂ ਹੀ ਬਹੁਤ ਸਾਰੇ ਲੋਕ ਉਨ੍ਹਾਂ ਨਾਲ ਆ ਮਿਲੇ, ਸਿੱਟੇ ਵਜੋਂ ਫ਼ੌਜਦਾਰ ਉਸਮਾਨ ਖਾਂ ਨੂੰ ਲੱਕ ਤੋੜਵੀਂ ਹਾਰ ਹੋਈ। ਬਹੁਤ ਸਾਰੇ ਮੁਸਲਮਾਨਾਂ ਨੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਪਨਾਹ ਲੈ ਲਈ। ਇਸ ਸੰਬੰਧੀ ਮੁਹੰਮਦ ਕਾਸਿਮ 'ਇਬਰਤ ਨਾਮੇ' ਵਿਚ ਲਿਖਦਾ ਹੈ, "ਸਢੌਰੇ ਵਿਚ ਪੀਰ ਬੁੱਧੂ ਸ਼ਾਹ ਦੀ ਹਵੇਲੀ ਅੰਦਰ ਸ਼ਰਨ ਲੈਣ ਲਈ ਨਗਰ ਦੇ ਅਮੀਰਾਂ ਅਤੇ ਚੌਧਰੀਆਂ, ਜੋ ਹਰ ਕਿਸਮ ਦੇ ਪਾਪ ਵਿਚ ਲਿਪਾਇਮਾਨ ਰਹਿੰਦੇ ਸਨ, ਨੇ ਆਪਣੇ ਪਰਵਾਰਾਂ ਦੀ ਸੁਰੱਖਿਆ ਲਈ ਗਰੀਬ ਲੋਕਾਂ ਨੂੰ ਅੰਦਰ ਪ੍ਰਵੇਸ਼ ਹੀ ਨਹੀਂ ਕਰਨ ਦਿੱਤਾ।" ਸਢੌਰਾ ਨਿਵਾਸੀਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ ਅਤੇ ਉਸ ਦੀ ਆਗਿਆ ਵਿਚ ਰਹਿਣ ਦਾ ਪ੍ਰਣ ਕੀਤਾ। ਬਾਬਾ ਜੀ ਨੇ ਵੀ ਉਨ੍ਹਾਂ 'ਤੇ ਇਤਬਾਰ ਕਰ ਲਿਆ ਅਤੇ ਸਭ ਨੂੰ ਮੁਆਫ ਕਰ ਕੇ ਸ਼ੁਭ ਚਿੰਤਕਾਂ ਵਾਲਾ ਵਿਵਹਾਰ ਸ਼ੁਰੂ ਕਰ ਦਿੱਤਾ। ਪਰੰਤੂ ਇਕ ਦਿਨ ਉਨ੍ਹਾਂ ਵੱਲੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਇਕ ਗੁਪਤ ਪੱਤਰ ਬਾਂਸ ਦੀ ਪੋਰੀ ਵਿਚ ਪਾ ਕੇ ਭੇਜਿਆ ਗਿਆ, ਜਿਸ ਰਾਹੀਂ ਵਜ਼ੀਰ ਖਾਂ ਤੋਂ ਮਦਦ ਮੰਗੀ ਗਈ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਗਿਆ ਸੀ। ਇਕ ਸਿੱਖ ਨੇ ਸ਼ੱਕ ਦੇ ਆਧਾਰ 'ਤੇ ਪੱਤਰ

ਲੈ ਜਾ ਰਹੇ ਕਰਮਚਾਰੀ ਤੋਂ ਉਹ ਪੱਤਰ ਬਰਾਮਦ ਕਰ ਲਿਆ ਅਤੇ ਉਸ ਨੂੰ ਬਾਬਾ ਜੀ ਕੋਲ ਪੇਸ਼ ਕੀਤਾ। ਬਾਬਾ ਜੀ ਨੇ ਜਦੋਂ ਸਢੌਰਾ ਨਿਵਾਸੀਆਂ ਤੋਂ ਇਸ ਧੋਖਾਧੜੀ ਦੀ ਸਜ਼ਾ ਬਾਰੇ ਪੁੱਛਿਆ ਤਾਂ ਸਭ ਨੇ ਇਕ ਅਵਾਜ਼ ਵਿਚ ਕਿਹਾ ਕਿ ਦੋਸ਼ੀਆਂ ਨੂੰ ਮੌਤ ਦੀ ਸਜਾ ਦਿੱਤੀ ਜਾਏ। ਬਾਬਾ ਜੀ ਦੇ ਐਲਾਨ ਅਨੁਸਾਰ ਹਸਤਾਖਰ ਕਰਨ ਵਾਲੇ ਸਾਰੇ ਦਗ਼ਾਬਾਜ਼ਾਂ ਨੂੰ ਸਜ਼ਾ ਦਿੱਤੀ ਗਈ। ਉਹ ਥਾਂ ਕਤਲ ਗੜ੍ਹੀ ਦੇ ਨਾਂ ਨਾਲ ਪ੍ਰਸਿੱਧ ਹੈ। ਇੱਥੇ ਅੱਜ-ਕਲ ਜੈਨ ਹਾਈ ਸਕੂਲ ਚੱਲ ਰਿਹਾ ਹੈ। ਉਸਮਾਨ ਖਾਂ ਵਰਗੇ ਜ਼ਾਲਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਫਾਂਸੀ 'ਤੇ ਲਟਕਾ ਕੇ ਉਸ ਦੇ ਕੀਤੇ ਦੀ ਸਜ਼ਾ ਦਿੱਤੀ।

**ਛਤਬੜ:** ਸਢੌਰੇ ਤੋਂ ਬਨੂੜ ਵੱਲ ਜਾਂਦਿਆਂ ਰਸਤੇ ਵਿਚ ਅੰਬਾਲਾ ਤੋਂ ਬਨੂੜ ਵੱਲ ਨੂੰ ਜਾਣ ਵਾਲੀ ਸੜਕ 'ਤੇ ਸਿੰਘਾਂ ਨੇ ਛਤਬੜ ਪਿੰਡ ਨੇੜੇ ਪੜਾਅ ਕੀਤਾ। ਇਹ ਪਿੰਡ ਬਨੂੜ ਕਸਬੇ ਤੋਂ ੭-੮ ਕਿਲੋਮੀਟਰ ਦੀ ਦੂਰੀ 'ਤੇ ਹੈ। ਉਨ੍ਹਾਂ ਸਮਿਆਂ ਵਿਚ ਇੱਥੋਂ ਹੀ ਰਸਤਾ ਸਢੌਰੇ ਤੋਂ ਬਨੂੜ ਨੂੰ ਜਾਇਆ ਕਰਦਾ ਸੀ। ਜਿਸ ਥਾਂ 'ਤੇ ਸਿੰਘਾਂ ਨੇ ਪੜਾਅ ਕੀਤਾ ਸੀ ਉਸ ਥਾਂ 'ਤੇ ਅੱਜਕਲ੍ਹ ਬਾਬਾ ਬੰਦਾ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ ਜਿਸ ਨੂੰ ਗੁਰਦੁਆਰਾ ਚੋਈ ਸਾਹਿਬ ਕਿਹਾ ਜਾਂਦਾ ਹੈ। ਉਨ੍ਹਾਂ ਸਮਿਆਂ ਵਿਚ ਇਹ ਇਲਾਕਾ ਜੰਗਲਾਂ ਨਾਲ ਭਰਿਆ ਹੋਇਆ ਸੀ ਤੇ ਇਕ ਚੋਈ ਇੱਥੋਂ ਦੀ ਲੰਘਦੀ ਸੀ।

**ਬਨੂੜ:** ਬਾਬਾ ਬੰਦਾ ਸਿੰਘ ਬਹਾਦਰ ਨੇ ਛਤਬੜ ਪਿੰਡ ਤੋਂ ਉੱਠ ਕੇ ਖਾਲਸਾ ਫ਼ੌਜਾਂ ਨਾਲ ਬਨੂੜ ਉੱਪਰ ਚੜ੍ਹਾਈ ਕੀਤੀ। ਬਨੂੜੀਆਂ ਨੇ ਚੁੱਪ-ਚਾਪ ਸਿੰਘਾਂ ਦੀ ਈਨ ਮੰਨ ਲਈ। ਜਿਸ ਥਾਂ 'ਤੇ ਸਿੰਘਾਂ ਨੇ ਪੜਾਅ ਕੀਤਾ ਉਸ ਥਾਂ 'ਤੇ ਗੁਰਦੁਆਰਾ ਅਕਾਲਗੜ੍ਹ ਸਾਹਿਬ ਬਣਿਆ ਹੋਇਆ ਹੈ। ਇੱਥੇ ਬੈਠ ਕੇ ਹੀ ਸਿੰਘਾਂ ਨੇ ਸਰਹਿੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਆਪਣੀ ਸਾਰੀ ਸ਼ਕਤੀ ਇਕੱਠੀ ਕਰਨ ਦੀ ਵਿਉਂਤ ਬਣਾਈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇੱਥੋਂ ਹੀ ਚਿੱਠੀਆਂ ਲਿਖ ਕੇ ਬਾਬਾ ਜੀ ਨੇ ਮਾਝੇ, ਮਾਲਵੇ ਤੇ ਦੁਆਬੇ ਦੇ ਸਿੰਘਾਂ ਨੂੰ ਧਰਮ-ਯੁੱਧ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਸੀ। ਜਿਸ ਕਿਸੇ ਨੇ ਵੀ ਬਾਬਾ ਜੀ ਦਾ ਖ਼ਤ ਪੜ੍ਹਿਆ ਜਾਂ ਸੁਣਿਆ ਉਹ ਘਰ ਦੇ ਕੰਮ-ਕਾਰ ਵਿਸਾਰ ਕੇ ਘਰੇਲੂ ਹਥਿਆਰ ਲੈ ਕੇ ਸਿੰਘਾਂ ਨੂੰ ਜਾ ਮਿਲਿਆ। ਸਤਲੁਜ ਦਰਿਆ ਤੋਂ ਉਰਲੇ ਪਾਸੇ ਦੇ ਸਿੰਘ ਚੋਖੀ ਮਾਤਰਾ ਵਿਚ ਇੱਥੇ ਬਾਬਾ ਜੀ ਨਾਲ ਜਾ ਮਿਲੇ। ਇੱਥੇ ਹੀ ਸਿੰਘਾਂ ਨਾਲ ਮਾਝੇ ਤੋਂ ਆਏ ਸਿੰਘਾਂ ਦਾ ਮਿਲਾਪ ਹੋਇਆ ਦੱਸਿਆ ਜਾਂਦਾ ਹੈ। ਇਸ ਥਾਂ ਦੀ ਚੋਣ ਕਰਨਾ ਸਿੰਘਾਂ ਦੀ ਜੰਗੀ ਸੂਝ ਮੰਨਿਆ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਬਨੂੜ 'ਤੇ ਚੜ੍ਹਾਈ ਕਰਨ ਤੋਂ ਪਹਿਲਾਂ ਅਜਿਹੇ ਥਾਂ ਦੀ ਜ਼ਰੂਰਤ ਹੈ ਜਿੱਥੇ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਸਕਣ ਤੇ ਆਮ ਲੋਕਾਂ ਦਾ ਕੋਈ ਨੁਕਸਾਨ ਵੀ ਨਾ ਹੋਵੇ। ਇਸ ਜਗ੍ਹਾ 'ਤੇ ਪਾਣੀ ਦਾ ਚੋਅ ਹੋਣ ਕਾਰਨ ਫ਼ੌਜ ਦੀ ਮੁੱਢਲੀ ਲੋੜ ਚੰਗੀ ਤਰ੍ਹਾਂ ਪੂਰੀ ਹੁੰਦੀ ਸੀ ਤੇ ਜੰਗਲ ਬੀਆਬਾਨ ਦਾ ਇਲਾਕਾ ਹੋਣ ਕਾਰਨ ਜੰਗ ਸਮੇਂ ਆਮ ਲੋਕਾਂ ਦਾ ਕੋਈ ਜ਼ਿਆਦਾ ਨੁਕਸਾਨ ਹੋਣ ਦਾ ਵੀ ਡਰ ਨਹੀਂ ਸੀ।

ਬਨੂੜ ਨੂੰ ਫ਼ਤਿਹ ਕਰਨ ਤੋਂ ਬਾਅਦ ੧੭੧੦ ਈ: ਨੂੰ ਸਿੰਘਾਂ ਦੀ ਤਿੱਖੀ ਨਜ਼ਰ

ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਸੀ। ਵਜ਼ੀਰ ਖਾਨ ਨੂੰ ਵੀ ਲਗਾਤਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਜਿੱਤ ਦੀਆਂ ਖ਼ਬਰਾਂ ਮਿਲ ਰਹੀਆਂ ਸਨ। ਬਨੂੜ 'ਤੇ ਸਿੰਘਾਂ ਦਾ ਕਬਜ਼ਾ ਹੋ ਜਾਣ ਦੀ ਖ਼ਬਰ ਸੁਣ ਕੇ ਵਜ਼ੀਰ ਖਾਨ ਨੇ ਸਿੰਘਾਂ ਨੂੰ ਸਰਹਿੰਦ ਸ਼ਹਿਰ ਤੋਂ ਦੂਰ ਰਸਤੇ ਵਿਚ ਹੀ ਰੋਕਣ ਦੀ ਵਿਉਂਤ ਬਣਾਈ। ਬਾਬਾ ਜੀ ਦੇ ਨਾਲ ਮਹਾਨ ਜਰਨੈਲ ਬਾਬਾ ਆਲੀ ਸਿੰਘ ਅਤੇ ਬਾਬਾ ਮਾਲੀ ਸਿੰਘ ਜੀ ਸਨ ਜੋ ਸਾਰੀਆਂ ਜੰਗਾਂ ਵਿਚ ਉਨ੍ਹਾਂ ਦਾ ਸਾਥ ਦਿੰਦੇ ਆ ਰਹੇ ਸਨ ਅਤੇ ਉਹ ਸਰਹਿੰਦ ਦੇ ਚੱਪੇ-ਚੱਪੇ ਤੋਂ ਜਾਣੂ ਸਨ। ਬਾਬਾ ਜੀ ਨੇ ਉਨ੍ਹਾਂ ਨਾਲ ਸਲਾਹ ਕਰਕੇ ਸਰਹਿੰਦ 'ਤੇ ਹੱਲਾ ਬੋਲਣ ਦੀ ਸਾਰੀ ਤਿਆਰੀ ਕਰ ਲਈ।

**ਮਨੌਲੀ:** ਸਰਹਿੰਦ ਤੋਂ ਕੋਈ ੪੦ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਨੌਲੀ ਹੈ। ਇਸ ਪਿੰਡ ਵਿਚ ਇਕ ਪੁਰਾਤਨ ਕਿਲ੍ਹਾ ਹੈ ਜਿਸ ਬਾਰੇ ਇਤਿਹਾਸਕਾਰਾਂ ਦਾ ਅਨੁਮਾਨ ਹੈ ਕਿ ਇਹ ਕਿਲ੍ਹਾ ਸਰਹਿੰਦ ਸ਼ਹਿਰ ਤੋਂ ਦੂਰ ਇਸ ਲਈ ਬਣਾਇਆ ਗਿਆ ਸੀ ਤਾਂ ਕਿ ਇੱਥੇ ਸਰਹਿੰਦ ਦੀ ਸੁਰੱਖਿਆ ਲਈ ਜੰਗੀ ਸਾਜ਼-ਓ-ਸਾਮਾਨ ਜਮ੍ਹਾਂ ਕੀਤਾ ਜਾ ਸਕੇ ਅਤੇ ਲੋੜ ਪੈਣ 'ਤੇ ਫੌਰਨ ਮਦਦ ਹਾਸਲ ਕਰ ਕੇ ਦੁਸ਼ਮਣ ਦਾ ਮਲੀਆਮੇਟ ਕਰ ਦਿੱਤਾ ਜਾਵੇ। ਪਿੰਡ ਦੇ ਬਜ਼ੁਰਗਾਂ ਅਨੁਸਾਰ ਇਹ ਕਿਲ੍ਹਾ ਕਿਸੇ ਸਮੇਂ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਸੀ ਅਤੇ ਇਸ ਦੇ ਨਾਲ ਹੀ ਖਰੜ, ਸੁਹਾਣਾ ਤੇ ਮਨੀਮਾਜਰਾ ਦੇ ਛੋਟੇ ਕਿਲ੍ਹੇ ਵੀ ਸਨ ਜੋ ਹੁਣ ਸਮੇਂ ਦੀ ਧੂੜ ਵਿਚ ਮਿਟ ਚੁੱਕੇ ਹਨ। ਖਰੜ ਵਾਲਾ ਕਿਲ੍ਹਾ ਤਾਂ ਥੋੜ੍ਹਾ ਸਮਾਂ ਪਹਿਲਾਂ ਹੀ ਢਾਹ ਕੇ ਉਸ ਦੇ ਸਥਾਨ ਤੇ ਆਲੀਸ਼ਾਨ ਮਾਰਕੀਟ ਖੜ੍ਹੀ ਕੀਤੀ ਜਾ ਚੁੱਕੀ ਹੈ। ਪਿੰਡ ਮਨੌਲੀ ਦੇ ਕਿਲ੍ਹੇ ਬਾਰੇ ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਤੋਂ ਬਾਬਾ ਜੀ ਨੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਸ ਲਈ ਸਿੰਘਾਂ ਨੇ ਸਰਹਿੰਦ ਤੋਂ ੧੨ ਕੋਹ ਦੀ ਦੂਰੀ 'ਤੇ ਚੱਪੜ ਚਿੜੀ ਦੇ ਮੈਦਾਨ ਪਾਸ ਡੇਰੇ ਲਾ ਲਏ ਤਾਂ ਕਿ ਵਜ਼ੀਰ ਖਾਨ ਦੀਆਂ ਫ਼ੌਜਾਂ ਨੂੰ ਵਿਚਕਾਰ ਹੀ ਘੇਰਿਆ ਜਾ ਸਕੇ ਅਤੇ ਉਸ ਦਾ ਸੰਪਰਕ ਮਨੌਲੀ ਦੇ ਕਿਲ੍ਹੇ ਨਾਲੋਂ ਤੋੜ ਦਿੱਤਾ ਜਾਵੇ।

**ਮਟੌਰ:** ਚੱਪੜ ਚਿੜੀ ਅਤੇ ਸੁਹਾਣਾ ਵਿਚਕਾਰ ਪਿੰਡ ਮਟੌਰ ਹੈ। ਇੱਥੇ ਮਾਤਾ ਸੁੰਦਰੀ ਜੀ ਦੇ ਨਾਂ 'ਤੇ ਗੁਰਦੁਆਰਾ ਸੁਸ਼ੋਭਿਤ ਹੈ, ਜਿਸ ਦਾ ਪ੍ਰਬੰਧ ਬੁੱਢਾ ਦਲ ਕੋਲ ਹੈ। ਇਲਾਕੇ ਦੇ ਲੋਕਾਂ ਦੀ ਮਾਨਤਾ ਹੈ ਕਿ ਬਾਬਾ ਜੀ ਨੇ ਸਰਹਿੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਇਸ ਸਥਾਨ 'ਤੇ ਖਾਲਸਾ ਫ਼ੌਜ ਨਾਲ ਆਈਆਂ ਬੀਬੀਆਂ ਦਾ ਪੜਾਅ ਕਰਵਾਇਆ ਅਤੇ ਇਸ ਸਥਾਨ ਤੋਂ ਖਾਲਸਾ ਫ਼ੌਜਾਂ ਲਈ ਲੰਗਰ-ਪਾਣੀ ਆਦਿ ਤਿਆਰ ਹੋ ਕੇ ਜਾਂਦਾ ਰਿਹਾ।

**ਚੱਪੜ ਚਿੜੀ:** ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੀਰਖੋਰ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਸੀ। ਇਸ ਘਟਨਾ ਦਾ ਸਿੱਖਾਂ ਵਿਚ ਭਾਰੀ ਰੋਸ ਸੀ।

ਸਰਹਿੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਗੀ ਨੁਕਤਾ-ਨਿਗਾਹ ਤੋਂ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਿੱਖ ਜਥੇ ਦੀ ਉਡੀਕ ਕਰਨੀ ਠੀਕ ਸਮਝੀ। ਸਿੰਘਾਂ ਦਾ ਇਕ ਹੋਰ ਜਥਾ ਖਰੜ ਬਨੂੜ ਦੇ ਵਿਚਕਾਰ ਬਾਬਾ ਜੀ ਦੇ ਜਥੇ ਵਿਚ ਸ਼ਾਮਲ ਹੋ ਗਿਆ ਸੀ, ਜਿਸ ਨਾਲ ਸਿੰਘਾਂ ਦੀ ਤਾਕਤ ਹੋਰ ਵਧ

ਗਈ। ਸਿੰਘਾਂ ਨੇ ਸਰਹਿੰਦ ਤੋਂ ੧੨ ਕੋਹ ਦੀ ਦੂਰੀ 'ਤੇ ਚੱਪੜ ਚਿੜੀ ਦੇ ਮੈਦਾਨ ਪਾਸ ਡੇਰੇ ਲਾ ਲਏ। ਚੱਪੜ ਚਿੜੀ ਸ਼ਬਦ ਛਪੜ ਝਿੜੀ ਤੋਂ ਬਦਲ ਕੇ ਬਣਿਆ ਹੈ। ਇਹ ਪਿੰਡ ਖਰੜ ਤੋਂ ਬਨੂੜ ਨੂੰ ਜਾਂਦੇ ਹੋਏ ਰਸਤੇ ਵਿਚ ਪੈਂਦਾ ਹੈ। ਇਸ ਪਿੰਡ ਦੇ ਇਕ ਮੈਦਾਨ ਦੇ ਪੱਛਮ ਵੱਲ ਵੱਡੇ ਵੱਡੇ ਟਿੱਬੇ ਸਨ ਅਤੇ ਪੂਰਬ ਵੱਲ ਇਕ ਵੱਡਾ ਸਾਰਾ ਛਪੜ ਅਤੇ ਦੱਖਣ ਵੱਲ ਦਰਖਤਾਂ ਦੇ ਝੁੰਡਾਂ ਦੀ ਝਿੜੀ ਸੀ। ਯਾਤਰੀਆਂ ਦੇ ਆਰਾਮ ਲਈ ਇਹ ਇਕ ਬਹੁਤ ਹੀ ਵਧੀਆ ਥਾਂ ਸੀ। ਇੱਥੇ ਯਾਤਰੀਆਂ ਲਈ ਛਾਂ ਤੇ ਪਾਣੀ, ਪਸ਼ੂਆਂ ਲਈ ਚਾਰਾ ਸਭ ਕੁਝ ਸੀ।

ਦੂਸਰੇ ਪਾਸੇ ਵਜ਼ੀਰ ਖਾਂ ਨੇ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜੰਗੀ ਤਿਆਰੀ ਅਰੰਭੀ ਹੋਈ ਸੀ। ਵਜ਼ੀਰ ਖਾਂ ਨੇ ਚਲਾਕੀ ਨਾਲ ਸੁੱਚਾ ਨੰਦ ਦੇ ਭਤੀਜੇ ਗੰਡਾ ਚੰਦ ਨੂੰ ਬਾਬਾ ਜੀ ਦੀ ਫ਼ੌਜ ਵਿਚ ਰਲ ਜਾਣ ਲਈ ਭੇਜ ਦਿੱਤਾ ਤਾਂ ਕਿ ਜਦੋਂ ਸਮਾਂ ਆਏ ਤਾਂ ਉਹ ਭੱਜ ਜਾਏ, ਜਿਸ ਨਾਲ ਸਿੰਘਾਂ ਦਾ ਹੌਸਲਾ ਟੁੱਟ ਜਾਵੇਗਾ। ਉਸਨੇ ਗੁਆਂਢੀ ਰਿਆਸਤਾਂ ਤੋਂ ਵੀ ਮਦਦ ਲਈ ਸੈਨਾ ਬੁਲਾਈ ਅਤੇ ਮੁਸਲਮਾਨਾਂ ਵਿਚ ਜਹਾਦ ਦਾ ਨਾਅਰਾ ਲਾ ਕੇ ਮੁਸਲਮਾਨਾਂ ਨੂੰ ਸਿੰਘਾਂ ਵਿਰੁੱਧ ਡਟ ਜਾਣ ਦਾ ਹੋਕਾ ਦੇ ਦਿੱਤਾ। ਜੰਗ ਦੇ ਮੈਦਾਨ ਵਿਚ ਜਾ ਕੇ ਇਕ ਪਾਸੇ ਵਜ਼ੀਰ ਖਾਂ ਨੇ ਮੁਹਾਰਤ-ਪ੍ਰਾਪਤ ਤੋਪਖਾਨੇ ਦੀ ਸੈਨਾ ਕੰਧ ਵਾਂਗ ਖੜ੍ਹੀ ਕਰ ਦਿੱਤੀ। ਦੂਜੇ ਪਾਸੇ ਹਾਥੀ ਕਤਾਰਾਂ ਵਿਚ ਖੜ੍ਹੇ ਕਰ ਦਿੱਤੇ। ਤੀਜੇ ਪਾਸੇ ਨਵਾਬ ਅਤੇ ਵਜ਼ੀਰਾਂ ਦੀ ਫ਼ੌਜ ਰਹਿਕਲੇ, ਜੰਬੂਰੇ ਆਦਿ ਬੀੜ ਕੇ ਪੂਰੇ ਜੰਗੀ ਨੁਕਤਾ-ਨਿਗਾਹ ਤੋਂ ਤਿਆਰ-ਬਰ-ਤਿਆਰ ਖੜ੍ਹੀ ਕਰ ਦਿੱਤੀ। ਵਜ਼ੀਰ ਖਾਂ ਰਾਜਿਆਂ ਵਿਚਕਾਰ ਆਪ ਉੱਚੇ ਹਾਥੀ 'ਤੇ ਚੜ੍ਹ ਕੇ ਫ਼ੌਜ ਨੂੰ ਦਿਸ਼ਾ-ਨਿਰਦੇਸ਼ ਦੇ ਰਿਹਾ ਸੀ।

ਦੂਸਰੇ ਪਾਸੇ ਬਾਬਾ ਜੀ ਨੇ ਚੋਣਵੇਂ ਸਿੱਖ ਯੋਧਿਆਂ ਨੂੰ ਜੰਗੀ ਨੁਕਤਾ-ਨਿਗਾਹ ਸਮਝਾ ਕੇ ਸਿੱਖਾਂ ਦੇ ਅਲੱਗ-ਅਲੱਗ ਜਥੇ ਤਿਆਰ ਕਰ ਦਿੱਤੇ। ਪਹਿਲੇ ਜਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਜਥੇਦਾਰੀ ਭਾਈ ਫਤਿਹ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਆਲੀ ਸਿੰਘ ਕਰ ਰਹੇ ਸਨ। ਦੂਜਾ ਜਥਾ ਮਝੈਲ ਸਿੰਘਾਂ ਦਾ ਸੀ ਜਿਸ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਬਾ ਬਾਜ ਸਿੰਘ, ਭਾਈ ਰਾਮ ਸਿੰਘ, ਭਾਈ ਸ਼ਾਮ ਸਿੰਘ ਕਰ ਰਹੇ ਸਨ। ਕੁਝ ਵਿਅਕਤੀ ਜੋ ਲੁੱਟ-ਮਾਰ ਕਰਨ ਦੀ ਮਨਸ਼ਾ ਨਾਲ ਸਿੱਖਾਂ ਦੀ ਫ਼ੌਜ ਵਿਚ ਆ ਰਲੇ ਸਨ, ਬਾਬਾ ਜੀ ਨੇ ਉਨ੍ਹਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਮਲਵਈਆਂ ਅਤੇ ਮਝੈਲਾਂ ਦੇ ਜਥਿਆਂ ਵਿਚ ਵੰਡ ਦਿੱਤਾ ਤਾਂ ਕਿ ਉਹ ਕਿਸੇ ਵੀ ਤਰ੍ਹਾਂ ਦੀ ਚਾਲਾਕੀ ਨਾ ਕਰ ਸਕਣ।

ਬਾਬਾ ਜੀ ਨੇ ਉੱਚੀ ਜਗ੍ਹਾ 'ਤੇ ਮੋਰਚਾ ਬਣਾ ਕੇ ਦੁਸ਼ਮਣ ਫ਼ੌਜ ਦੀ ਸਾਰੀ ਜੰਗੀ ਤਿਆਰੀ ਦਾ ਅੰਦਾਜ਼ਾ ਲਗਾਇਆ। ਸਿੰਘਾਂ ਨੇ ਸ਼ਾਹੀ ਫ਼ੌਜ ਦੇ ਤੋਪਚੀਆਂ ਨੂੰ ਬਾਰੂਦ ਭਰਨ ਤੋਂ ਪਹਿਲਾਂ ਹੀ ਜਾ ਦਬੋਚਿਆ। ਤੋਪਚੀਆਂ ਨੂੰ ਤੀਰਾਂ ਦਾ ਸ਼ਿਕਾਰ ਬਣਾ ਕੇ ਖ਼ਤਮ ਕਰ ਦਿੱਤਾ ਅਤੇ ਰਹਿੰਦਿਆਂ ਨੂੰ ਤੇਗ ਦੀ ਭੇਟ ਕਰ ਦਿੱਤਾ। ਇਸ ਤੋਂ ਅੱਗੇ ਹਾਥੀਆਂ ਦੀ ਕੰਧ ਸੀ। ਬਾਬਾ ਜੀ ਨੇ ਜ਼ਿਆਦਾ ਸਮਾਂ ਜੰਗਲਾਂ ਵਿਚ ਬਿਤਾਇਆ ਸੀ ਇਸ ਲਈ ਪਸ਼ੂ-ਪੰਛੀਆਂ ਦੇ ਸੁਭਾਅ ਤੋਂ ਉਹ ਚੰਗੀ ਤਰ੍ਹਾਂ ਵਾਕਿਫ ਸਨ। ਬਾਬਾ ਜੀ ਦੇ ਦਿਸ਼ਾ-

ਨਿਰਦੇਸ਼ਾਂ ਅਨੁਸਾਰ ਸਿੰਘਾਂ ਨੇ ਹਾਥੀਆਂ ਦੀਆਂ ਸੁੰਡਾਂ, ਕੰਨਾਂ ਅਤੇ ਅੱਖਾਂ 'ਤੇ ਜ਼ੋਰਦਾਰ ਹਮਲਾ ਕੀਤਾ, ਜਿਸ ਨਾਲ ਹਾਥੀ ਘਬਰਾ ਕੇ ਪਿੱਛੇ ਵੱਲ ਨੂੰ ਭੱਜ ਨਿਕਲੇ ਅਤੇ ਆਪਣੀ ਹੀ ਸੈਨਾ ਦਾ ਨੁਕਸਾਨ ਕਰਨ ਲੱਗੇ। ਇਸ ਮੌਕੇ 'ਤੇ ਸੁੱਚਾ ਨੰਦ ਦਾ ਭਤੀਜਾ ਗੰਡਾ ਚੰਦ ਆਪਣੇ ਸਾਥੀਆਂ ਸਮੇਤ ਮੈਦਾਨ ਵਿਚੋਂ ਭੱਜ ਨਿਕਲਿਆ ਅਤੇ ਰੌਲਾ ਪਾ ਦਿੱਤਾ ਕਿ ਭੱਜ ਜਾਓ। ਇਹ ਸੁਣ ਕੇ ਲੁੱਟ-ਮਾਰ ਦੀ ਮਨਸ਼ਾ ਨਾਲ ਆਏ ਨੌਜਵਾਨ ਵੀ ਭੱਜ ਨਿਕਲੇ। ਇਸ ਨਾਲ ਵਜ਼ੀਰ ਖਾਂ ਦਾ ਪੱਲੜਾ ਭਾਰੀ ਹੋ ਗਿਆ। ਬਾਬਾ ਜੀ ਆਪਣੇ ਸਿੰਘਾਂ ਨੂੰ ਹੌਸਲਾ ਦੇਣ ਲਈ ਝੱਟ ਮੋਰਚੇ ਵਿੱਚੋਂ ਨਿਕਲ ਆਏ ਅਤੇ ਸਿੰਘਾਂ ਦੀ ਪਹਿਲੀ ਕਤਾਰ ਵਿਚ ਆਣ ਕੇ ਵਜ਼ੀਰ ਖਾਂ ਨੂੰ ਲਲਕਾਰਨ ਲਗੇ। ਬਾਬਾ ਜੀ ਦੇ ਮੈਦਾਨ ਵਿਚ ਆ ਜਾਣ ਕਾਰਨ ਸਿੰਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਦੁਸ਼ਮਣ ਦੀਆਂ ਫ਼ੌਜਾਂ 'ਤੇ ਬਿਜਲੀ ਵਾਂਗ ਟੁੱਟ ਪਏ। ਬਾਬਾ ਜੀ ਨੇ ਗੁਰੂ ਜੀ ਵੱਲੋਂ ਬਖਸ਼ੇ ਇਕ ਤੀਰ ਨੂੰ ਚਿੱਲੇ 'ਤੇ ਚਾੜ੍ਹ ਕੇ ਛੱਡਿਆ ਤਾਂ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਿੰਘਾਂ ਦੇ ਜ਼ੋਰਦਾਰ ਹਮਲੇ ਅੱਗੇ ਸ਼ਾਹੀ ਸੈਨਾ ਦੇ ਪੈਰ ਥਿੜਕ ਗਏ। ਮਲੇਰਕੋਟਲੇ ਵਾਲੇ ਮੁਹੰਮਦ ਖਾਂ ਅਤੇ ਖਵਾਜਾ ਅਲੀ ਖਾਂ ਦੋਵੇਂ ਹੀ ਸਿੰਘਾਂ ਹੱਥੋਂ ਮਾਰੇ ਗਏ। ਉਨ੍ਹਾਂ ਦੇ ਧਰਤੀ 'ਤੇ ਡਿਗਣ ਦੀ ਦੇਰ ਸੀ ਕਿ ਉਨ੍ਹਾਂ ਦੀ ਸੈਨਾ ਮੈਦਾਨ ਛੱਡ ਕੇ ਭੱਜ ਗਈ। ਮਲੇਰਕੋਟਲੀਆਂ ਦਾ ਸਾਰਾ ਮੋਰਚਾ ਸਿੰਘਾਂ ਦੇ ਹੱਥ ਆ ਗਿਆ। ਦੂਜੇ ਪਾਸੇ ਕਥਿਤ ਗਾਜ਼ੀਆਂ ਦਾ ਵੀ ਇਹੋ ਹਾਲ ਸੀ। ਸਿੰਘ ਹੁਣ ਪੂਰੇ ਜੋਸ਼ ਨਾਲ ਵਜ਼ੀਰ ਖਾਂ ਵਾਲੇ ਮੋਰਚੇ ਵੱਲ ਵਧੇ। ਇਕ ਪਾਸੇ ਤੋਂ ਬਾਬਾ ਬਾਜ ਸਿੰਘ ਅਤੇ ਦੂਸਰੇ ਪਾਸੇ ਤੋਂ ਭਾਈ ਫਤਿਹ ਸਿੰਘ ਨੇ ਹੱਲਾ ਬੋਲਿਆ। ਕਿਸੇ ਸਿੱਖ ਦਾ ਤੇਜ਼ ਤੀਰ ਸੂਬਾ ਵਜ਼ੀਰ ਖਾਂ ਦੀ ਛਾਤੀ ਨੂੰ ਵਿੰਨ੍ਹ ਗਿਆ ਜਿਸ ਨਾਲ ਵਜ਼ੀਰ ਖਾਂ ਘੋੜੇ ਤੋਂ ਹੇਠਾਂ ਡਿੱਗ ਗਿਆ। ਬਾਬਾ ਬਾਜ ਸਿੰਘ ਤੇ ਭਾਈ ਫਤਿਹ ਸਿੰਘ ਜੀ ਸ਼ੇਰਾਂ ਵਾਂਗ ਝਪਟ ਕੇ ਉਸ ਪਾਸ ਪੁੱਜ ਗਏ ਅਤੇ ਜ਼ਖ਼ਮੀ ਹਾਲਤ ਵਿਚ ਵਜ਼ੀਰ ਖਾਂ ਨੂੰ ਕਾਬੂ ਕਰ ਕੇ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਸਿੰਘ ਜੇਤੂ ਹੋ ਕੇ ਸਰਹਿੰਦ ਵਿਚ ਦਾਖ਼ਲ ਹੋਏ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਖ਼ਾਲਸਾ ਰਾਜ ਦਾ ਪਰਚਮ ਝੁਲਾ ਦਿੱਤਾ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਫ਼ੌਜਦਾਰ ਅਤੇ ਬਾਬਾ ਆਲੀ ਸਿੰਘ ਸਲੌਦੀ ਨੂੰ ਨਾਇਬ ਫ਼ੌਜਦਾਰ ਥਾਪ ਕੇ ਸਾਰਾ ਪ੍ਰਬੰਧ ਉਨ੍ਹਾਂ ਦੇ ਹਵਾਲੇ ਕਰ ਕੇ ਆਪ ਅਗਲੀ ਮੁਹਿੰਮ 'ਤੇ ਚੱਲ ਪਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਜਿੱਤ ਤੋਂ ਪਿੱਛੋਂ ਜ਼ਾਲਮਾਂ ਨੂੰ ਚੁਣ-ਚੁਣ ਕੇ ਮਾਰਿਆ। ਹਕੂਮਤ ਦੀ ਛਤਰ-ਛਾਇਆ ਹੇਠ ਸੁੱਚਾ ਨੰਦ ਇਸ ਤਰ੍ਹਾਂ ਦੇ ਜ਼ੁਲਮ ਕਰ ਰਿਹਾ ਸੀ, ਕਿ ਉਸ ਦੇ ਸਿੱਖਾਂ ਹੱਥੋਂ ਮਾਰੇ ਜਾਣ ਨੂੰ ਕੀਤੇ ਦਾ ਫਲ ਦੱਸਦਿਆਂ ਮੁਹੰਮਦ ਕਾਸਿਮ 'ਇਬਰਤ ਨਾਮੇ' ਵਿਚ ਲਿਖਦਾ ਹੈ, "ਮੈਂ ਆਸ-ਪਾਸ ਦੇ ਭਰੋਸੇ ਯੋਗ ਲੋਕਾਂ ਤੋਂ ਸੁਣਿਆ ਹੈ ਕਿ ਸ਼ਹੀਦ (ਵਜ਼ੀਰ ਖਾਂ) ਦੀ ਹਕੂਮਤ ਦੇ ਦਿਨੀਂ ਕਿਹੜਾ ਜ਼ੁਲਮ ਸੀ ਜੋ ਇਸ ਅਨਿਆਈ (ਸੁੱਚਾ ਨੰਦ) ਨੇ ਗਰੀਬਾਂ ਉੱਤੇ ਨਾ ਕੀਤਾ ਹੋਵੇ ਅਤੇ ਫਸਾਦ ਦਾ ਕਿਹੜਾ ਬੀਜ ਸੀ ਜੋ ਇਸ ਨੇ ਆਪਣੇ ਲਈ ਨਾ ਬੀਜਿਆ ਹੋਵੇ ਕਿ ਜਿਸ ਦਾ ਫਲ ਇਸ ਨੂੰ ਪ੍ਰਾਪਤ ਹੋਇਆ।"

***ਚਲਦਾ . . .***

# ਲੋਹਗੜ੍ਹ ਦੀ ਢੁਕਵੀਂ ਯਾਦਗਾਰ - ਸਮੇਂ ਦੀ ਲੋੜ

*-ਡਾ. ਪਰਮਵੀਰ ਸਿੰਘ**

ਸਢੌਰੇ ਕੋਲ ਮੌਜੂਦ ਲੋਹਗੜ੍ਹ ਕਿਲ੍ਹੇ ਦੇ ਖੰਡਰ ਸਿੱਖਾਂ ਦੀ ਅਣਖ਼, ਸਵੈਮਾਣ ਅਤੇ ਦਲੇਰੀ ਦੀ ਸ਼ਾਹਦੀ ਭਰਦੇ ਹਨ, ਜਿੱਥੋਂ ਉਨ੍ਹਾਂ ਨੇ ਸਮੇਂ ਦੀ ਹਕੂਮਤ ਦੀ ਸਭ ਤੋਂ ਸ਼ਕਤੀਸ਼ਾਲੀ ਫ਼ੌਜ ਨਾਲ ਟੱਕਰ ਲਈ ਸੀ। ਇਸ ਕਿਲ੍ਹੇ ਨੂੰ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਕਿਹਾ ਜਾਂਦਾ ਹੈ। ਇਹ ਇਕ ਅਜਿਹਾ ਕਿਲ੍ਹਾ ਹੈ ਜਿਹੜਾ ਬਾਬਾ ਬੰਦਾ ਸਿੰਘ ਬਹਾਦਰ ਦੇ ਅਧਿਕਾਰ ਵਿਚ ਆਉਣ ਤੋਂ ਬਾਅਦ ਸਿੱਖਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਸਿੱਖਾਂ ਨੂੰ ਸੱਤਾ ਦਾ ਅਹਿਸਾਸ ਦਿਵਾਉਣ ਵਾਲਾ ਇਹ ਕਿਲ੍ਹਾ ਛੇਤੀ ਹੀ ਇੰਨੀ ਪ੍ਰਸਿੱਧੀ ਪ੍ਰਾਪਤ ਕਰ ਗਿਆ ਸੀ ਕਿ ਬਾਦਸ਼ਾਹ ਬਹਾਦਰ ਸ਼ਾਹ ਨੂੰ ਇਸ 'ਤੇ ਫਤਿਹ ਪ੍ਰਾਪਤ ਕਰਨ ਲਈ ਰਾਜਪੂਤਾਨੇ ਦੀ ਮੁਹਿੰਮ ਵਿੱਚੇ ਹੀ ਛੱਡ ਕੇ ਅਜਮੇਰ ਤੋਂ ਇੱਥੇ ਆਉਣ ਲਈ ਮਜਬੂਰ ਹੋਣਾ ਪਿਆ ਸੀ। ਲੋਹਗੜ੍ਹ ਦੀ ਬਾਦਸ਼ਾਹੀ ਮੁਹਿੰਮ ਨੇ ਭਾਰਤ ਦੇ ਸਮੂਹ ਰਾਜਿਆਂ, ਜਾਗੀਰਦਾਰਾਂ, ਨਵਾਬਾਂ, ਹਾਕਮਾਂ, ਲਿਖਾਰੀਆਂ ਆਦਿ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਮੁਗ਼ਲਾਂ ਨਾਲ ਸਿੱਖਾਂ ਦੇ ਸੰਬੰਧ ਦਰਸਾਉਂਦੀਆਂ ਲੱਗਭਗ ਸਮੂਹ ਲਿਖਤਾਂ ਲੋਹਗੜ੍ਹ ਦਾ ਜ਼ਿਕਰ ਕਰਦੀਆਂ ਹਨ। ਭਾਵੇਂ ਕਿ ਮੌਜੂਦਾ ਸਮੇਂ ਵਿਚ ਉੱਥੇ ਕੋਈ ਬਹੁਤੀ ਪ੍ਰਭਾਵਸ਼ਾਲੀ ਯਾਦਗਾਰ ਕਾਇਮ ਨਹੀਂ ਹੋ ਸਕੀ ਪਰ ਸਿੱਖ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਦੇ ਮਨ ਵਿਚ ਇਹ ਅਸਥਾਨ ਖਿੱਚ ਪੈਦਾ ਕਰਦਾ ਹੈ।

ਸਢੌਰੇ ਦੇ ਨਜ਼ਦੀਕ ਪਾਉਂਟਾ ਸਾਹਿਬ ਜਾਂਦਿਆਂ ਮੁੱਖ ਸੜਕ ਤੋਂ ਥੋੜ੍ਹਾ ਪਾਸੇ ਪਹਾੜੀ 'ਤੇ ਬਣਿਆ ਹੋਇਆ ਇਕ ਅਜਿਹਾ ਅਸਥਾਨ ਹੈ ਜਿਸ ਨੂੰ ਸਾਹਮਣੇ ਪਾਸਿਉਂ ਨਦੀ ਨੇ ਘੇਰਿਆ ਹੋਇਆ ਹੈ ਅਤੇ ਪਿਛਲੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਹਨ। ਨਦੀਂ ਵਿੱਚੋਂ ਲੰਘ ਕੇ ਸਿਰਫ਼ ਸਾਹਮਣੇ ਵਾਲੇ ਪਾਸੇ ਤੋਂ ਹੀ ਉੱਥੇ ਪੁੱਜਿਆ ਜਾ ਸਕਦਾ ਹੈ ਅਤੇ ਮੀਂਹ ਦੇ ਦਿਨਾਂ ਵਿਚ ਇੱਥੇ ਜਾਣਾ ਮੁਸ਼ਕਿਲ ਹੁੰਦਾ ਹੈ। ਇਸ ਅਸਥਾਨ ਦਾ ਪਹਿਲਾ ਨਾਂ ਮੁਖਲਿਸਗੜ੍ਹ ਸੀ ਜਿਸ ਬਾਰੇ ਮੁਹੰਮਦ ਕਾਸਿਮ ਲਾਹੌਰੀ ਦੱਸਦਾ ਹੈ ਕਿ ਜਦੋਂ ਸ਼ਾਹੀ ਡੇਰਾ ਉਸ ਜ਼ਮੀਨ 'ਤੇ ਆ ਲੱਗਿਆ, ਜਿਹੜੀ ਸਵਰਗੀ ਬਾਦਸ਼ਾਹ ਦੇ ਸ਼ਿਕਾਰ ਖੇਡਣ ਲਈ ਮੁਕੱਰਰ ਸੀ, ਉਸ ਚਲਾਕ ਵਿਅਕਤੀ (ਬੰਦਾ ਸਿੰਘ ਬਹਾਦਰ) ਨੇ ਕਿਲ੍ਹਾ ਮੁਖ਼ਲਿਸਪੁਰ, ਜਿਸ ਦਾ ਨਾਮ ਉਸ ਨੇ ਲੋਹਗੜ੍ਹ ਰੱਖਿਆ ਸੀ, ਵਿਚ ਜਾ ਵੜਿਆ। ਭਾਈ ਕਾਨ੍ਹ ਸਿੰਘ ਨਾਭਾ ਦੱਸਦਾ ਹੈ ਕਿ ਬਾਦਸ਼ਾਹ ਸ਼ਾਹਜ਼ਹਾਨ ਦੇ ਹੁਕਮ ਨਾਲ ਇਹ ਕਿਲ੍ਹਾ ਮੁਖਲਿਸ ਖ਼ਾਨ ਨੇ ਬਣਵਾਇਆ ਸੀ। ਬਾਬਾ

**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੭੨੦-੭੪੩੨੨*

ਬੰਦਾ ਸਿੰਘ ਬਹਾਦਰ ਨੇ ਸਰਹਿੰਦ ਇਲਾਕੇ ਉੱਪਰ ਕਬਜ਼ਾ ਕਰ ਕੇ ਕਿਲ੍ਹਾ ਮੁਖਲਿਸਗੜ੍ਹ ਨੂੰ ਆਪਣਾ ਨਿਵਾਸ ਬਣਾਇਆ ਸੀ ਅਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਸੀ।

ਭਾਵੇਂ ਕਿ ਸਰਹਿੰਦ ਦੀ ਜਿੱਤ ਤੋਂ ਪਹਿਲਾਂ ਹੀ ਸਢੌਰੇ 'ਤੇ ਕਬਜ਼ਾ ਕਰ ਲਿਆ ਗਿਆ ਸੀ ਪਰ ਇਸ ਨੂੰ ਹਾਲੇ ਪੱਕੇ ਟਿਕਾਣੇ ਵਜੋਂ ਵਿਕਸਿਤ ਨਹੀਂ ਕੀਤਾ ਗਿਆ ਸੀ। ਸਰਹਿੰਦ ਦੀ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਕ ਅਜਿਹੇ ਟਿਕਾਣੇ ਦੀ ਸਖ਼ਤ ਲੋੜ ਮਹਿਸੂਸ ਹੋਈ ਸੀ ਜਿੱਥੋਂ ਕੇਂਦਰੀ ਗਤੀਵਿਧੀਆਂ ਵੀ ਚਲਾਈਆਂ ਜਾ ਸਕਣ ਅਤੇ ਲੋੜ ਪੈਣ 'ਤੇ ਦੁਸ਼ਮਣ ਨਾਲ ਟੱਕਰ ਵੀ ਲਈ ਜਾ ਸਕੇ। ਸਰਹਿੰਦ, ਸਮਾਣਾ ਆਦਿ ਹੋਰ ਬਹੁਤ ਸਾਰੇ ਨਗਰਾਂ 'ਤੇ ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤ ਪ੍ਰਾਪਤ ਕਰ ਲਈ ਸੀ ਪਰ ਯੁੱਧ-ਨੀਤੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਵਰਤਿਆ ਨਹੀਂ ਜਾ ਸਕਦਾ ਸੀ। ਲੋਹਗੜ੍ਹ ਹੀ ਇਕ ਅਜਿਹੀ ਜਗ੍ਹਾ ਸੀ ਜਿਥੋਂ ਮੈਦਾਨੀ ਇਲਾਕਿਆਂ 'ਤੇ ਵੀ ਨਜ਼ਰ ਰੱਖੀ ਜਾ ਸਕਦੀ ਸੀ ਅਤੇ ਲੋੜ ਪੈਣ 'ਤੇ ਇੱਥੇ ਮੌਜੂਦ ਪਹਾੜੀਆਂ ਤੋਂ ਮੋਰਚੇ ਦਾ ਕੰਮ ਵੀ ਲਿਆ ਜਾ ਸਕਦਾ ਸੀ। ਇਸ ਦੇ ਪਿਛਲੇ ਪਾਸੇ ਅਜਿਹਾ ਸੰਘਣਾ ਜੰਗਲ ਸੀ ਜਿਸ ਨੂੰ ਪਾਰ ਕਰ ਕੇ ਇਸ 'ਤੇ ਹਮਲਾ ਕਰਨਾ ਬਹੁਤ ਔਖਾ ਕੰਮ ਸੀ। ਲੋਹਗੜ੍ਹ ਨੂੰ ਟਿਕਾਣਾ ਬਣਾਉਣ ਸੰਬੰਧੀ ਟਿੱਪਣੀ ਕਰਦੇ ਹੋਏ ਡਾ. ਗੰਡਾ ਸਿੰਘ ਦੱਸਦੇ ਹਨ ਕਿ ਜਿਸ ਵੇਲੇ ਬੰਦਾ ਸਿੰਘ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ। ਛੇਤੀ-ਛੇਤੀ ਇਸ ਦੀ ਮੁਰੰਮਤ ਕੀਤੀ ਗਈ ਅਤੇ ਇਸ ਦਾ ਨਾਂ ਲੋਹਗੜ੍ਹ ਧਰਿਆ ਗਿਆ। ਸਰਹਿੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਅਤੇ ਜੰਗੀ ਸਾਮਾਨ ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਇਆ ਹੋਇਆ ਮਾਮਲਾ ਸਭ ਇੱਥੇ ਇਕੱਠੇ ਕੀਤੇ ਗਏ। ਗੱਲ ਕੀ, ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ ਸੀ।

ਮੁਖ਼ਲਿਸਗੜ੍ਹ ਨੂੰ ਲੋਹਗੜ੍ਹ ਵਿਚ ਤਬਦੀਲ ਕਰਨ ਉਪਰੰਤ ਯੁੱਧ ਦੀ ਦ੍ਰਿਸ਼ਟੀ ਤੋਂ ਇਸ ਦੀ ਪਕਿਆਈ ਬਹੁਤ ਹੀ ਮਹੱਤਵਪੂਰਨ ਕਾਰਜ ਸੀ ਜਿਹੜਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਤੁਰੰਤ ਹੀ ਸ਼ੁਰੂ ਕਰ ਦਿੱਤਾ ਸੀ। ਕਾਮਰਾਜ ਬਿਨ ਨੈਣਾ ਸਿੰਘ ਦੱਸਦਾ ਹੈ ਕਿ ਉਸ ਭੈੜੇ ਅੰਤ ਵਾਲੇ ਕਾਫ਼ਿਰ (ਬਾਬਾ ਬੰਦਾ ਸਿੰਘ ਬਹਾਦਰ) ਨੇ ਦੋ ਪਹਾੜਾਂ ਦੇ ਦਰਮਿਆਨ ਆਕਾਸ਼ ਦੇ ਦਬਦਬੇ ਵਾਲੇ ਕਿਲ੍ਹੇ ਜਿਸ ਦੇ ਉਸ ਪਾਸੇ ਲੰਬਾ ਚੌੜਾ ਮੈਦਾਨ ਸੀ, ਆਪਣੇ ਤੇ ਦੂਜੇ ਕਰੀਬੀ ਫ਼ਸਾਦੀਆਂ ਦੇ ਠਹਿਰਨ ਦੀ ਜਗ੍ਹਾ ਬਣਾਈ। ਉਸ ਕਿਲ੍ਹੇ ਦੇ ਸਾਹਮਣੇ ਇਕ ਪੱਕਾ ਬੰਨ੍ਹ ਤਿਆਰ ਕੀਤਾ ਜਿਸ ਦੀ ਲੰਬਾਈ ਅੱਧਾ ਕੋਹ ਸੀ ਤੇ ਚੌੜਾਈ ਇਕ ਗਜ਼। ਉਸ ਨੂੰ ਉਸ ਨੇ ਮਿੱਟੀ ਤੇ ਲੱਕੜਾਂ ਨਾਲ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਕਮਾਲ ਦੀ ਡੂੰਘੀ ਖਾਈ ਪੁੱਟੀ ਗਈ। ਗ਼ੁਲਾਮ ਮੁਹੀਉਦੀਨ ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੋਇਆ ਕਹਿੰਦਾ ਹੈ ਕਿ ਉਸ

ਨੇ ਉੱਥੇ ਇਕ ਪੱਥਰਾਂ ਦੀ ਗੜ੍ਹੀ ਉਸਰਵਾਈ, ਜਿਸ ਦੇ ਬੁਰਜ ਤੇ ਚਾਰ ਦੀਵਾਰੀ ਬਹੁਤ ਮਜ਼ਬੂਤ ਹਨ ਤੇ ਉਸ ਦੇ ਚਾਰ-ਚੁਫੇਰੇ ਇਕ ਡੂੰਘੀ ਖਾਈ ਪੁਟਵਾਈ। ਉਸ ਦਾ ਨਾਮ ਲੋਹਗੜ੍ਹ ਰੱਖਿਆ।

ਗੁਰਮੁਖੀ ਸਰੋਤਾਂ ਦੇ ਰਚਨਹਾਰਿਆਂ ਨੇ ਵੀ ਇਸ ਕਿਲ੍ਹੇ ਸੰਬੰਧੀ ਆਪਣੀ ਦ੍ਰਿਸ਼ਟੀ ਤੋਂ ਖੋਜ ਕੀਤੀ ਹੈ। ਸਥਾਨਕ ਲੋਕਾਂ ਦੇ ਬਿਆਨਾਂ ਅਤੇ ਨਿੱਜੀ ਸਰਵੇਖਣ ਦੇ ਆਧਾਰ 'ਤੇ ਉਨ੍ਹਾਂ ਨੇ ਇਸ ਦੀ ਜਿਹੜੀ ਤਸਵੀਰ ਖਿੱਚੀ ਹੈ, ਉਹ ਵੀ ਧਿਆਨ ਦੇਣ ਯੋਗ ਹੈ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਏਸ ਲੋਹਗੜ੍ਹ ਦੇ ਚੁਫੇਰੇ ਦੀ ਸ਼ਿਕਾਰਗਾਹ ਦੇ ਦਸ-ਦਸ ਪੰਦਰਾਂ-ਪੰਦਰਾਂ ਕੋਹ ਤਕ ਪਹਾੜੀਆਂ ਝਾੜੀਆਂ ਬਹੁਤ ਸਨ, ਸਢੌਰੇ ਵੱਲੋਂ ਪੰਜ ਛੀ ਕੋਹ ਪਹਾੜ ਵੰਨੀ ਇਕ ਉੱਚੇ ਟਿੱਬੇ ਪੁਰ ਪੰਮੂ ਪਿੰਡ ਦੇ ਪਾਸ ਕਿਲ੍ਹਾ ਲੋਹਗੜ੍ਹ ਹੈ ਜੋ ਸ਼ਾਹਜਹਾਂ ਦੇ ਸਮੇਂ ਮੁਖ਼ਲਸ ਖ਼ਾਂ ਸੂਬੇਦਾਰ ਸਰਹੰਦ ਨੇ ਬਣਵਾਇਆ ਸੀ, ਓਸਦੇ ਦੋਹੀਂ ਪਾਸੀਂ ਦੋ ਖੱਡਾਂ ਪਹਾੜੀ ਪਾਣੀ ਦੀਆਂ ਵਗਦੀਆਂ ਰਹਿੰਦੀਆਂ ਹਨ, ਕਿਲ੍ਹੇ ਦੇ ਆਸ-ਪਾਸ ਉੱਚੇ ਪਹਾੜ ਬਹੁਤੇ ਸਨ। ਭਾਵੇਂ ਹੁਣ ਤਾਂ ਓਸ ਕਿਲ੍ਹੇ ਨੂੰ ਲੋਕਾਂ ਨੇ ਖੋਲਾ ਜੇਹਾ ਬੀ ਨਹੀਂ ਛੱਡਿਆ ਸਭ ਮਲਬਾ ਲੈ ਗਏ ਹਨ।

ਬਾਦਸ਼ਾਹ ਕੋਲ ਜਿਹੜੀਆਂ ਖ਼ਬਰਾਂ ਪੁੱਜ ਰਹੀਆਂ ਸਨ, ਉਨ੍ਹਾਂ ਵਿਚ ਇਸ ਦਾ ਜ਼ਿਕਰ ਆਉਣ ਲੱਗਿਆ ਸੀ। ਜਿਵੇਂ ਅਖ਼ਬਾਰ-ਇ-ਦਰਬਾਰ-ਇ-ਮੁਅੱਲਾ ਵਿਚ ੨੨ ਜੂਨ, ੧੭੧੦ ਦਿਨ ਵੀਰਵਾਰ ਦੀ ਇਕ ਰਿਪੋਰਟ ਦੱਸਦੀ ਹੈ ਕਿ ਗੁਰੂ (ਬਾਬਾ ਬੰਦਾ ਸਿੰਘ ਬਹਾਦਰ) ਘੋੜੇ 'ਤੇ ਸਵਾਰ ਹੋ ਕੇ ਸਵੇਰੇ-ਸਵੇਰੇ ਨਿਕਲਿਆ ਹੈ, ਉਸ ਨੇ ਜ਼ਰੀਦਾਰ ਪਹਿਰਾਵਾ ਪਹਿਨਿਆ ਹੋਇਆ ਹੈ, ਹੱਥ ਵਿਚ ਉਸ ਨੇ ਬੰਦੂਕ ਅਤੇ ਬਰਛੀ ਫੜੀ ਹੋਈ ਹੈ। ਗੁਲਾਬ ਨਗਰ, ਜਿਸ ਨੂੰ ਬੂੜੀਆ ਵੀ ਕਿਹਾ ਜਾਂਦਾ ਹੈ, ਵਿਖੇ ਉਸ ਨੇ ਪੜਾਅ ਕੀਤਾ ਹੈ। ਇਹ ਅਸਥਾਨ ਡਾਬਰ (ਲੋਹਗੜ੍ਹ) ਤੋਂ ਚਾਰ ਕੋਹ ਦੀ ਦੂਰੀ 'ਤੇ ਹੈ। ਖ਼ਾਫ਼ੀ ਖ਼ਾਂ ਇਹ ਕਿਲ੍ਹਾ ਬਰਫੀ ਰਾਜੇ (ਸਿਰਮੌਰ ਰਿਆਸਤ ਦੇ ਰਾਜੇ) ਅਧੀਨ ਦੱਸਦਾ ਹੈ।

ਬਾਦਸ਼ਾਹ ਬਹਾਦਰ ਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਫੜ੍ਹਨ ਲਈ ਇਕ ਵੱਡੀ ਫੌਜ ਲੈ ਕੇ ਸਢੌਰੇ ਆਇਆ ਸੀ। ਬਾਦਸ਼ਾਹ ਨੂੰ ਆਪਣੀਆਂ ਫੌਜਾਂ ਅਤੇ ਜਰਨੈਲਾਂ 'ਤੇ ਪੂਰਨ ਭਰੋਸਾ ਸੀ ਕਿ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਿਉਂਦੇ ਫੜ ਲੈਣਗੇ। ਉਸ ਨੇ ਬੰਦੇ ਨੂੰ ਫੜ ਕੇ ਦਿੱਲੀ ਨਾਲ ਲਿਜਾਣ ਵਾਸਤੇ ਇਕ ਪਿੰਜਰਾ ਵੀ ਤਿਆਰ ਕਰਵਾਇਆ ਸੀ ਪਰ ਜਦੋਂ ਇੰਨੇ ਪੀਢੇ ਘੇਰੇ ਅਤੇ ਸਖ਼ਤ ਲੜ੍ਹਾਈ ਦੇ ਬਾਵਜੂਦ ਵੀ ਬੰਦਾ ਬਚ ਕੇ ਨਿਕਲਣ ਵਿਚ ਸਫ਼ਲ ਹੋ ਗਿਆ ਤਾਂ ਇਹ ਗੱਲ ਬਾਦਸ਼ਾਹ ਲਈ ਬੜੀ ਨਮੋਸ਼ੀ ਵਾਲੀ ਸਾਬਿਤ ਹੋਈ ਸੀ। ਬਾਦਸ਼ਾਹ ਨੇ ਲੋਹਗੜ੍ਹ ਦੀ ਜਿੱਤ ਲਈ ਮਨਾਏ ਜਾਣ ਵਾਲੇ ਜਸ਼ਨਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਘਟਨਾ ਨੇ ਬਾਦਸ਼ਾਹ ਅਤੇ ਉਸ ਦੇ ਜਰਨੈਲਾਂ ਨੂੰ ਬਹੁਤ ਨਿਰਾਸ਼ ਕੀਤਾ ਸੀ। ਬਾਬਾ ਬੰਦਾ ਸਿੰਘ ਬਹਾਦਰ

ਦੇ ਬਚ ਨਿਕਲਣ ਦੀ ਘਟਨਾ ਨੇ ਇਸ ਮੁਹਿੰਮ ਦੇ ਆਗੂ ਖ਼ਾਨਿ-ਖ਼ਾਨਾ ਮੁਨਈਅਮ ਖ਼ਾਨ ਦੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪਾਇਆ ਸੀ। ਖ਼ਾਫ਼ੀ ਖ਼ਾਨ ਲਿਖਦਾ ਹੈ ਕਿ ਜਦੋਂ ਖ਼ਾਨਿ-ਖ਼ਾਨਾ ਨੂੰ ਬੰਦੇ ਦੇ ਬੱਚ ਨਿਕਲਣ ਦੀ ਖ਼ਬਰ ਮਿਲੀ ਤਾਂ ਉਹ ਬਹੁਤ ਸ਼ਰਮਸਾਰ ਮਹਿਸੂਸ ਕਰ ਰਿਹਾ ਸੀ। ਉਸ ਨੂੰ ਬਹੁਤ ਸਾਰੀਆਂ ਬੀਮਾਰੀਆਂ ਨੇ ਘੇਰ ਲਿਆ ਸੀ। ਗਰੀਕ ਅਤੇ ਯੂਰਪੀ ਹਕੀਮਾਂ ਦੀਆਂ ਦਵਾਈਆਂ ਕੋਈ ਅਸਰ ਨਹੀਂ ਕਰ ਰਹੀਆਂ ਸਨ। ਇਹ ਬੀਮਾਰੀਆਂ ਉਸ ਦੀ ਮੌਤ ਦਾ ਕਾਰਨ ਬਣੀਆਂ ਸਨ।

ਦੂਜੇ ਪਾਸੇ ਲੋਹਗੜ੍ਹ ਵਿੱਚੋਂ ਨਿਕਲ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਫੌਜੀ ਕਾਰਵਾਈਆਂ ਤੇਜ਼ ਕਰ ਦਿੱਤੀਆਂ ਸਨ। ਸ਼ਾਹੀ ਲਸ਼ਕਰ ਦੀਆਂ ਕਾਰਵਾਈਆਂ ਅਤੇ ਦਮਨ ਦੀ ਪਰਵਾਹ ਕੀਤੇ ਬਗ਼ੈਰ ਉਸ ਨੇ ੧੨ ਦਸੰਬਰ, ੧੭੧੦ ਨੂੰ ਜਉਨਪੁਰ ਦੀ ਸੰਗਤ ਦੇ ਨਾਂ ਇਕ ਹੁਕਮਨਾਮਾ ਜਾਰੀ ਕੀਤਾ ਸੀ। ਇਸ ਹੁਕਮਨਾਮੇ ਤੋਂ ਉਸ ਦੀ ਸ਼ਾਹੀ ਜ਼ਬਰ ਅਤੇ ਜ਼ੁਲਮ ਦੇ ਖ਼ਿਲਾਫ ਅਰੰਭ ਕੀਤੇ ਸੰਘਰਸ਼ ਪ੍ਰਤੀ ਦ੍ਰਿੜ੍ਹਤਾ ਦੇਖਣ ਨੂੰ ਮਿਲਦੀ ਹੈ। ਇਸ ਹੁਕਮਨਾਮੇ ਵਿਚ ਉਹ ਆਦੇਸ਼ ਦਿੰਦਾ ਹੈ ਕਿ "ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ, ਪੰਜ ਹਥੀਆਰ ਬੰਨ੍ਹਿ ਕੈ ਹੁਕਮੁ ਦੇਖਦਿਆ ਦਰਸਨ ਆਵਣਾ।"

ਜਿਸ ਨੁਕਤਾ-ਨਿਗਾਹ ਤੋਂ ਇਸ ਕਿਲ੍ਹੇ ਦੀ ਉਸਾਰੀ ਕੀਤੀ ਗਈ ਸੀ, ਲੋੜ ਪੈਣ 'ਤੇ ਇਹ ਸਾਰਥਕ ਸਾਬਿਤ ਹੋਈ ਸੀ। ਬਾਦਸ਼ਾਹ ਪੰਜਾਬ ਵਿਚ ਹੀ ਮੌਜੂਦ ਸੀ ਅਤੇ ਉਸ ਨੇ ਲਾਹੌਰ ਦਾ ਰੁਖ਼ ਕਰ ਲਿਆ ਸੀ ਪਰ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਹਾਕਮਾਂ ਨੂੰ ਸੋਧਣ ਦੀਆਂ ਕਾਰਵਾਈਆਂ ਨਿਰੰਤਰ ਜਾਰੀ ਸਨ। ਇਨ੍ਹਾਂ ਕਾਰਵਾਈਆਂ ਨੇ ਲੋਕਾਂ ਦੇ ਮਨ ਵਿਚ ਹਕੂਮਤ ਦਾ ਡਰ ਮੱਠਾ ਪਾ ਦਿੱਤਾ ਸੀ। ਜਿਹੜੇ ਲੋਕ ਹਕੂਮਤ ਤੋਂ ਦੁਖੀ ਸਨ, ਉਹ ਖੁੱਲ੍ਹੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੁੰਦੇ ਜਾ ਰਹੇ ਸਨ। ਅਖ਼ਬਾਰ-ਇ-ਦਰਬਾਰ-ਇ-ਮੁਅੱਲਾ ਵਿਚ ੨੮ ਅਪ੍ਰੈਲ, ੧੭੧੧ ਦਿਨ ਸਨਿੱਚਰਵਾਰ ਨੂੰ ਭਗਵਤੀ ਦਾਸ ਹਰਕਾਰੇ ਦੁਆਰਾ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੇਜੀ ਇਕ ਰਿਪੋਰਟ ਦੱਸਦੀ ਹੈ ਕਿ ਕਲਾਨੌਰ ਦੇ ਸਥਾਨ 'ਤੇ ਬਾਗ਼ੀ ਨਾਨਕ-ਪ੍ਰਸਤ (ਬਾਬਾ ਬੰਦਾ ਸਿੰਘ ਬਹਾਦਰ) ਨੇ ਮੁਸਲਮਾਨਾਂ ਨੂੰ ਪਰੇਸ਼ਾਨ ਨਾ ਕਰਨ ਦੀ ਤਾਕੀਦ ਕੀਤੀ ਹੈ।... ਉਸ ਨੇ ਖੁਤਬਾ ਪੜ੍ਹਨ ਅਤੇ ਨਮਾਜ਼ ਅਦਾ ਕਰਨ ਦੀ ਖੁਲ੍ਹ ਦਿੱਤੀ ਹੈ। ਪੰਜ ਹਜ਼ਾਰ ਮੁਸਲਮਾਨ ਉਸ ਨਾਲ ਰਲ ਗਏ ਹਨ।

ਭਾਵੇਂ ਕਿ ਬੰਦਾ ਸਿੰਘ ਬਹਾਦਰ ਪਹਾੜਾਂ ਬਾਰੇ ਬਹੁਤ ਹੀ ਗਹਿਰ-ਗੰਭੀਰ ਜਾਣਕਾਰੀ ਰੱਖਦਾ ਸੀ। ਪਹਾੜਾਂ ਦੇ ਤੰਗ ਅਤੇ ਖ਼ਤਰਨਾਕ ਰਸਤਿਆਂ ਨੂੰ ਉਹ ਸਹਿਜੇ ਹੀ ਪਾਰ ਕਰ ਲੈਂਦਾ ਸੀ ਅਤੇ ਕਦੇ ਕਿਸੇ ਦੇ ਹੱਥ ਨਹੀਂ ਆਉਂਦਾ ਸੀ। ਆਮ ਲੋਕਾਂ ਲਈ ਉਹ ਇਕ ਚਮਤਕਾਰੀ ਵਿਅਕਤੀ ਵਜੋਂ ਸਾਹਮਣੇ ਆਇਆ ਸੀ ਜਿਸ ਨੂੰ ਰੋਕਣ ਜਾਂ ਫੜਣ ਤੋਂ ਸਾਰੇ ਜਰਨੈਲ ਟਾਲਾ ਵੱਟਣ ਲੱਗੇ ਸਨ। ਉਹ ਜਦੋਂ ਚਾਹੇ ਦੁਸ਼ਮਣ

ਦੇ ਤੰਗ ਤੋਂ ਤੰਗ ਘੇਰੇ ਵਿੱਚੋਂ ਬਚ ਕੇ ਨਿਕਲ ਸਕਦਾ ਸੀ। ਉਸ ਨੂੰ ਫੜਨਾ ਕਿਸੇ ਹਾਰੀ-ਸਾਰੀ ਦੀ ਗੱਲ ਨਹੀਂ ਜਾਪਦੀ ਸੀ। ਜੰਮੂ ਦੀਆਂ ਪਹਾੜੀਆਂ ਵਿਚ ਉਸ ਦਾ ਨਿਵਾਸ ਕਰਨਾ ਅਤੇ ਫਿਰ ਪ੍ਰਗਟ ਹੋ ਕੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲੈਣਾ ਉਸ ਦੀ ਫੁਰਤੀ ਦਾ ਪ੍ਰਗਟਾਵਾ ਕਰਦਾ ਹੈ। ਭਾਵੇਂ ਕਿ ਉਹ ਪਹਾੜਾਂ ਵਿਚ ਰਹਿਣ ਨੂੰ ਤਰਜੀਹ ਦਿੰਦਾ ਹੈ ਪਰ ਯੁੱਧ ਦੀ ਦ੍ਰਿਸ਼ਟੀ ਤੋਂ ਲੋਹਗੜ੍ਹ ਨੂੰ ਉਹ ਸਭ ਤੋਂ ਵਧੇਰੇ ਸੁਰੱਖਿਅਤ ਮੰਨਦਾ ਹੈ। ਜਦੋਂ ਮੌਕਾ ਮਿਲਦਾ ਹੈ, ਉਹ ਲੋਹਗੜ੍ਹ ਵਿਖੇ ਮੁੜ ਵਾਪਸ ਆ ਜਾਂਦਾ ਹੈ। ਦੂਜੀ ਵਾਰੀ ਜਦੋਂ ਬੰਦਾ ਸਿੰਘ ਬਹਾਦਰ ਇਸ ਕਿਲ੍ਹੇ 'ਤੇ ਕਬਜ਼ਾ ਕਰਦਾ ਹੈ ਤਾਂ ਅਬਦੁਸ ਸਮਦ ਖ਼ਾਨ ਭਾਰੀ ਲਸ਼ਕਰ ਨਾਲ ਉਸ 'ਤੇ ਹਮਲਾ ਕਰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾਂ ਦੀ ਤਰ੍ਹਾਂ ਆਪਣੇ ਜੰਗਜੂ ਸਿੰਘਾਂ ਨੂੰ ਨਾਲ ਲੈ ਕੇ ਉੱਥੋਂ ਨਿਕਲ ਜਾਣ ਵਿਚ ਸਫ਼ਲ ਹੋ ਜਾਂਦਾ ਹੈ। ਹਾਕਮਾਂ ਨੇ ਇਸ ਨਮੋਸ਼ੀ ਤੋਂ ਬਚਣ ਲਈ ਇਸ ਕਿਲ੍ਹੇ ਨੂੰ ਸਦੀਵੀ ਤੌਰ 'ਤੇ ਖ਼ਤਮ ਕਰਨ ਦਾ ਯਤਨ ਅਰੰਭ ਕਰ ਦਿੱਤਾ ਸੀ ਜਿਸ ਦਾ ਵਰਣਨ ਕਰਦੇ ਹੋਏ ਗ਼ੁਲਾਮ ਮੁਹੀਉਦੀਨ ਕਹਿੰਦਾ ਹੈ ਕਿ ਫ਼ਤਹਿਮੰਦ ਨਵਾਬ (ਅਬਦੁਸ ਸਮਦ ਖ਼ਾਨ) ਬਹਾਦਰੀ ਤੇ ਸ਼ੇਰ ਮਾਰਨ ਦੀ ਤਾਕਤ ਰੱਖਣ ਦੇ ਤਕਾਜ਼ੇ ਨਾਲ ਲੜਾਈ ਵਿਚ ਮਾਰੇ ਗਏ ਵਿਅਕਤੀਆਂ ਨਾਲ ਭਰੇ ਮੁਰਦ-ਘਾਟ ਨੂੰ ਚੀਲ੍ਹਾਂ, ਕਾਵਾਂ, ਗਿੱਦੜਾਂ ਤੇ ਲੂੰਬੜਾਂ ਦੇ ਖਾਣ ਲਈ ਛੱਡ ਕੇ, ਲੋਹਗੜ੍ਹ ਜਿਹੜਾ ਸਿਤਾਰਾਗੜ੍ਹ ਵਜੋਂ ਪ੍ਰਸਿੱਧ ਹੈ, ਨੂੰ ਢਹਿ-ਢੇਰੀ ਕਰਨ ਵੱਲ ਧਿਆਨ ਦਿੰਦਾ ਹੈ। ਫ਼ੁਰਤੀਲੇ ਬੇਲਦਾਰਾਂ ਨੇ ਲੋਹਗੜ੍ਹ ਦੀ ਇਮਾਰਤ ਨੂੰ ਜੜ੍ਹੋਂ ਪੁੱਟ ਸੁੱਟਿਆ ਅਤੇ ਹਰੇਕ ਥਾਂ ਤੋਂ ਮਿੱਟੀ ਦੇ ਢੇਰਾਂ ਦੇ ਢੇਰ ਪੁੱਟ ਕੇ ਉਚੀਆਂ-ਨੀਵੀਆਂ ਥਾਂਵਾਂ ਨੂੰ ਪੱਧਰ ਕਰ ਰਹੇ ਹਨ।

ਇਹ ਕਿਲ੍ਹਾ ਲੱਗਭਗ ਤਿੰਨ ਸਦੀਆਂ ਤੋਂ ਵੀਰਾਨ ਪਿਆ ਹੈ। ਕੁਝ ਖੰਡਰਾਂ ਅਤੇ ਨਿਸ਼ਾਨੀਆਂ ਤੋਂ ਇਲਾਵਾ ਹੋਰ ਕੁਝ ਵੀ ਇੱਥੇ ਦਿਖਾਈ ਨਹੀਂ ਦਿੰਦਾ। ਉਪਰਲੀਆਂ ਪਹਾੜੀਆਂ 'ਤੇ ਨਿਸ਼ਾਨ ਸਾਹਿਬ ਸੁਸ਼ੋਭਿਤ ਹਨ ਅਤੇ ਪਹਾੜੀ ਦੇ ਪੈਰਾਂ ਹੇਠ ਇਕ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਦਾ ਪ੍ਰਬੰਧ ਨਿਹੰਗ ਸਿੰਘਾਂ ਦੇ ਅਧੀਨ ਹੈ। ਇਹ ਇਕ ਅਜਿਹਾ ਅਸਥਾਨ ਹੈ ਜਿਹੜਾ ਸਿੱਖ ਮਾਨਸਿਕਤਾ ਵਿਚ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਵਜੋਂ ਵੱਸ ਗਿਆ ਹੈ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟੜ ਦੀ ਸਰਕਾਰ ਨੇ ਇਸ ਅਸਥਾਨ ਨੂੰ ਪੁਨਰ-ਜੀਵਿਤ ਕਰਨ ਵਿਚ ਜਿਹੜੀ ਰੁਚੀ ਦਿਖਾਈ ਹੈ, ਉਹ ਨਿਰਸੰਦੇਹ ਸ਼ਲਾਘਾਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਅਸਥਾਨ ਦੀ ਸ਼ਾਨ ਨੂੰ ਮੁੜ ਬਹਾਲ ਕਰਨ ਲਈ ਪੁਰਜ਼ੋਰ ਯਤਨ ਕਰ ਰਹੀ ਹੈ ਅਤੇ ਇਸ ਕਾਰਜ ਲਈ ਇਹਨਾਂ ਨੇ ਉੱਥੇ ੯-੧੦ ਏਕੜ ਜ਼ਮੀਨ ਮੁੱਲ ਵੀ ਲੈ ਲਈ ਹੈ। ਛੇਤੀ ਹੀ ਕੋਈ ਢੁਕਵੀਂ ਯਾਦਗਾਰ ਬਣ ਜਾਣੀ ਚਾਹੀਦੀ ਹੈ ਜਿਹੜੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਵਿਰਾਸਤ ਦਾ ਗੌਰਵ ਪੈਦਾ ਕਰਨ ਵਿਚ ਮੀਲ ਪੱਥਰ ਸਾਬਿਤ ਹੋਵੇ। ■

# ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਪ੍ਰਬੰਧ

*-ਡਾ. ਹਰਬੰਸ ਸਿੰਘ**

ਲੜਾਈ ਦੇ ਮੈਦਾਨ ਵਿਚ ਵੱਡੀ ਜਿੱਤ ਹਾਸਲ ਕਰਨੀ, ਕਿਸੇ ਵੀ ਜਰਨੈਲ ਦੇ ਸੈਨਿਕ ਜੀਵਨ ਦੀ ਮਹਾਨ ਉਪਲਬਧੀ ਕਹੀ ਜਾ ਸਕਦੀ ਹੈ ਪਰੰਤੂ ਇਹ ਜ਼ਰੂਰੀ ਨਹੀਂ ਕਿ ਇਹ ਸਫਲ ਜਰਨੈਲ ਰਾਜਸੀ ਪ੍ਰਬੰਧ ਦੇ ਖੇਤਰ ਵਿਚ ਵੀ ਇਕ ਸੁਚੱਜਾ ਆਗੂ ਸਾਬਤ ਹੋਵੇ। ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਬਹੁਤ ਘੱਟ ਮਿਲਦੀਆਂ ਹਨ ਕਿ ਜਦੋਂ ਕਿਸੇ ਮਹਾਨ ਵਿਅਕਤੀ ਵਿਚ ਇਹ ਦੋਵੇਂ ਗੁਣ ਵੇਖੇ ਗਏ ਹੋਣ। ਬਾਬਾ ਬੰਦਾ ਸਿੰਘ ਬਹਾਦਰ ਦੇ ਸਬੰਧ ਵਿਚ ਬਿਨਾ ਕਿਸੇ ਸੰਕੋਚ ਦੇ ਇਹ ਕਿਹਾ ਜਾ ਸਕਦਾ ਹੈ ਕਿ ਜਿੱਥੇ ਉਹ ਲੜਾਈ ਦੇ ਮੈਦਾਨ ਵਿਚ ਇਕ ਸੂਰਬੀਰ, ਬਹਾਦਰ, ਨਿਡਰ ਤੇ ਸਫਲ ਜਰਨੈਲ ਸੀ, ਉੱਥੇ ਉਹ ਜਿੱਤੇ ਹੋਏ ਇਲਾਕਿਆਂ ਨੂੰ ਇਕ ਚੰਗਾ ਰਾਜਸੀ ਪ੍ਰਬੰਧ ਦੇਣ ਵਾਲਾ ਇਕ ਕਾਮਯਾਬ ਪ੍ਰਸ਼ਾਸਕ ਵੀ ਸੀ। ਉਸ ਦੇ ਸਾਹਮਣੇ ਜਿੱਥੇ ਜ਼ਾਲਮ, ਅੱਤਿਆਚਾਰੀ ਅਤੇ ਦੁਰਾਚਾਰੀ ਹਾਕਮਾਂ ਨੂੰ ਉਨ੍ਹਾਂ ਦੇ ਕੀਤੇ ਦੀਆਂ ਸਜ਼ਾਵਾਂ ਦੇਣੀਆਂ ਇਕ ਨਿਸ਼ਾਨਾ ਸੀ ਉੱਥੇ ਗਰੀਬ, ਨਿਤਾਣੇ ਅਤੇ ਸਮਾਜ ਵੱਲੋਂ ਤ੍ਰਿਸਕਾਰੇ ਹੋਏ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਅਤੇ ਉਨ੍ਹਾਂ ਨੂੰ ਸਮਾਜ ਵਿਚ ਸਨਮਾਨਜਨਕ ਅਤੇ ਸ੍ਵੈ-ਮਾਣ ਵਾਲੀ ਜ਼ਿੰਦਗੀ ਜੀਉਣ ਦਾ ਅਧਿਕਾਰ ਦਿਵਾਉਣ ਵਰਗਾ ਵੱਡਾ ਆਦਰਸ਼ ਵੀ ਸੀ।

**ਪੰਜਾਬ ਲਈ ਚੱਲਣਾ:** ਜਦੋਂ ਅਕਤੂਬਰ ੧੭੦੮ ਈ. ਦੇ ਸ਼ੁਰੂ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਪੰਜਾਬ ਲਈ ਚੱਲਿਆ ਤਾਂ ਉਸ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਗਏ ਪੰਜ ਤੀਰ, ਨਗਾਰਾ, ਨਿਸ਼ਾਨ ਸਾਹਿਬ, ੨੫ ਸਿੰਘ ਅਤੇ ਪੰਜਾਬ ਦੇ ਪ੍ਰਮੁੱਖ ਸਿੱਖਾਂ ਦੇ ਨਾਮ ਲਿਖੇ ਹੋਏ ਕੁਝ ਹੁਕਮਨਾਮੇ ਸਨ। ਇਨ੍ਹਾਂ ਵਸਤਾਂ ਤੋਂ ਛੁਟ ਸਭ ਤੋਂ ਮਹੱਤਵਪੂਰਨ ਚੀਜ਼ ਜੋ ਉਹ ਆਪਣੇ ਨਾਲ ਲੈ ਕੇ ਚੱਲਿਆ, ਉਹ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਸੀਸ ਅਤੇ ਬਖ਼ਸ਼ਿਸ਼, ਜਿਸ ਦੇ ਸਹਾਰੇ ਉਹ ਆਪਣੇ ਸਮੇਂ ਦੀ ਸਭ ਤੋਂ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਨੂੰ ਵੰਗਾਰਨ ਅਤੇ ਉਸ ਨਾਲ ਲੋਹਾ ਲੈਣ ਜਾ ਰਿਹਾ ਸੀ। ਇਹ ੨੫ ਸਿੰਘ ਉਹ ਸਿਦਕੀ ਸਿੱਖ ਸਨ ਜੋ ਸਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਨਾਲ ਹੀ ਰਹਿੰਦੇ ਸਨ। ਇਨ੍ਹਾਂ ਵਿੱਚੋਂ ਪੰਜ ਮੁਖੀ ਸਿੰਘਾਂ ਦੇ ਨਾਮ ਮਿਲਦੇ ਹਨ ਬਾਬਾ ਬਾਜ ਸਿੰਘ, ਭਾਈ ਰਣ ਸਿੰਘ, ਭਾਈ ਦਇਆ ਸਿੰਘ, ਬਾਬਾ ਬਿਨੋਦ ਸਿੰਘ ਅਤੇ ਭਾਈ ਕਾਨ੍ਹ ਸਿੰਘ।

ਆਮ ਤੌਰ 'ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਦਾ ਮੰਤਵ ਸਰਹਿੰਦ ਦੇ ਨਵਾਬ ਕੋਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦਾ ਬਦਲਾ ਲੈਣਾ ਸੀ ਪਰ ਜੇ ਜ਼ਰਾ ਗਹਿਰਾਈ ਵਿਚ ਜਾ ਕੇ ਵੇਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ

*3C/38 2nd Floor, New Rohtak Road, Karol Bagh, New Delhi-5; M.+9188604-08797*

ਬਖਸ਼ਿਆ ਨਗਾਰਾ, ਨਿਸ਼ਾਨ ਸਾਹਿਬ, ਖੰਡਾ ਅਤੇ ਪੰਜ ਤੀਰ ਇਤਿਆਦ ਸਾਰੀਆਂ ਵਸਤਾਂ ਰਾਜਸੀ ਸ਼ਕਤੀ ਅਤੇ ਪ੍ਰਭੁਤਾ ਦੇ ਚਿੰਨ੍ਹ ਹਨ। ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਅੱਗੇ ਮੁੱਖ ਨਿਸ਼ਾਨਾ ਪੰਜਾਬ ਦੇ ਜ਼ਾਲਮ, ਦੁਰਾਚਾਰੀ ਅਤੇ ਅੱਤਿਆਚਾਰੀ ਹਾਕਮਾਂ ਨੂੰ ਸੋਧਣਾ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣਾ ਸੀ, ਉੱਥੇ ਨਾਲ ਹੀ ਨਾਲ ਖਾਲਸੇ ਨੂੰ ਪੰਜਾਬ ਵਿਚ ਰਾਜਸੀ ਸ਼ਕਤੀ ਵਜੋਂ ਸਥਾਪਿਤ ਕਰ ਕੇ ਖਾਲਸੇ ਦਾ ਰਾਜ ਕਾਇਮ ਕਰਨਾ ਵੀ ਸੀ।

**ਪਹਿਲਾ ਪੜਾਅ:** ਪੰਜਾਬ ਪਹੁੰਚਣ ’ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਪੜਾਅ ਪਿੰਡ ‘ਸੇਹਰ-ਖੰਡੇ’ ਸੀ। ਇੱਥੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੇ ਮੁਖੀ ਸਿੱਖਾਂ ਦੇ ਨਾਮ ਹੁਕਮਨਾਮੇ ਅਤੇ ਸੁਨੇਹੇ ਭੇਜੇ ਸਨ। ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਵਜ਼ੀਰ ਖਾਨ, ਨਵਾਬ ਸਰਹਿੰਦ ਕੋਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਪੰਜਾਬ ਆਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਸੁਨੇਹਾ ਮਿਲਦਿਆਂ ਹੀ ਹਜ਼ਾਰਾਂ ਸਿਦਕੀ ਸਿੱਖ ਖਾਲਸਈ ਨਿਸ਼ਾਨ ਥੱਲੇ ਆ ਕੇ ਇਕੱਠੇ ਹੋ ਗਏ। ਜਿਹੜੇ ਪ੍ਰਮੁੱਖ ਸਿੱਖ ਸਰਦਾਰ ਬਾਬਾ ਬੰਦਾ ਸਿੰਘ ਨਾਲ ਆ ਕੇ ਰਲੇ ਸਨ ਉਨ੍ਹਾਂ ਵਿਚ ਸਲੌਦੀ ਦੇ ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਕਿਆਂ ਤੋਂ ਭਾਈ ਫ਼ਤਿਹ ਸਿੰਘ, ਭਾਈ ਰੂਪਾ ਤੋਂ ਭਾਈ ਕਰਮ ਸਿੰਘ, ਫੂਲਕੀਆ ਘਰਾਣੇ ਵਿੱਚੋਂ ਚੌਧਰੀ ਰਾਮਾ ਤੇ ਤ੍ਰਿਲੋਕਾ, ਬਰਾੜਾਂ ਦੇ ਕਬੀਲੇ, ਭੁੱਲਰ, ਢਿੱਲੋਂ, ਧਾਲੀਵਾਲ, ਮੰਡੇਰ, ਰੰਧਾਵਾ ਆਦਿ ਸਾਰੇ ਜੱਟ ਕਬੀਲੇ ਅਤੇ ਵਣਜਾਰੇ ਲੁਬਾਣੇ ਸਿੱਖ ਸ਼ਾਮਲ ਸਨ।

**ਸਰਹਿੰਦ ’ਤੇ ਹਮਲਾ ਕਰਨ ਤੋਂ ਪਹਿਲਾਂ:** ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ’ਤੇ ਹਮਲਾ ਕਰਨ ਤੋਂ ਪਹਿਲਾਂ ਸਮਾਣੇ, ਘੁੜਾਮ, ਕਪੂਰੀ, ਠਸਕਾ, ਸ਼ਾਹਬਾਦ, ਮੁਸਤਫ਼ਾਬਾਦ, ਸਢੌਰਾ ਅਤੇ ਛੱਤ-ਬਨੂੜ ’ਤੇ ਕਬਜ਼ਾ ਕਰ ਕੇ ਆਪਣੀ ਧਾਂਕ ਜਮਾ ਲਈ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਕਾਰਨਾਮਿਆਂ ਦੀਆਂ ਖ਼ਬਰਾਂ ਦਿੱਲੀ, ਲਾਹੌਰ ਅਤੇ ਕਾਬਲ ਤਕ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। (ਅਖ਼ਬਾਰਾਤ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ) ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਦੀ ਸਭ ਤੋਂ ਵੱਡੀ ਸਫਲਤਾ ਅਤੇ ਪ੍ਰਾਪਤੀ ਚੱਪੜ ਚਿੜੀ ਦਾ ਮੈਦਾਨ ਸੀ, ਜਿੱਥੇ ਉਸ ਨੇ ੧੨ ਮਈ, ੧੭੧੦ ਈ. ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੂੰ ਇਕ ਨਿਰਣਾਇਕ ਲੜਾਈ ਵਿਚ ਕਰਾਰੀ ਹਾਰ ਦੇ ਕੇ ਪੰਜਾਬ ਵਿਚ ਖਾਲਸੇ ਦੇ ਰਾਜ ਦੀ ਮੋਹੜੀ ਗੱਡੀ ਸੀ। ਵਜ਼ੀਰ ਖਾਂ ਆਪਣੇ ਹਜ਼ਾਰਾਂ ਸੈਨਿਕਾਂ ਨਾਲ ਇਸ ਲੜਾਈ ਵਿਚ ਮਾਰਿਆ ਗਿਆ ਸੀ। ਜੋ ਮੁਗ਼ਲ ਅਤੇ ਪਠਾਣ ਇਸ ਲੜਾਈ ਵਿਚ ਬਚ ਗਏ ਸਨ ਉਹ ਮੈਦਾਨ ਛੱਡ ਕੇ ਭੱਜ ਗਏ ਸਨ।

ਚੱਪੜ ਚਿੜੀ ਦੀ ਲੜਾਈ ਕਿਸੇ ਵੀ ਤਰ੍ਹਾਂ ਤ੍ਰਾਵੜੀ ਦੀ ਪਹਿਲੀ ਅਤੇ ਦੂਜੀ ਲੜਾਈ (੧੧੯੧-੧੧੯੨), ਪਾਣੀਪਤ ਦੀਆਂ ਤਿੰਨ ਲੜਾਈਆਂ (੧੫੨੬, ੧੫੫੬, ੧੭੬੧) ਅਤੇ ਪਲਾਸੀ ਦੀ ਲੜਾਈ (੧੭੫੭) ਤੋਂ ਘੱਟ ਅਹਿਮੀਅਤ ਨਹੀਂ ਰੱਖਦੀ। ਉਨ੍ਹਾਂ ਲੜਾਈਆਂ ਵਿਚ ਹਾਰ ਗਈਆਂ ਫੌਜਾਂ, ਸੁਲਤਾਨਾਂ ਜਾਂ ਬਾਦਸ਼ਾਹਾਂ ਦੀ ਥਾਂ ਨਵੇਂ ਰਾਜ ਦੀ ਸਥਾਪਨਾ ਹੋਈ ਸੀ, ਨਵੇਂ ਰਾਜ ਘਰਾਣੇ, ਨਵੇਂ ਵੰਸ਼ ਜਾਂ ਨਵੀਂ ਕੌਮ ਦਾ ਰਾਜ ਹੋਂਦ ਵਿਚ ਆਇਆ ਸੀ। ਇਸੇ ਤਰ੍ਹਾਂ ਚੱਪੜ ਚਿੜੀ ਦੀ ਲੜਾਈ ਦੇ ਨਤੀਜੇ ਵਜੋਂ ੭੦੦

ਸਾਲ ਪੁਰਾਣੇ ਇਸਲਾਮੀ ਰਾਜ ਦੀ ਥਾਂ 'ਤੇ ਖਾਲਸੇ ਨੇ ਸੁਤੰਤਰ ਸਿੱਖ ਰਾਜ ਦੀ ਨੀਂਹ ਰੱਖ ਇਤਿਹਾਸ ਦੀ ਧਾਰਾ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ। ਇਹ ਜਿੱਤ ਕਿਸੇ ਵੀ ਤਰ੍ਹਾਂ ਇਕ ਵੱਡੇ ਇਨਕਲਾਬ ਤੋਂ ਘੱਟ ਨਹੀਂ ਸੀ। ਪਹਿਲੀ ਵਾਰ ਬੰਦੇ ਦੀ ਅਗਵਾਈ ਥੱਲੇ, ਗੁਰੂ ਦੇ ਸਿਦਕੀ ਸਿੱਖਾਂ ਅਤੇ ਸਮਾਜ ਵਿਚ ਨੀਵੇਂ ਸਮਝੇ ਅਤੇ ਤ੍ਰਿਸਕਾਰੇ ਜਾਂਦੇ ਲੋਕਾਂ ਨੇ ਸ਼ਕਤੀਸ਼ਾਲੀ ਮੁਗ਼ਲਾਂ ਨੂੰ ਮਿੱਟੀ ਵਿਚ ਰੋਲ ਕੇ ਰੱਖ ਦਿੱਤਾ ਸੀ। ਇਸ ਇਕ ਜਿੱਤ ਦੇ ਨਾਲ ਹੀ ਬੰਦੇ ਦਾ ਅਧਿਕਾਰ ਖੇਤਰ ਸਤਲੁਜ ਤੋਂ ਲੈ ਕੇ ਜਮਨਾ ਤਕ ਫੈਲ ਗਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਆਪਣੀ ਸੈਨਾ ਨਾਲ ੧੪ ਮਈ, ੧੭੧੦ ਈ. ਨੂੰ ਸਰਹਿੰਦ ਵਿਚ ਦਾਖ਼ਲ ਹੋਇਆ। ਸਰਹਿੰਦ ਦੇ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਉਨ੍ਹਾਂ ਨੂੰ ਕਿਲ੍ਹੇ ਦੀ ਹਿਫ਼ਾਜ਼ਤ ਕਰ ਰਹੀ ਮੁਗ਼ਲ ਸੈਨਾ ਨਾਲ ਇਕ ਹੋਰ ਜ਼ਬਰਦਸਤ ਟੱਕਰ ਲੈਣੀ ਪਈ। ਕਿਲ੍ਹੇ 'ਤੇ ਕਬਜ਼ਾ ਹੋ ਜਾਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾ ਕੰਮ ਇਹ ਕੀਤਾ ਕਿ ਕਿਲ੍ਹੇ ਦੀਆਂ ਦੀਵਾਰਾਂ ਤੋਂ ਹੈਦਰੀ ਝੰਡਾ ਉਤਾਰ ਕੇ, ਉਸ ਦੀ ਥਾਂ 'ਤੇ ਖਾਲਸੇ ਦਾ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਹੁਣ ਸਰਹਿੰਦ ਅਤੇ ਇਸ ਦੇ ਮਤਾਹਿਤ ਆਉਂਦੇ ਸਾਰੇ ਇਲਾਕਿਆਂ 'ਤੇ ਰਾਜ ਖਾਲਸੇ ਦਾ ਹੈ, ਮੁਗ਼ਲਾਂ ਦਾ ਨਹੀਂ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਨਵ-ਸਥਾਪਿਤ ਰਾਜ ਲਈ ਕਿਹੜੀ ਰਾਜ ਪੱਧਤੀ ਅਪਣਾਈ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਦਿੱਤੇ ਗਏ ਇਲਾਕਿਆਂ ਦੇ ਪ੍ਰਬੰਧ ਲਈ ਜੋ ਕਦਮ ਚੁੱਕੇ ਗਏ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਇਹ ਨਿਜ਼ਾਮ ਪੰਚਾਇਤੀ ਪਰੰਪਰਾ 'ਤੇ ਆਧਾਰਿਤ ਸੀ। ਨਾਂਦੇੜ ਤੋਂ ਚੱਲਣ ਲੱਗਿਆਂ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਹ ਆਦੇਸ਼ ਦਿੱਤਾ ਗਿਆ ਸੀ ਕਿ ਤੁਸੀਂ ਸਾਰੇ ਕੰਮ ਪੰਜਾਂ ਸਿੰਘਾਂ ਦੀ ਸਲਾਹ ਨਾਲ ਕਰਨੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਿੱਤੇ ਹੋਏ ਇਲਾਕਿਆਂ ਵਿਚ ਪੰਚਾਇਤਾਂ ਸਥਾਪਿਤ ਕਰਨ ਅਤੇ ਉਸ ਇਲਾਕੇ ਦਾ ਕਿਸੇ ਇਕ ਸਿੱਖ ਨੂੰ ਮੁਖੀ ਨਿਯਤ ਕਰਨ ਪਿੱਛੇ ਇਹੀ ਆਦੇਸ਼ ਕੰਮ ਕਰਦਾ ਦਿਖਾਈ ਦੇ ਰਿਹਾ ਸੀ।

ਬੇਸ਼ੱਕ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਪ੍ਰਮੁੱਖ ਜਥੇਦਾਰ ਅਤੇ ਖਾਲਸਾ ਫੌਜ ਦਾ ਚੀਫ ਕਮਾਂਡਰ ਸੀ ਪਰ ਉਸ ਨੇ ਰਾਜ ਸਥਾਪਿਤ ਕਰਨ ਮਗਰੋਂ ਆਪਣੇ ਲਈ ਕੋਈ ਵੱਡਾ ਰਾਜਸੀ ਪਦ ਧਾਰਨ ਨਾ ਕੀਤਾ। ਸਗੋਂ ਜਦੋਂ ਨਵੇਂ ਰਾਜ ਦੇ ਸਿੱਕੇ ਜਾਰੀ ਕੀਤੇ ਗਏ ਤਾਂ ਉਹ ਵੀ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੇ ਸਨ, ਜਿਨ੍ਹਾਂ ਦੀ ਬਖਸ਼ਿਸ਼ ਸਦਕਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਰਾਜ-ਭਾਗ ਤੇ ਸਭ ਕੁਝ ਪ੍ਰਾਪਤ ਹੋਇਆ ਸੀ। ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਬੰਦਾ' ਅਥਵਾ ਖਾਲਸੇ ਦਾ ਜਥੇਦਾਰ ਅਖਵਾਣ ਵਿਚ ਹੀ ਖੁਸ਼ੀ ਮਿਲਦੀ ਸੀ।

ਸਰਹਿੰਦ 'ਤੇ ਕਬਜ਼ਾ ਹੋ ਜਾਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਨਵ-ਸਥਾਪਿਤ ਰਾਜ ਦੇ ਯੋਗ ਪ੍ਰਬੰਧ ਲਈ ਤੁਰੰਤ ਲੋੜੀਂਦੇ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਉਸ ਨੇ ਬਾਬਾ ਬਾਜ ਸਿੰਘ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭੇਜੇ ਗਏ ਪੰਜ ਮੁੱਖ ਸਿੰਘਾਂ ਵਿੱਚੋਂ ਇਕ ਸੀ, ਨੂੰ ਸਰਹਿੰਦ ਦਾ ਸੂਬੇਦਾਰ (ਹਾਕਮ) ਨਿਯਤ ਕੀਤਾ। ਬਾਜ ਸਿੰਘ

ਮੀਰਪੁਰ ਪੱਟੀ ਦਾ ਰਹਿਣ ਵਾਲਾ ਸੀ। ਉਸ ਨੇ ਕਲਗੀਧਰ ਪਾਤਸ਼ਾਹ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਉਹ ਬੜਾ ਬਹਾਦਰ, ਨਿਡਰ ਅਤੇ ਦਲੇਰ ਸੀ। ਚੱਪੜ ਚਿੜੀ ਦੀ ਲੜਾਈ ਵਿਚ ਉਸ ਨੇ ਬੜੀ ਬਹਾਦਰੀ ਵਿਖਾਈ ਸੀ। ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਚੱਪੜ ਚਿੜੀ ਦੀ ਲੜਾਈ ਵਿਚ ਵਜ਼ੀਰ ਖਾਨ ਦੀ ਮੌਤ ਬਾਬਾ ਬਾਜ ਸਿੰਘ ਦੇ ਹੱਥੋਂ ਹੋਈ ਸੀ। ਸਰਹਿੰਦ ਦਾ ਹਾਕਮ ਨਿਯਤ ਕਰਨ ਸਮੇਂ ਉਸ ਨੂੰ ਫੌਜੀ ਅਤੇ ਦੀਵਾਨੀ ਦੋਵੇਂ ਅਧਿਕਾਰ ਦੇ ਦਿੱਤੇ ਗਏ ਅਤੇ ਕਿਹਾ ਗਿਆ ਕਿ ਉਹ ਆਪਣੇ ਇਲਾਕੇ ਵਿਚ ਅਮਨ-ਅਮਾਨ ਸਥਾਪਿਤ ਕਰੇ ਅਤੇ ਸਥਾਨਕ ਜ਼ਿਮੀਦਾਰਾਂ ਅਤੇ ਮੁਗ਼ਲਾਂ ਨੂੰ ਸਿਰ ਨਾ ਚੁੱਕਣ ਦੇਵੇ। ਉਨ੍ਹਾਂ ਦਿਨਾਂ ਵਿਚ ਸਰਹਿੰਦ ਦੇ ਸਾਰੇ ੨੮ ਪਰਗਣਿਆਂ ਦੀ ਕੁੱਲ ਆਮਦਨੀ ਪ੩ ਲੱਖ ਰੁਪਏ ਸਾਲਾਨਾ ਸੀ। ਸਰਹਿੰਦ ਅਧੀਨ ਆਉਂਦੇ ਇਲਾਕਿਆਂ ਦੇ ਪ੍ਰਬੰਧ ਵਿਚ ਮਦਦ ਕਰਨ ਲਈ ਸਲੌਦੀ ਦੇ ਭਾਈ ਆਲੀ ਸਿੰਘ ਨੂੰ ਬਾਬਾ ਬਾਜ ਸਿੰਘ ਦਾ ਨਾਇਬ ਮੁਕੱਰਰ ਕੀਤਾ ਗਿਆ।

**ਹੋਰ ਨਿਯੁਕਤੀਆਂ:** ਬਾਬਾ ਬੰਦਾ ਸਿੰਘ ਬਹਾਦਰ ਦੀ ਸਭ ਤੋਂ ਪਹਿਲੀ ਅਤੇ ਵੱਡੀ ਜਿੱਤ, ਸਮਾਣੇ ਨੂੰ ਫਤਿਹ ਕਰਨਾ ਸੀ। ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਜਲਾਲ-ਉ-ਦੀਨ ਦਾ ਨਗਰ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਨਗਰ ਨੂੰ ਜਿੱਤ ਕੇ ਭਾਈ ਫਤਿਹ ਸਿੰਘ ਨੂੰ ਇੱਥੋਂ ਦਾ ਫੌਜਦਾਰ ਬਣਾ ਦਿੱਤਾ। ਭਾਈ ਫਤਿਹ ਸਿੰਘ ਸਮਾਣੇ ਦੀ ਲੜਾਈ ਸਮੇਂ ਬੜੀ ਬਹਾਦਰੀ ਨਾਲ ਲੜਿਆ ਸੀ। ਨਗਰ ਦੇ ਪ੍ਰਬੰਧ ਵਿਚ ਉਸ ਨੂੰ ਸਹਾਇਤਾ ਦੇਣ ਲਈ ਖਾਲਸਾ ਪੰਚਾਇਤ ਦੀ ਸਲਾਹ ਨਾਲ ਕੰਮ ਕਰਨਾ ਸੀ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਘੁੜਾਮ ਅਤੇ ਨਾਲ ਲੱਗਦੇ ਹੋਰ ਇਲਾਕਿਆਂ 'ਤੇ ਅਧਿਕਾਰ ਕਾਇਮ ਕੀਤਾ ਤਾਂ ਉਹ ਇਲਾਕੇ ਵੀ ਭਾਈ ਫਤਿਹ ਸਿੰਘ ਸੌਂਪ ਦਿੱਤੇ ਗਏ। ਬਾਬਾ ਬਾਜ ਸਿੰਘ ਦੇ ਛੋਟੇ ਭਰਾ ਭਾਈ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਮ ਨਿਯਤ ਕੀਤਾ ਗਿਆ ਤੇ ਇਕ ਹੋਰ ਭਰਾ ਨੂੰ ਦੁਆਬੇ ਦਾ ਮੁਖੀ ਥਾਪਿਆ ਗਿਆ।

ਬਾਬਾ ਬਿਨੋਦ ਸਿੰਘ ਨੂੰ ਪਾਣੀਪਤ ਅਤੇ ਕਰਨਾਲ ਦੇ ਇੰਤਜ਼ਾਮ ਦੀ ਜ਼ਿੰਮੇਵਾਰੀ ਸੌਂਪੀ ਗਈ। ਬਾਬਾ ਬਿਨੋਦ ਸਿੰਘ ਨੂੰ ਇਹ ਵੀ ਆਦੇਸ਼ ਦਿੱਤਾ ਗਿਆ ਕਿ ਉਹ ਦਿੱਲੀ ਵੱਲੋਂ ਆਉਣ ਵਾਲੀਆਂ ਮੁਗ਼ਲ ਫੌਜਾਂ ਦੀ ਵੀ ਨਿਗਰਾਨੀ ਰੱਖੇਗਾ। ਥੋੜ੍ਹੇ ਹੀ ਸਮੇਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਦਿੱਲੀ ਅਤੇ ਲਾਹੌਰ ਤੋਂ ਕੁਝ ਮੀਲਾਂ ਦੀ ਵਿੱਥ ਤਕ ਪਹੁੰਚ ਗਈਆਂ।

ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ ਸਰਹਿੰਦ ਜਿੱਤ ਲੈਣ ਮਗਰੋਂ ਬੰਦਾ ਸਿੰਘ ਬਹਾਦਰ ਨੇ ੨੫ ਮਈ, ੧੭੧੦ ਈ. ਨੂੰ ਖਾਲਸੇ ਦਾ ਪਹਿਲਾ ਦਰਬਾਰ ਸਰਹਿੰਦ ਦੇ ਕਿਲ੍ਹੇ ਵਿਚ ਆਯੋਜਿਤ ਕੀਤਾ, ਜਿਸ ਵਿਚ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਬਹਾਦਰ ਜਰਨੈਲਾਂ ਤੇ ਸਿੱਖ ਸੈਨਿਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦਰਬਾਰ ਵਿਚ ਕੁਝ ਮਹੱਤਵਪੂਰਨ ਫੈਸਲੇ ਵੀ ਲਏ ਗਏ, ਜਿਨ੍ਹਾਂ ਵਿੱਚੋਂ ਸਭ ਤੋਂ ਅਹਿਮ ਫੈਸਲਾ ਜਗੀਰਦਾਰੀ ਪ੍ਰਥਾ (ਜ਼ਿਮੀਦਾਰੀ ਪ੍ਰਬੰਧ) ਨੂੰ ਖਤਮ ਕਰ ਕੇ ਕਿਸਾਨਾਂ ਅਤੇ ਹਲਵਾਹਕਾਂ ਨੂੰ ਜ਼ਮੀਨ ਦੇ ਮਾਲਕੀ ਅਧਿਕਾਰ ਦੇਣਾ ਸੀ। ਇਸ ਬਾਰੇ ਡਾ. ਗੰਡਾ ਸਿੰਘ

ਲਿਖਦੇ ਹਨ ਕਿ ਰਾਜ ਪ੍ਰਬੰਧ ਵਿਚ ਬੰਦਾ ਸਿੰਘ ਨੇ ਦੇਸ਼ ਵਿਚ ਇਕ ਬੜੀ ਭਾਰੀ ਸੁਧਾਰ ਦੀ ਗੱਲ ਕੀਤੀ ਕਿ ਮੁਗ਼ਲ ਰਾਜ ਦਾ ਜ਼ਿਮੀਦਾਰਾ ਪ੍ਰਬੰਧ ਉਡਾ ਕੇ ਰੱਖ ਦਿੱਤਾ, ਜਿਸ ਕਾਰਨ ਹਲਵਾਹਕ ਕਿਸਾਨ ਗ਼ੁਲਾਮਾਂ ਦੀ ਹਾਲਤ ਤੋਂ ਵੀ ਬੁਰੇ ਅਤੇ ਨੀਵੇਂ ਹੋ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਤਹਿਤ ਸਿੰਘਾਂ ਦਾ ਰਾਜ ਹੋ ਜਾਣ ਨਾਲ ਹਲਵਾਹਕ ਕਿਸਾਨ ਆਪਣੇ ਹਲਾਂ ਹੇਠਲੀਆਂ ਜ਼ਮੀਨਾਂ ਦੇ ਮਾਲਕ ਬਣ ਗਏ ਅਤੇ ਪੁਰਾਣੇ ਰਿਵਾਜ਼ ਨਾਲ ਹੋ ਰਿਹਾ ਜ਼ੁਲਮ ਪੰਜਾਬ ਵਿੱਚੋਂ ਸਦਾ ਲਈ ਮਿਟ ਗਿਆ। ਡਾ. ਸੁਖਦਿਆਲ ਅਨੁਸਾਰ ਸੂਬਾ ਪੰਜਾਬ ਦੀ ਖੁਸ਼ਹਾਲੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਇਸ ਨੀਤੀ ਦਾ ਬਹੁਤ ਵੱਡਾ ਯੋਗਦਾਨ ਹੈ।

ਐੱਮ. ਐੱਲ. ਆਹਲੂਵਾਲੀਆ ਆਪਣੀ ਪੁਸਤਕ (Landmarks in Sikh History) ਵਿਚ ਲਿਖਦੇ ਹਨ ਕਿ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਮੀਨ ਤੋਂ ਲਏ ਜਾਣ ਵਾਲੇ ਲਗਾਨ ਦੀ ਮਾਤਰਾ ਬਹੁਤ ਘਟਾ ਦਿੱਤੀ। ਇਸ ਦੇ ਨਾਲ ਹੀ ਉਸ ਨੇ ਸਦੀਆਂ ਤੋਂ ਗ਼ੈਰ-ਮੁਸਲਿਮ ਜਨਤਾ 'ਤੇ ਲੱਗਦੇ ਆ ਰਹੇ ਜਜ਼ੀਆ ਅਤੇ ਯਾਤਰਾ ਟੈਕਸ ਨੂੰ ਮਨਸੂਖ ਕਰ ਦਿੱਤਾ। ਹਿੰਦੂ ਅਤੇ ਮੁਸਲਮਾਨਾਂ ਲਈ ਬਰਾਬਰ ਦੇ ਅਧਿਕਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਮੁਸਲਿਮ ਜਨਤਾ ਉੱਤੇ ਕੋਈ ਵਾਧੂ ਟੈਕਸ ਨਾ ਲਗਾਇਆ ਗਿਆ ਜਿਵੇਂ ਇਸਲਾਮੀ ਰਾਜ ਵੇਲੇ ਹਿੰਦੂਆਂ ਨੂੰ ਵਿਤਕਰੇ ਪੂਰਨ ਟੈਕਸ ਅਦਾ ਕਰਨੇ ਪੈਂਦੇ ਸਨ।

**ਨਵੀਂ ਰਾਜਧਾਨੀ:** ਨਵੇਂ ਸਥਾਪਿਤ ਰਾਜ ਲਈ ਸਭ ਤੋਂ ਵੱਡੀ ਲੋੜ ਨਵੀਂ ਰਾਜਧਾਨੀ ਕਾਇਮ ਕਰਨ ਦੀ ਜ਼ਰੂਰਤ ਸੀ ਜਿਸ ਨੂੰ ਸਿੱਖ ਰਾਜ ਦਾ ਸਦਰ ਮੁਕਾਮ ਬਣਾਇਆ ਜਾ ਸਕੇ। ਸਰਹਿੰਦ ਨੂੰ ਜਿੱਤ ਲੈਣ ਮਗਰੋਂ ਸਰਹਿੰਦ ਨੂੰ ਹੀ ਰਾਜਧਾਨੀ ਵਜੋਂ ਐਲਾਨਿਆ ਜਾ ਸਕਦਾ ਸੀ ਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਸਰਹਿੰਦ ਦੀ ਥਾਂ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਵਾਸਤੇ ਚੁਣਿਆ। ਮੁਖਲਿਸਗੜ੍ਹ ਦਾ ਕਿਲ੍ਹਾ ਸਢੌਰੇ ਤੋਂ ਥੋੜੀ ਵਿੱਥ 'ਤੇ ਸੀ। ਇਸ ਕਿਲ੍ਹੇ ਦੇ ਆਸ-ਪਾਸ ਕਈ ਮੀਲਾਂ ਤਕ ਸੰਘਣਾ ਜੰਗਲ ਤੇ ਨੀਵੀਆਂ ਪਹਾੜੀਆਂ ਸਨ। ਇਹ ਕਿਲ੍ਹਾ ਵੀ ਇਕ ਪਹਾੜੀ 'ਤੇ ਸਥਿਤ ਸੀ। ਇਸ ਕਿਲ੍ਹੇ ਦੀ ਭੂਗੋਲਿਕ ਸਥਿਤੀ ਕੁਝ ਐਸੀ ਸੀ ਕਿ ਦੁਸ਼ਮਣ ਛੇਤੀ ਕੀਤਿਆਂ ਕਿਲ੍ਹੇ ਤਕ ਪਹੁੰਚ ਨਹੀਂ ਸੀ ਸਕਦਾ। ਜਰਨੈਲੀ ਸੜਕ ਤੋਂ ਕੁਝ ਹਟਵੀਂ ਥਾਂ 'ਤੇ ਹੋਣ ਕਰਕੇ, ਇਹ ਥਾਂ ਸਰਹਿੰਦ ਨਾਲੋਂ ਵਧੇਰੇ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਇਸ ਥਾਂ ਨੂੰ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੇ ਆਪਣੀ ਸ਼ਿਕਾਰ-ਗਾਹ ਵਜੋਂ ਸਥਾਪਿਤ ਕੀਤਾ ਸੀ। ਕਾਫੀ ਸਮੇਂ ਤਕ ਮੁਖਲਿਸ ਖਾਂ ਨਾਮੀ ਫੌਜਦਾਰ ਦੀ ਨਿਗਰਾਨੀ ਥੱਲੇ ਰਹਿਣ ਕਰਕੇ, ਪਹਿਲਾਂ ਇਸ ਥਾਂ ਦਾ ਨਾਮ ਮੁਖਲਿਸਪੁਰ ਪ੍ਰਸਿੱਧ ਹੋ ਗਿਆ।

੧੫ ਨਵੰਬਰ, ੧੭੦੯ ਨੂੰ ਸਢੌਰੇ 'ਤੇ ਕਬਜ਼ਾ ਕਰਨ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਨੇ ੧੯ ਨਵੰਬਰ, ੧੭੦੯ ਨੂੰ ਮੁਖਲਿਸਗੜ੍ਹ 'ਤੇ ਕਬਜ਼ਾ ਕਰ ਲਿਆ। ਇਸ ਕਿਲ੍ਹੇ 'ਤੇ ਅਧਿਕਾਰ ਜਮਾ ਲੈਣ ਮਗਰੋਂ ਬੰਦਾ ਸਿੰਘ ਬਹਾਦਰ ਨੇ ਇਸ ਨੂੰ ਲੋਹਗੜ੍ਹ ਦਾ ਨਾਮ ਦੇ ਕੇ, ਸਿੱਖਾਂ ਦੀ ਪਹਿਲੀ ਰਾਜਧਾਨੀ ਵਜੋਂ ਸਥਾਪਿਤ ਕਰ ਦਿੱਤਾ। ਡਾ. ਗੰਡਾ

ਸਿੰਘ ਲਿਖਦੇ ਹਨ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ 'ਤੇ ਕਬਜ਼ਾ ਕੀਤਾ ਉਦੋਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ ਉਸ ਨੇ ਇਸ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਇਸ ਨੂੰ ਮਜ਼ਬੂਤ ਕਿਲ੍ਹੇ ਦੇ ਰੂਪ ਵਿਚ ਬਦਲ ਦਿੱਤਾ। ਡਾ. ਸੁਖਦਿਆਲ ਸਿੰਘ ਅਨੁਸਾਰ ਆਲੇ-ਦੁਆਲੇ ਦੀਆਂ ਸਾਰੀਆਂ ਪਹਾੜੀਆਂ ਉੱਪਰ ਜਾਂ ਤਾਂ ਛੱਤਾਂ ਵਾਲੇ ਕਿਲ੍ਹੇ (ਗੁੰਮਟੀਆਂ) ਉਸਾਰੇ ਗਏ ਜਾਂ ਇਨ੍ਹਾਂ ਪਹਾੜੀਆਂ ਨੂੰ ਪੱਥਰ ਦੀਆਂ ਕੰਧਾਂ ਨਾਲ ਵਲ ਲਿਆ ਗਿਆ। ਲੋਹਗੜ੍ਹ ਨੂੰ ਹਰ ਲਿਹਾਜ਼ ਨਾਲ ਮਜ਼ਬੂਤ ਕਰ ਲੈਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਹੁਣ ਤਕ ਦੇ ਜਿੱਤੇ ਹੋਏ ਸਾਰੇ ਇਲਾਕਿਆਂ ਤੋਂ ਪ੍ਰਾਪਤ ਧਨ ਦੌਲਤ ਅਤੇ ਜੰਗੀ ਸਾਮਾਨ ਨੂੰ ਇੱਥੇ ਹੀ ਲੈ ਆਇਆ। ਸਤਲੁਜ ਦੇ ਆਰ-ਪਾਰ ਦੇ ਇਲਾਕਿਆਂ ਅਤੇ ਦੁਆਬੇ ਦੇ ਪਿੰਡਾਂ 'ਚੋਂ ਸਿੰਘ ਇਸ ਥਾਂ 'ਤੇ ਬੰਦੇ ਦੀ ਸੈਨਾ ਵਿਚ ਆ ਕੇ ਇਕੱਠੇ ਹੋਣੇ ਸ਼ੁਰੂ ਹੋ ਗਏ।

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਅਜੇ ਦੱਖਣ ਵਿਚ ਹੀ ਸੀ। ਸਰਕਾਰੀ ਰਿਪੋਰਟਾਂ ਲਿਖਣ ਵਾਲੇ ਖ਼ਬਰ-ਨਵੀਸ ਲਗਾਤਾਰ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਉਸ ਦੀਆਂ ਗਤੀਵਿਧੀਆਂ ਦੀਆਂ ਰਿਪੋਰਟਾਂ ਭੇਜ ਰਹੇ ਸਨ। ਬਹਾਦਰ ਸ਼ਾਹ ਦੇ ਦੱਖਣ ਤੋਂ ਵਾਪਸ ਪਰਤ ਆਉਣ ਮਗਰੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੀ ਸਿੱਖ ਸੈਨਾ ਨੇ ਮੁਗ਼ਲਾਂ ਨਾਲ ਵੱਡੀ ਜੰਗ ਲੋਹਗੜ੍ਹ ਦੇ ਕਿਲ੍ਹੇ ਵਿੱਚੋਂ ਹੀ ਲੜੀ ਸੀ ਤੇ ਬਾਦਸ਼ਾਹੀ ਫੌਜਾਂ ਦਾ ਭਾਰੀ ਨੁਕਸਾਨ ਕੀਤਾ ਸੀ।

**ਨਵੇਂ ਰਾਜ ਦਾ ਸਿੱਕਾ ਜਾਰੀ ਕਰਨਾ:** ਸਰਹਿੰਦ ਵਿਚ ਬੁਲਾਏ ਗਏ ਪਹਿਲੇ ਖਾਲਸਾ ਦਰਬਾਰ ਵਿਚ ਇਕ ਹੋਰ ਵੱਡਾ ਫੈਸਲਾ ਜੋ ਲਿਆ ਗਿਆ, ਉਹ ਰਾਜ ਦੇ ਸਿੱਕੇ ਅਤੇ ਸਰਕਾਰੀ ਮੋਹਰ ਜਾਰੀ ਕਰਨ ਬਾਰੇ ਸੀ। ਇਹ ਇਕ ਮੰਨੀ ਹੋਈ ਸੱਚਾਈ ਹੈ ਕਿ ਜਿਸ ਦੇਸ਼ ਉੱਤੇ ਜਿਸ ਰਾਜ ਘਰਾਣੇ ਜਾਂ ਵਿਅਕਤੀ ਦਾ ਰਾਜ ਹੁੰਦਾ ਹੈ, ਉਸ ਦੇਸ਼ ਵਿਚ ਸਿੱਕਾ ਵੀ ਉਸੇ ਦਾ ਹੀ ਚੱਲਦਾ ਹੈ। ਦੇਸ਼ ਦੇ ਹਿੰਦੂ ਰਾਜ ਘਰਾਣੇ, ਗ਼ੁਲਾਮ ਵੰਸ਼ ਦੇ ਸੁਲਤਾਨ, ਖਿਲਜੀ, ਤੁਗ਼ਲਕ, ਸੱਯਦ, ਲੋਧੀ, ਸੂਰ ਵੰਸ਼ ਦੇ ਸ਼ਾਸਕ ਅਤੇ ਮੁਗ਼ਲ ਆਪਣੇ ਆਪਣੇ ਨਾਮ ਦੇ ਸਿੱਕੇ ਚਲਾ ਕੇ ਰਾਜ ਕਰਦੇ ਰਹੇ ਸਨ। ਹੋਰ ਤਾਂ ਹੋਰ ਨਿਜ਼ਾਮ ਸੱਕੇ (ਮਾਸ਼ਕੀ) ਨੂੰ ਜਦੋਂ ਚੌਸਾ ਦੀ ਲੜਾਈ ਮਗਰੋਂ ਹੁਮਾਯੂੰ ਦੀ ਜਾਨ ਬਚਾਉਣ ਬਦਲੇ ਇਕ ਦਿਨ ਲਈ ਰਾਜ ਸੱਤਾ ਪ੍ਰਾਪਤ ਹੋਈ ਦਾ ਉਸ ਨੇ ਵੀ ਚੰਮ ਦੇ ਆਪਣੇ ਸਿੱਕੇ ਜਾਰੀ ਕਰ ਦਿੱਤੇ। ਜੇ ਬਾਬਾ ਬੰਦਾ ਸਿੰਘ ਬਹਾਦਰ ਚਾਹੁੰਦਾ ਤਾਂ ਉਹ ਆਪਣੇ ਨਾਮ ਦਾ ਸਿੱਕਾ ਜਾਰੀ ਕਰ ਕੇ, ਭਾਰਤੀ ਇਤਿਹਾਸ ਦੀ ਤੁਰੀ ਆ ਰਹੀ ਪਰੰਪਰਾ ਦਾ ਹੀ ਹਿੱਸਾ ਬਣ ਸਕਦਾ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਹ ਆਪਣੀ ਸਾਰੀ ਸਫਲਤਾ ਅਤੇ ਵਡਿਆਈ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਸਮਝਦਾ ਸੀ। ਇਸ ਲਈ ਉਸ ਨੇ ਫੈਸਲਾ ਕੀਤਾ ਕਿ ਨਵੇਂ ਰਾਜ ਵਿਚ ਸਿੱਕਾ ਵੀ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਹੀ ਚੱਲੇਗਾ ਅਤੇ ਸਰਕਾਰੀ ਮੋਹਰ ਉੱਪਰ ਵੀ ਉਨ੍ਹਾਂ ਦਾ ਨਾਮ ਦਰਜ ਹੋਵੇਗਾ। ਇਹ ਇਕ ਅਜਿਹੀ ਪਰੰਪਰਾ ਦਾ ਮੁੱਢ ਸੀ ਜਿਸ ਨੂੰ ਸਿੱਖ ਮਿਸਲਾਂ, ਸਿੱਖ ਰਾਜ ਘਰਾਣਿਆਂ ਅਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਅਪਣਾਅ ਕੇ ਦੇਸ਼ ਦੇ ਵੱਡੇ ਹਿੱਸੇ 'ਤੇ ਰਾਜ ਕੀਤਾ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਜੋ ਸਿੱਕਾ ਤੇ ਮੋਹਰ ਜਾਰੀ ਕੀਤੀ ਗਈ ਉਸ ਉੱਤੇ ਫਾਰਸੀ ਜ਼ੁਬਾਨ ਵਿਚ ਲਿਖੀ ਇਹ ਇਬਾਰਤ ਦਰਜ ਸੀ:

*ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਬ ਅਸਤ।*
*ਫ਼ਤਿਹ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਨ ਫ਼ਜ਼ਲਿ ਸਚਾ ਸਾਹਿਬ ਅਸਤ।*

ਡਾ. ਗੰਡਾ ਸਿੰਘ ਨੇ ਇਸ ਦਾ ਪੰਜਾਬੀ ਵਿਚ ਅਨੁਵਾਦ ਇਸ ਤਰ੍ਹਾਂ ਕੀਤਾ ਹੈ:

*ਸਿੱਕਾ ਮਾਰਿਆ ਦੋ ਜਹਾਨ ਉਤੇ,*
*ਬਖਸ਼ਾਂ, ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।*
*ਫ਼ਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,*
*ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।*

ਇਸ ਸਿੱਕੇ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤ ਬਾਰੇ ਇਹ ਸ਼ਬਦ ਸਨ:

*ਜ਼ਰਬ-ਬ-ਅਮਾਨ-ਉ-ਦਹਿਰ ਮੁਸੱਵਰਤ ਸ਼ਹਿਰ*
*ਜ਼ੀਨਤ ਤਖ਼ਤ ਮੁਬਾਰਕ ਬਖ਼ਤ।*

ਅਰਥਾਤ:

(ਜਾਰੀ ਹੋਇਆ ਸੰਸਾਰ ਦੇ ਸ਼ਾਂਤੀ, ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ)

ਡਾ. ਗੰਡਾ ਸਿੰਘ ਲਿਖਦੇ ਹਨ ਕਿ ਇਹ ਸਾਰੇ ਸ਼ਬਦ ਲੋਹਗੜ੍ਹ ਦੀ ਉਸਤਤ ਵਿਚ ਵਰਤੇ ਗਏ ਸਨ, ਜਿੱਥੋਂ ਇਹ ਸਿੱਕਾ ਜਾਰੀ ਕੀਤਾ ਗਿਆ ਸੀ।

ਖਾਲਸਈ ਸਿੱਕੇ ਦੇ ਨਾਲ ਹੀ ਸਰਕਾਰੀ ਦਸਤਾਵੇਜ਼ਾਂ, ਸਨਦਾਂ, ਫੁਰਮਾਨਾਂ ਅਤੇ ਪਰਵਾਨਿਆਂ ਆਦਿ 'ਤੇ ਲਗਾਉਣ ਲਈ ਮੋਹਰ ਵੀ ਬਣਵਾਈ ਗਈ ਜਿਸ ਦੇ ਫ਼ਾਰਸੀ ਅੱਖਰ ਸਨ:-

*ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰ-ਓ-ਹਮ ਬਾਤਨ ਅਸਤ*
*ਪਾਦਸ਼ਾਹਿ ਦੀਨ-ਓ-ਦੁਨੀਆ ਆਪ ਸੱਚਾ ਸਾਹਬ ਅਸਤ।*

ਇਸ ਦਾ ਅਰਥ ਹੈ:-

*ਗੁਰੂ ਨਾਨਕ ਦੀ ਵਡਿਆਈ ਹੈ ਬਾਹਰ ਅੰਦਰ ਸਾਰੇ।*
*ਦੀਨ ਦੁਨੀ ਦਾ ਵਾਲੀ ਹੈ ਉਹ ਆਪੇ ਰੱਬ ਸੱਚਾ ਰੇ।*

ਡਾ. ਗੰਡਾ ਸਿੰਘ ਅਨੁਸਾਰ ਬਾਅਦ ਵਿਚ ਮੋਹਰ ਦੇ ਇਹ ਸ਼ਬਦ ਬਦਲ ਕੇ ਉਸ ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ। ਜਿੱਥੇ ਕਿਧਰੇ ਵੀ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੱਗੀਆਂ ਮੋਹਰਾਂ ਮਿਲਦੀਆਂ ਹਨ, ਉੱਤੇ ਇਹੀ ਸ਼ਬਦ ਹਨ:

*ਦੇਗ ਉ ਤੇਗ ਉ ਫਤਹਿ ਨੁਸਰਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਅਰਥਾਤ:

*ਦੇਗ ਤੇਗ ਜਿਤ ਸੇਵ ਨਿਰਾਲਮ*
*ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।*

ਡਾ. ਸੁਖਦਿਆਲ ਸਿੰਘ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਲਿਖਦੇ ਹਨ ਕਿ ਸਮੁੱਚੇ ਸਿੱਖ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਨਿਰੋਲ ਖਾਲਸੇ ਦੇ ਨਾਂ ਦਾ ਸਿੱਕਾ ਅਤੇ ਦਫ਼ਤਰੀ ਮੋਹਰਾਂ ਚਾਲੂ ਕੀਤੀਆਂ ਗਈਆਂ ਸਨ। ਇਹ ਸਿੱਕੇ ਅਤੇ ਮੋਹਰਾਂ ਖਾਲਸਾ ਪੰਥ ਦੀ ਪ੍ਰਭੁਸੱਤਾ ਦੀਆਂ ਨਿਸ਼ਾਨੀਆਂ ਸਨ। ਇਨ੍ਹਾਂ ਸਿੱਕਿਆਂ ਅਤੇ ਮੋਹਰਾਂ 'ਤੇ ਲਿਖੀ ਇਬਾਰਤ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਲਈ, ਇਹ ਬਖ਼ਸ਼ਿਸ਼ ਗੁਰੂ ਨਾਨਕ ਦੀ ਹੈ, ਫਤਿਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਪਾਤਸ਼ਾਹੀ ਅਕਾਲ ਪੁਰਖ ਦੀ। ਇਹ ਸੰਸਾਰ ਦੇ ਇਤਿਹਾਸ ਵਿਚ ਇਕ ਅਦੁੱਤੀ ਮਿਸਾਲ ਹੈ, ਜਿਸ ਵਰਗੀ ਦੂਜੀ ਮਿਸਾਲ ਸਾਨੂੰ ਹੋਰ ਕਿਤੋਂ ਨਹੀਂ ਮਿਲਦੀ। ਇਨ੍ਹਾਂ ਸਿੱਕਿਆਂ ਅਤੇ ਮੋਹਰਾਂ ਤੋਂ ਇਹ ਵੀ ਪ੍ਰਤੀਤ ਹੁੰਦਾ ਹੈ ਉਹ (ਬਾਬਾ ਬੰਦਾ ਸਿੰਘ) ਗੁਰੂ ਸਾਹਿਬਾਨ ਪ੍ਰਤੀ ਕਿੰਨਾ ਸ਼ਰਧਾਵਾਨ ਅਤੇ ਸਿੱਖ ਧਰਮ ਪ੍ਰਤੀ ਕਿੰਨਾ ਨਿਸ਼ਚਾ ਰੱਖਣ ਵਾਲਾ ਮਹਾਨ ਯੋਧਾ ਸੀ। ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਅਰਥਾਤ ਰਾਜ ਸੰਮਤ ਦੀ ਤਰ੍ਹਾਂ ਬੰਦੇ ਨੇ ਵੀ, ਸਰਹਿੰਦ ਦੀ ਫਤਿਹ ਤੋਂ ਇਕ ਨਵਾਂ ਸੰਮਤ ਅਰੰਭ ਕੀਤਾ ਸੀ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ।

ਮੁਸਲਮਾਨ ਇਤਿਹਾਸਕਾਰਾਂ, ਖਾਸ ਕਰਕੇ ਖ਼ਾਫ਼ੀ ਖਾਂ ਅਤੇ ਮੁਹੰਮਦ ਲਤੀਫ਼ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸਲਾਮ ਅਤੇ ਮੁਸਲਮਾਨਾਂ ਦਾ ਕੱਟੜ ਵੈਰੀ ਅਤੇ ਉਨ੍ਹਾਂ ਦੇ ਖ਼ੂਨ ਦਾ ਪਿਆਸਾ, ਜ਼ਾਲਮ ਅਤੇ ਨਿਰਦਈ ਵਿਅਕਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਪਰ ਜੇ ਨਿਰਪੱਖ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨਾਲ ਜੁੜੀਆਂ ਇਤਿਹਾਸਿਕ ਘਟਨਾਵਾਂ ਅਤੇ ਕਿਤੇ-ਕਿਤੇ ਮਿਲਦੇ ਸਰਕਾਰੀ ਹਵਾਲਿਆਂ ਨੂੰ ਵੇਖੀਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਉੱਪਰ ਲਗਾਏ ਜਾਂਦੇ ਸਾਰੇ ਇਲਜ਼ਾਮ ਗਲਤ ਅਤੇ ਝੂਠੇ ਸਾਬਤ ਹੁੰਦੇ ਹਨ। ਡਾ. ਗੰਡਾ ਸਿੰਘ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਮੁਸਲਮਾਨਾਂ ਦਾ ਵੈਰੀ ਨਹੀਂ ਸੀ ਜਿਵੇਂ ਕਿ ਕਈ ਇਤਿਹਾਸਕਾਰਾਂ ਨੇ ਉਸ ਨੂੰ ਪੇਸ਼ ਕਰਨ ਦਾ ਕੋਝਾ ਯਤਨ ਕੀਤਾ ਹੈ। ਧਾਰਮਿਕ ਤੌਰ 'ਤੇ ਉਸ ਦਾ ਇਸਲਾਮ ਨਾਲ ਕੋਈ ਵਿਰੋਧ ਨਹੀਂ ਸੀ ਅਤੇ ਨਾ ਹੀ ਉਸ ਨੇ ਇਸਲਾਮ ਧਰਮ ਦੇ ਸੰਚਾਲਕ ਹਜ਼ਰਤ ਮੁਹੰਮਦ ਸਾਹਿਬ ਜਾਂ ਕਿਸੇ ਹੋਰ ਮੁਸਲਮਾਨ ਮਹਾਂਪੁਰਖ ਵਿਰੁੱਧ ਕਦੇ ਕੁਝ ਆਖਿਆ ਸੀ। ਉਹ ਜ਼ੁਲਮੀ ਰਾਜ ਦੇ ਵਿਰੁੱਧ ਸੀ ਅਤੇ ਇਤਫਾਕ ਨਾਲ ਉਸ ਦੇ ਵੇਲੇ ਦਾ ਰਾਜ ਉਨ੍ਹਾਂ ਲੋਕਾਂ ਦੇ ਹੱਥ ਸੀ ਜਿਨ੍ਹਾਂ ਦਾ ਮਜ਼ਹਬ ਇਸਲਾਮ ਸੀ ਅਤੇ ਉਹ ਲੋਕਾਂ ਉੱਪਰ ਜ਼ੁਲਮ ਕਰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਟੱਕਰ ਅਜਿਹੇ ਲੋਕਾਂ ਨਾਲ ਸੀ ਜਿਨ੍ਹਾਂ ਦੇ ਰਾਜ ਤੋਂ ਲੋਕ ਬਹੁਤ ਪ੍ਰੇਸ਼ਾਨ ਸਨ। ਜੇ ਉਹ ਇਸਲਾਮ ਦੇ ਜਾਂ ਮੁਸਲਮਾਨਾਂ ਦੇ ਵਿਰੁੱਧ ਹੁੰਦਾ ਤਾਂ ਕਲਾਨੌਰ ਅਤੇ ਬਟਾਲੇ ਦੇ ਨੇੜੇ ਪੰਜ ਹਜ਼ਾਰ ਮੁਸਲਮਾਨ ਉਸ ਦੀ ਸੈਨਾ ਵਿਚ ਆ ਕੇ ਸ਼ਾਮਲ ਨਾ ਹੁੰਦੇ। ਬਹਾਦਰ ਸ਼ਾਹ ਕੋਲ ੨੮ ਅਪ੍ਰੈਲ, ੧੭੧੧ ਨੂੰ ਪੁੱਜੀ ਇਕ ਸਰਕਾਰੀ ਰਿਪੋਰਟ ਵਿਚ ਲਿਖਿਆ ਹੈ ਕਿ ਉਸ ਨੇ (ਅਰਥਾਤ ਬਾਬਾ ਬੰਦਾ ਸਿੰਘ ਬਹਾਦਰ) ਨੇ ਇਹ ਬਚਨ ਦਿੱਤਾ ਹੈ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦੇਵਾਂਗਾ। ਚੁਨਾਚਿ ਜੋ ਵੀ ਮੁਸਲਮਾਨ ਉਸ ਵੱਲ ਰੁਜੂ ਹੁੰਦਾ ਹੈ, ਉਹ (ਬੰਦਾ ਸਿੰਘ) ਉਸ

ਦੀ ਦਿਹਾੜੀ ਅਤੇ ਤਨਖਾਹ ਨਿਯਤ ਕਰ ਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ ਕਿ ਮੁਸਲਮਾਨ ਜਿਵੇਂ ਚਾਹੁਣ ਨਮਾਜ਼ ਅਤੇ ਖੁਤਬਾ ਪੜ੍ਹਨ। ਚੁਨਾਚਿ ੫੦੦੦ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫੌਜ ਵਿਚ ਬਾਂਗ ਅਤੇ ਨਮਾਜ਼ ਅਦਾ ਕਰਨ ਦਾ ਸੁਖ ਪਾ ਰਹੇ ਹਨ। (ਗੰਡਾ ਸਿੰਘ, ਪੰਨਾ ੧੭੭-੧੭੮) ਐੱਮ. ਐੱਸ. ਆਹਲੂਵਾਲੀਆ ੨੦ ਮਈ, ੧੭੧੧ ਦੀ ਇਕ ਹੋਰ ਰਿਪੋਰਟ ਦਾ ਜ਼ਿਕਰ ਕਰਦਾ ਲਿਖਦਾ ਹੈ ਕਿ ਬਟਾਲੇ ਦੇ ਨੇੜੇ ਹੀ ਜੰਮੂ ਇਲਾਕੇ 'ਚੋਂ ਆਏ, ੭੦੦੦ ਹਿੰਦੂ ਅਤੇ ਮੁਸਲਮਾਨ ਇਕ ਰਾਮ ਚੰਦਰ ਨਾਮ ਦੇ ਵਿਅਕਤੀ ਦੀ ਕਮਾਨ ਥੱਲੇ ਬੰਦੇ ਦੀ ਸੈਨਾ 'ਚ ਆ ਕੇ ਭਰਤੀ ਹੋ ਗਏ ਸਨ। (Land Mark's in History)

ਇਹੋ ਜਿਹੀਆਂ ਰਿਪੋਰਟਾਂ ਤੋਂ ਇਹ ਸਪਸ਼ਟ ਹੈ ਕਿ ਇਹ ਉਸ ਦੀ ਧਾਰਮਿਕ ਨਿਰਪੱਖਤਾ ਅਤੇ ਉਦਾਰਤਾ ਹੀ ਸੀ ਕਿ ਜਿਸ ਕਰ ਕੇ ਮੁਸਲਮਾਨ ਵੀ ਉਸ ਵੱਲ ਖਿੱਚੇ ਆਉਂਦੇ ਸਨ।

ਇਹ ਕਹਿਣਾ ਵੀ ਗ਼ਲਤ ਜਾਪਦਾ ਹੈ ਕਿ ਉਸ ਨੇ ਮੁਸਲਮਾਨੀ ਅਬਾਦੀ ਵਾਲੇ ਸ਼ਹਿਰਾਂ ਨੂੰ ਜਿੱਤਣ ਮਗਰੋਂ ਉੱਥੋਂ ਦੀਆਂ ਮੁਸਲਿਮ ਇਮਾਰਤਾਂ ਅਤੇ ਮਸੀਤਾਂ ਨੂੰ ਨੁਕਸਾਨ ਪਹੁੰਚਾਇਆ। ਮੁਸਲਮਾਨ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮੁਸਲਮਾਨਾਂ ਦੀਆਂ ਕਬਰਾਂ ਪੁੱਟ ਕੇ, ਉਨ੍ਹਾਂ ਨੂੰ ਬੁਰੀ ਤਰ੍ਹਾਂ ਰੋਲ ਕੇ, ਆਪਣੇ ਅੰਦਰ ਦੀ ਅੱਗ ਨੂੰ ਸ਼ਾਂਤ ਕੀਤਾ ਗਿਆ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਸਿਰਫ ਇਕ ਕਬਰ ਨੂੰ ਛੱਡ ਕੇ ਹੋਰ ਕਿਸੇ ਕਬਰ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ ਤੇ ਇਹ ਕਬਰ ਵੀ ਇਕ ਸਿੱਖ ਬੱਚੀ ਅਨੂਪ ਕੌਰ ਦੀ ਸੀ, ਜਿਸ ਨੂੰ ਮਲੇਰਕੋਟਲੇ ਦਾ ਸ਼ੇਰ ਮੁਹੰਮਦ ਜ਼ਬਰਦਸਤੀ ਪਕੜ ਕੇ ਲੈ ਗਿਆ ਸੀ। ਅਨੂਪ ਕੌਰ ਦੀ ਕਬਰ ਪੁੱਟ ਕੇ ਉਸ ਦਾ ਸਿੱਖ ਮਰਯਾਦਾ ਅਨੁਸਾਰ ਸਸਕਾਰ ਕਰ ਦਿੱਤਾ ਗਿਆ। ਜਿੱਥੋਂ ਤਕ ਮੁਸਲਿਮ ਇਮਾਰਤਾਂ ਅਤੇ ਮਸੀਤਾਂ ਨੂੰ ਨੁਕਸਾਨ ਪਹੁੰਚਾਣ ਦੀ ਗੱਲ ਹੈ, ਉਸ ਲਈ ਇਤਨਾ ਹੀ ਕਹਿਣਾ ਕਾਫੀ ਹੈ ਕਿ ਸ਼ੇਖ ਅਹਿਮਦ ਸਰਹਿੰਦੀ, ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਵਿਚ ਬੜੀ ਅਹਿਮ (ਮਾੜੀ) ਭੂਮਿਕਾ ਨਿਭਾਈ ਸੀ, ਉਸ ਦੀ ਦਰਗਾਹ ਅਤੇ ਮਜ਼ਾਰ ਅੱਜ ਵੀ ਸਰਹਿੰਦ ਵਿਚ ਉਸੇ ਤਰ੍ਹਾਂ ਕਾਇਮ ਹੈ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸੀ। ਸਮਾਣਾ, ਸਢੌਰਾ, ਕਪੂਰੀ ਅਤੇ ਮੁਸਤਫ਼ਾਬਾਦ ਆਦਿ ਦੀਆਂ ਪੁਰਾਤਨ ਧਾਰਮਿਕ ਇਮਾਰਤਾਂ ਨੂੰ ਵੀ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ ਗਿਆ।

**ਇਕ ਸਿਦਕੀ ਸਿੱਖ:** ਬਾਬਾ ਬੰਦਾ ਸਿੰਘ ਬਹਾਦਰ ਧਾਰਮਿਕ ਨੀਤੀ ਦੇ ਮਾਮਲੇ ਵਿਚ ਧਰਮ ਨਿਰਪੇਖ ਹੋਣ ਦੇ ਨਾਲ-ਨਾਲ ਆਪਣੇ ਧਰਮ ਵਿਚ ਬੜਾ ਪੱਕਾ ਅਤੇ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਤੇ ਪੂਰਨ ਨਿਸ਼ਚਾ ਰੱਖਣ ਵਾਲਾ ਸਿੱਖ ਸੀ। ਜਿਹੜੇ ਸਿੱਖ ਉਸ ਨੂੰ ਮਿਲਣ ਲਈ ਆਉਂਦੇ, ਉਹ ਉਨ੍ਹਾਂ ਨੂੰ ਵੀ ਅਕਾਲ ਅਕਾਲ ਅਤੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਜਪਾਂਦਾ ਸੀ। ਭਾਈ ਰਤਨ ਸਿੰਘ (ਭੰਗੂ) ਲਿਖਦਾ ਹੈ ਕਿ,

*ਬੰਦੇ ਖ਼ਾਲਸੇ ਦਿਵਾਨ ਲਗਾਵੈ।*
*ਅਕਾਲ ਉਸਤਿਤ ਵਾਰ ਚੰਡੀ ਪੜ੍ਹਾਵੈ।*

*ਅਕਾਲ ਅਕਾਲ ਕਾ ਜਾਪ ਜਪਾਵੈ।*
*ਵਾਹਿਗੁਰੂ ਵਾਹਿਗੁਰੂ ਸਦਾ ਮੁਖ ਗਾਵੈ।*

ਬਾਬਾ ਬੰਦਾ ਸਿੰਘ ਬਹਾਦਰ ਆਪਣੇ ਧਰਮ ਪ੍ਰਤੀ ਸਦਾ ਸੁਚੇਤ ਸੀ। ਉਹ ਕਿਸੇ ਦੁਆਰਾ ਗੁਰੂ ਸਾਹਿਬਾਨ ਬਾਰੇ ਕਹੇ ਗਏ ਮਾੜੇ ਬਚਨ ਜਾਂ ਸਿੱਖ ਧਰਮ ਵਿਰੋਧੀ ਕਿਸੇ ਵੀ ਕਾਰਵਾਈ ਨੂੰ ਕਦੇ ਬਰਦਾਸ਼ਤ ਨਹੀਂ ਸੀ ਕਰਦਾ। ਇਕ ਦਿਨ ਪਿੰਡ ਘੁੜਾਣੀ ਦਾ ਭਾਈ ਬੁਲਾਕਾ ਸਿੰਘ ਨਾਮੀ ਇਕ ਰਾਗੀ (ਜੋ ਕੁਝ ਚਿਰ ਭਾਈ ਆਲੀ ਸਿੰਘ ਹੋਰਾਂ ਕੋਲ ਵੀ ਰਹਿ ਚੁੱਕਾ ਸੀ।) ਬਾਬਾ ਬੰਦਾ ਸਿੰਘ ਬਹਾਦਰ ਕੋਲ ਆਇਆ ਤੇ ਸ਼ਿਕਾਇਤ ਕੀਤੀ ਕਿ ਥਾਣਾ ਪਾਇਲ ਤੇ ਘੁੜਾਣੀ ਪਿੰਡ ਦੇ ਰਾਮ ਰਾਈਏ ਗੁਰੂ ਦੀ ਨਿੰਦਿਆ ਵੀ ਕਰਦੇ ਹਨ ਤੇ ਖਾਲਸੇ ਨੂੰ ਮਸ਼ਕਰੀਆਂ ਵੀ ਕਰਦੇ ਹਨ ਤੇ ਖਿਝਾਉਂਦੇ ਹਨ।

ਭਾਈ ਬੁਲਾਕਾ ਸਿੰਘ ਨੇ ਇਹ ਵੀ ਦੱਸਿਆ ਕਿ ਪਿੰਡ ਦੇ ਰਾਮ ਰਾਈਆਂ ਨੇ ਉਸ ਦਾ ਕੀਰਤਨ ਕਰਨ ਵਾਲਾ ਦੋਤਾਰਾ ਵੀ ਤੋੜ ਦਿੱਤਾ ਤੇ ਉਸ ਨੂੰ ਮਾਰਿਆ ਤੇ ਕੁੱਟਿਆ ਵੀ।

ਡਾ. ਗੰਡਾ ਸਿੰਘ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਲਈ ਇਸ ਤਰ੍ਹਾਂ ਗੁਰੂ ਜੀ ਦੀ ਅਤੇ ਸਿੰਘਾਂ ਦੀ ਨਿਰਾਦਰੀ ਸਹਿ ਜਾਣਾ ਮੁਸ਼ਕਿਲ ਸੀ। ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਪਾਇਲ ਵਿਚ ਸਿੰਘਾਂ ਦਾ ਥਾਣਾ ਬਿਠਾ ਦਿੱਤਾ ਅਤੇ ਭਾਈ ਬੁਲਾਕਾ ਸਿੰਘ ਨੂੰ ਉਸ ਦੇ ਇਲਾਕੇ ਦਾ, (ਜਿਸ ਵਿਚ ਪਿੰਡ ਘੁੜਾਣੀ ਪੈਂਦਾ ਸੀ) ਥਾਣੇਦਾਰ ਨਿਯੁਕਤ ਕਰ ਦਿੱਤਾ। ਉਸ ਨੇ ਆਪਣੀ ਸੈਨਾ ਦੀ ਇਕ ਟੁੱਕੜੀ ਲਿਜਾ ਕੇ, ਨਾ ਸਿਰਫ ਦੋਸ਼ੀ ਰਾਮ ਰਾਈਆਂ ਨੂੰ ਸਜ਼ਾ ਹੀ ਦਿੱਤੀ ਸਗੋਂ ਉਨ੍ਹਾਂ ਨੂੰ ਪਿੰਡ 'ਚੋਂ ਬਾਹਰ ਕੱਢ ਦਿੱਤਾ। ਇੱਥੇ ਹੀ ਪਿੰਡ ਘਲੋਟੀ, ਧਮੋਟ ਆਦਿ ਕਈ ਪਿੰਡਾਂ ਦੇ ਚੌਧਰੀਆਂ ਨੇ ਆ ਕੇ ਨਜ਼ਰਾਨੇ ਭੇਟ ਕੀਤੇ ਅਤੇ ਬੰਦਾ ਸਿੰਘ ਬਹਾਦਰ ਦੀ ਅਮਲਦਾਰੀ ਪ੍ਰਵਾਨ ਕਰ ਲਈ। (*ਬੰਦਾ ਸਿੰਘ ਬਹਾਦਰ,* ਪੰਨਾ ੫੫-੫੬)

**ਚੋਰਾਂ-ਡਾਕੂਆਂ ਵਿਰੁੱਧ ਕਾਰਵਾਈ:** ਮੁਗ਼ਲ ਹਕੂਮਤ ਦੇ ਕਮਜ਼ੋਰ ਪੈ ਜਾਣ ਕਾਰਨ ਹਰ ਪਾਸੇ ਬਦਅਮਨੀ ਅਤੇ ਅਰਾਜਕਤਾ ਦਾ ਮਾਹੌਲ ਸੀ। ਵੱਡੇ ਸ਼ਹਿਰਾਂ ਨੂੰ ਜੋੜਦੀਆਂ ਸੜਕਾਂ 'ਤੇ ਸਫਰ ਕਰਨਾ ਸੁਰੱਖਿਅਤ ਨਹੀਂ ਸੀ। ਚੋਰ, ਡਾਕੂ ਤੇ ਲੁਟੇਰੇ ਲੋਕਾਂ ਨੂੰ ਪ੍ਰੇਸ਼ਾਨ ਕਰੀ ਰੱਖਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਬਾਂਗੜ ਦੇ ਇਲਾਕੇ ਵਿਚ ਚੋਰਾਂ ਅਤੇ ਡਾਕੂਆਂ ਵਿਰੁੱਧ ਕੀਤੀ ਕਾਰਵਾਈ ਕਾਰਨ ਲੋਕਾਂ ਦੇ ਮਨਾਂ 'ਚੋਂ ਚੋਰਾਂ ਅਤੇ ਡਾਕੂਆਂ ਦਾ ਡਰ ਦੂਰ ਹੋ ਗਿਆ। ਹੁਣ ਕਿਸੇ ਨੂੰ ਵੀ ਜੇ ਕੋਈ ਅਜਿਹੀ ਸ਼ਿਕਾਇਤ ਹੁੰਦੀ ਤਾਂ ਉਹ ਬਾਬਾ ਬੰਦਾ ਸਿੰਘ ਬਹਾਦਰ ਕੋਲ ਹਾਜ਼ਰ ਹੁੰਦਾ ਤਾਂ ਬਾਬਾ ਬੰਦਾ ਸਿੰਘ ਤੁਰੰਤ ਸੈਨਿਕ ਕਾਰਵਾਈ ਕਰ ਕੇ ਅਜਿਹੇ ਅਨਸਰਾਂ ਨੂੰ ਦਬਾ ਦਿੰਦਾ। ਡਾ. ਗੰਡਾ ਸਿੰਘ ਇਸ ਸੰਬੰਧ ਵਿਚ ਲਿਖਦੇ ਹਨ ਕਿ ਅਜਿਹਾ ਕਰਨ ਕਰ ਕੇ ਸਾਰੇ ਆਲੇ-ਦੁਆਲੇ ਵਿਚ ਬਾਬਾ ਬੰਦਾ ਸਿੰਘ ਦੀ ਵਾਹ-ਵਾਹ ਹੋਣ ਲੱਗ ਪਈ ਤੇ ਲੋਕ ਆਪਣੇ ਆਪ ਨੂੰ ਮਹਿਫੂਜ਼ ਸਮਝਣ ਲੱਗ ਪਏ।

**ਨਿਆਂ ਪ੍ਰਣਾਲੀ:** ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਦੀ (ਬੇਸ਼ੱਕ ਇਹ ਬਹੁਤ ਥੋੜ੍ਹੇ

ਸਮੇਂ ਤਕ ਹੀ ਰਿਹਾ) ਇਕ ਬਹੁਤ ਵੱਡੀ ਪ੍ਰਾਪਤੀ ਉਸ ਦੀ ਨਿਆਂ ਪ੍ਰਣਾਲੀ ਸੀ। ਉਸ ਦੀ ਨਿਆਂ ਪ੍ਰਣਾਲੀ ਦਾ ਆਧਾਰ ਗੁਰਬਾਣੀ ਦੀ ਇਹ ਤੁਕ ਸੀ, *ਰਾਜੇ ਚੁਲੀ ਨਿਆਵ ਕੀ* ਬਾਬਾ ਬੰਦਾ ਸਿੰਘ ਬਹਾਦਰ ਨਿਆਂ ਦੇ ਮਾਮਲੇ ਵਿਚ ਦੇਰ ਨਹੀਂ ਸੀ ਕਰਦਾ। ਉਹ ਤੁਰੰਤ ਫੁਰਤ ਨਿਆਇ ਦਾ ਹਾਮੀ ਸੀ। ਉਸ ਦਾ ਵਿਚਾਰ ਸੀ ਕਿ ਪੀੜਤ ਧਿਰ ਨੂੰ ਇਨਸਾਫ ਜਲਦੀ ਮਿਲਣਾ ਚਾਹੀਦਾ ਹੈ। ਇਸ ਵਿਚ ਦੇਰੀ ਨਹੀਂ ਹੋਣੀ ਚਾਹੀਦੀ। ਨਿਆਂ ਦੇ ਮਾਮਲੇ ਵਿਚ ਨਿੱਕਾ ਵੱਡਾ, ਸਭ ਉਸ ਲਈ ਬਰਾਬਰ ਸਨ। ਦੋਸ਼ੀ ਦਾ ਦਰਜਾ ਤੇ ਸਥਿਤੀ ਉਸ ਦੀ ਨਿਆਇ ਭਾਵਨਾ ਨੂੰ ਪ੍ਰਭਾਵਿਤ ਨਹੀਂ ਸੀ ਕਰ ਸਕਦੀ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਬੰਦਾ ਸਿੰਘ ਵੱਡੇ ਤੋਂ ਵੱਡੇ ਸਰਦਾਰ ਨੂੰ ਵੀ ਉਸ ਦੇ ਜ਼ੁਰਮ ਬਦਲੇ, ਉਸ ਨੂੰ ਤੋਪ ਨਾਲ ਉਡਾ ਦੇਣ ਤੋਂ ਵੀ ਸੰਕੋਚ ਨਹੀਂ ਸੀ ਕਰਦਾ।

ਨਿਆਇ ਨੀਤੀ ਦੇ ਸੰਬੰਧ ਵਿਚ ਡਾ. ਗੁਰਦੇਵ ਸਿੰਘ (ਦਿਓਲ) ਇਕ-ਹੱਥ ਲਿਖਤ ਪੋਥੀ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਆਪਣੇ ਸਾਥੀਆਂ ਨੂੰ ਕਿਹਾ ਕਰਦਾ ਸੀ ਕਿ ਬਾਦਸ਼ਾਹ ਲਈ ਸਭ ਤੋਂ ਚੰਗੀ ਪੂਜਾ ਨਿਆਂਕਾਰੀ ਹੋਣਾ ਹੈ। ਜੋ ਨਿਆਇ ਨਹੀਂ ਕਰਦੇ, ਨਰਕ ਵਿਚ ਸੁੱਟ ਦਿੱਤੇ ਜਾਂਦੇ ਹਨ। ਰਾਜੇ ਨੂੰ ਨਿਆਂ ਦਾ ਕਸਬ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਮੈਨੂੰ ਮਹਾਂਪੁਰਖ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਕਿਹਾ ਸੀ, ਜੇ ਤੁਸੀਂ ਉਸ ਮਹਾਂਪੁਰਖ ਦੇ ਸਿੱਖ ਅਖਵਾਉਂਦੇ ਹੋ ਤਾਂ ਪਾਪ, ਅਧਰਮ, ਅਨਿਆਇ ਦੀ ਕਿਰਤ ਨਾ ਕਰੋ। ਸੱਚੇ ਸਿੱਖ ਬਣੋ ਅਤੇ ਉਨ੍ਹਾਂ 'ਤੇ ਹੱਸੋ ਜੋ ਅਸਿੱਖਾਂ ਜਿਹੇ ਕਰਮ ਕਰਦੇ ਹਨ। ਮਹਾਂਪੁਰਸ਼ ਦੇ ਬਚਨ ਆਪਣੇ ਮਨ ਵਿਚ ਵਸਾਓ। ਬੰਦਾ ਸਿੰਘ ਦੇ ਨਿਆਇ ਦੇ ਸੰਬੰਧ ਵਿਚ ਲੱਗਭਗ ਇਹੋ ਗੱਲ 'ਬੰਸਾਵਲੀਨਾਮਾ' ਦੇ ਕਰਤਾ ਭਾਈ ਕੇਸਰ ਸਿੰਘ ਛਿੱਬਰ ਨੇ ਵੀ ਲਿਖੀ ਹੈ:

*'ਰਾਜੇ ਚੁਲੀ ਨਿਆਵ ਕੀ'*
*ਗ੍ਰੰਥਿ ਲਿਖਿਆ ਲਹਿਆ।*
*ਨਿਆਉਂ ਨ ਕਰੇ ਤਾਂ ਨਰਕੇ ਜਾਏ।*
*ਰਾਜਾ ਹੋਇਕੈ ਨਿਆਉਂ ਕਮਾਏ॥੪੩॥*
*ਪੁਰਖਿ (ਗੁਰੂ ਗੋਬਿੰਦ ਸਿੰਘ ਜੀ ਨੇ) ਬਚਨ ਮੁਝਕੋ ਐਸੇ ਹੈ ਕੀਤਾ।*
*ਮਾਰ ਪਾਪੀ ਮੈਂ ਵੈਰ ਪੁਰਖੁ ਦਾ ਲੀਤਾ।*
*ਜੇ ਤੁਸੀਂ ਉਸ ਪੁਰਖੁ ਦੇ ਸਿੱਖ ਅਖਵਾਉ।*
*ਤਾਂ ਪਾਪ, ਅਧਰਮ, ਅਨਿਆਉ ਨ ਕਮਾਉ।੪੪। . . .*
*ਪੁਰਖ ਦਾ ਕਹਿਆ ਹਿਰਦੇ ਧਾਰੋ। . . .*
*ਭੇਖੀ, ਲੰਪਟ, ਪਾਪੀ ਚੁਨਿ ਮਾਰੋ।੪੫।*

ਇਹੀ ਲੇਖਕ ਨਿਆਇ ਦੀ ਇਕ ਖੂਬਸੂਰਤ ਮਿਸਾਲ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ ਬੰਦਾ ਸਿੰਘ ਨੇ ਕਿਸੇ ਇਕ ਵਿਅਕਤੀ ਨੂੰ ੩੪ ਪਿੰਡਾਂ ਦਾ ਫੌਜਦਾਰ ਬਣਾ ਕੇ ਨਿਵਾਜਿਆ ਪਰ ਉਸ ਨੇ ਆਪਣੇ ਇਲਾਕੇ ਵਿਚ ਜਾ ਕੇ ਇਤਨਾ ਨੀਚ ਕੰਮ ਕੀਤਾ ਕਿ ਇਕ ਆਦਮੀ ਨੂੰ ਮਾਰ ਕੇ, ਉਸ ਦੀ ਇਸਤਰੀ ਨੂੰ ਆਪਣੇ ਘਰ ਲੈ

ਆਇਆ। ਉਸ ਇਸਤਰੀ ਨੇ ਆਪਣੇ ਪਤੀ ਦਾ ਸਿਰ ਛਿਪਾ ਕੇ ਰੱਖ ਲਿਆ ਅਤੇ ਜਦੋਂ ਉਸ ਦਾ ਦਾਅ ਲੱਗਾ ਤਾਂ ਉਹ (ਪਤੀ ਦਾ ਕੱਟਿਆ ਹੋਇਆ) ਸਿਰ ਲੈ ਕੇ, ਬੰਦਾ ਸਿੰਘ ਪਾਸ ਪਹੁੰਚੀ। ਉਸ ਨੇ ਆਪਣੇ ਪਤੀ ਦਾ ਸੀਸ ਬੰਦਾ ਸਿੰਘ ਦੇ ਸਾਹਮਣੇ ਰੱਖ, ਹਕੀਕਤ ਕਹਿ ਸੁਣਾਈ ਅਤੇ ਕਹਿਣ ਲੱਗੀ ਕਿ ਮੈ ਤੁਹਾਡੇ ਪਾਸੋਂ ਇਨਸਾਫ਼ ਦੀ ਮੰਗ ਕਰਨ ਆਈ ਹਾਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਿਕਾਇਤ ਸੁਣ ਕੇ ਆਪਣੇ ਕੁਝ ਬੰਦੇ ਭੇਜੇ ਤੇ ਉਸ ਫੌਜਦਾਰ ਨੂੰ ਬੁਲਵਾ ਲਿਆ। ਜਦੋਂ ਦੋਹਾਂ ਧਿਰਾਂ ਦੀ ਗੱਲ ਸੁਣੀ ਗਈ ਤਾਂ ਫੌਜਦਾਰ ਝੂਠਾ ਸਾਬਤ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਾਥੀ ਸਿੱਖ ਸਰਦਾਰਾਂ ਨਾਲ ਸਲਾਹ ਕਰ ਕੇ ਫੈਸਲਾ ਸੁਣਾਇਆ ਕਿ ਇਸ ਫੌਜਦਾਰ ਨੂੰ ਤੋਪ ਅੱਗੇ ਖੜ੍ਹਾ ਕਰ ਕੇ ਉਡਾ ਦਿੱਤਾ ਜਾਵੇ। ਜਿਹੜੇ ਬੰਦੇ ਫੌਜਦਾਰ ਨੂੰ ਨਾਲ ਲੈ ਕੇ ਆਏ ਸਨ। ਉਨ੍ਹਾਂ ਨੇ ਫੌਜਦਾਰ ਨੂੰ ਕਿਤੇ ਛਿਪਾ ਦਿੱਤਾ ਤੇ ਲੱਕੜੀ ਦਾ ਬੁੱਤ ਬਣਾ ਕੇ, ਉਸ ਨੂੰ ਫੌਜਦਾਰ ਦੇ ਕੱਪੜੇ ਪੁਆ ਕੇ ਤੋਪ ਦੇ ਸਾਹਮਣੇ ਖੜ੍ਹਾ ਕਰ ਕੇ ਉਡਾ ਦਿੱਤਾ ਪਰ ਸ਼ਿਕਾਇਤ ਕਰਨ ਆਈ ਉਸ ਇਸਤਰੀ ਨੂੰ ਇਨ੍ਹਾਂ ਬੰਦਿਆਂ ਦੀ ਚਲਾਕੀ ਦਾ ਪਤਾ ਚੱਲ ਗਿਆ। ਉਹ ਇਸਤਰੀ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਈ ਤੇ ਕਹਿਣ ਲੱਗੀ "ਮੈਨੂੰ ਨਿਆਂ ਨਹੀਂ ਮਿਲਿਆ।" ਤੇ ਉਸ ਨੇ ਅਸਲ ਦੋਸ਼ੀ ਦੀ ਥਾਂ ਲੱਕੜ ਦੇ ਬੁੱਤ ਨੂੰ ਫੌਜਦਾਰ ਦੇ ਕੱਪੜੇ ਪੁਆ ਕੇ ਉਡਾ ਦੇਣ ਦੀ ਸਾਰੀ ਘਟਨਾ ਬਿਆਨ ਕਰ ਦਿੱਤੀ। ਬਾਬਾ ਬੰਦਾ ਸਿੰਘ ਨੇ ਤੁਰੰਤ ਉਸ ਫੌਜਦਾਰ ਨੂੰ ਸਾਹਮਣੇ ਬੁਲਾ ਕੇ ਤੋਪ ਨਾਲ ਉਡਵਾ ਦਿੱਤਾ। ਬੇਸ਼ੱਕ ਵੇਖਣ ਨੂੰ ਲੱਗਦਾ ਹੈ ਕਿ ਬੰਦੇ ਦਾ ਨਿਆਂ ਬੜਾ ਸਖਤ ਸੀ ਪਰ ਨਿਆਂ ਕਰਨ ਲੱਗਿਆਂ ਬੰਦਾ ਕਿਸੇ ਵੀ ਧਿਰ ਨਾਲ ਲਿਹਾਜ਼ ਨਹੀਂ ਸੀ ਕਰਦਾ।

ਬਾਬਾ ਬੰਦਾ ਸਿੰਘ ਬਹਾਦਰ ਨੇ ਇਕ ਹੋਰ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਸੇ ਇਸਤਰੀ ਦੇ ਗਹਿਣਿਆਂ ਅਤੇ ਕਿਸੇ ਪੁਰਸ਼ ਦੀ ਪੱਗ ਨੂੰ ਹੱਥ ਨਾ ਪਾਇਆ ਜਾਵੇ:

*ਇਸਤ੍ਰੀ ਤਨ ਜੋ ਗਹਿਣਾ ਹੋਈ*
*ਤਾਂ ਕੋ ਹਾਥ ਨਾ ਲਾਉ ਕੋਈ।*
*ਪੁਰਸ਼ ਪੁਸ਼ਾਕ ਔ ਸਿਰ ਕੀ ਪਾਗ*
*ਇਨ ਭੀ ਕੋਈ ਹੱਥ ਨਾ ਲਾਗ।* *(ਪ੍ਰਾਚੀਨ ਪੰਥ ਪ੍ਰਕਾਸ਼ )*

ਬਾਬਾ ਬੰਦਾ ਸਿੰਘ ਬਹਾਦਰ ਨੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਅਮਨ ਕਾਇਮ ਰੱਖਣ ਲਈ ਥਾਂ-ਥਾਂ 'ਤੇ ਪੁਲਿਸ ਚੌਂਕੀਆਂ ਸਥਾਪਿਤ ਕੀਤੀਆਂ ਅਤੇ ਪੰਚਾਇਤਾਂ ਦਾ ਗਠਨ ਕੀਤਾ। ਸੋਨੀਪਤ ਅਤੇ ਕੈਥਲ ਦੀ ਜਿੱਤ ਮਗਰੋਂ, ਇਨ੍ਹਾਂ ਨਗਰਾਂ ਦੀ ਦੇਖ-ਭਾਲ ਲਈ ਸਥਾਨਕ (ਜ਼ਿੰਮੇਵਾਰ) ਬੰਦਿਆਂ ਦੀ ਪੰਚਾਇਤ ਬਣਾ ਕੇ, ਇਨ੍ਹਾਂ ਨਗਰਾਂ ਦਾ ਪ੍ਰਬੰਧ ਉਨ੍ਹਾਂ ਦੇ ਹੱਥ ਵਿਚ ਸੌਂਪ ਦਿੱਤਾ ਗਿਆ। (ਡਾ. ਸੁਖਦਿਆਲ ਸਿੰਘ, ਪੰਨਾ ੨੨) ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਸਮਾਣਾ ਅਤੇ ਘੁੜਾਮ ਜਿੱਤਣ ਮਗਰੋਂ ਭਾਈ ਫਤਿਹ ਸਿੰਘ ਨੂੰ ਉਸ ਦਾ ਹਾਕਮ ਨਿਯਤ ਕੀਤਾ ਗਿਆ ਜਿਸ ਨੇ ਸਥਾਨਕ ਖਾਲਸਾ ਪੰਚਾਇਤ ਦੀ ਸਹਾਇਤਾ ਨਾਲ ਕੰਮ ਕਰਨਾ ਸੀ। ਇਸੇ ਤਰ੍ਹਾਂ ਸ਼ਾਹਬਾਦ ਦੀ ਸੈਨਿਕ ਚੌਂਕੀ 'ਤੇ ਕਬਜ਼ਾ ਕਰ ਲੈਣ ਮਗਰੋਂ ਇੱਥੇ ਅਮਨ ਬਣਾਏ ਰੱਖਣ ਵਾਸਤੇ ਬੰਦੇ ਨੇ ਇਕ

ਸੈਨਿਕ ਚੌਂਕੀ ਕਾਇਮ ਕਰ ਦਿੱਤੀ।

**ਕਈ ਨਗਰਾਂ ਦੇ ਨਵੇਂ ਨਾਮ:** ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਕਈ ਪੁਰਾਣੇ ਨਗਰਾਂ ਦੇ ਨਾਮ ਬਦਲ ਕੇ ਨਵੇਂ ਨਾਮ ਰੱਖੇ ਗਏ। ਬੂੜੀਆ ਨੂੰ ਜਿੱਤਣ ਮਗਰੋਂ, ਇਸ ਦਾ ਨਾਮ ਗੁਲਾਬ ਨਗਰ ਰੱਖਿਆ ਗਿਆ, ਸਹਾਰਨਪੁਰ ਦਾ ਨਾਮ ਭਾਗ ਨਗਰ ਅਤੇ ਉਸ ਨੇ ਆਪਣੀ ਰਾਜਧਾਨੀ ਮੁਖ਼ਲਿਸਪੁਰ (ਮੁਖ਼ਲਿਸਗੜ੍ਹ) ਦਾ ਨਾਮ ਬਦਲ ਕੇ ਲੋਹਗੜ੍ਹ ਰੱਖ ਦਿੱਤਾ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਹੁਣ ਤਕ ਬੂੜੀਏ ਉੱਤੇ ਸਿੰਘਾਂ ਦਾ ਕਬਜ਼ਾ ਹੋ ਗਿਆ ਸੀ। ਉੱਥੋਂ ਦੇ ਫੌਜਦਾਰ ਗੁਰਬਖਸ਼ ਸਿੰਘ 'ਤੇ ਦੋਸ਼ ਸੀ ਕਿ ਉਸ ਨੇ ਬੂੜੀਏ (ਗੁਲਾਬ ਨਗਰ) ਦੇ ਕਾਜ਼ੀ ਸ਼ਾਹ ਮੁਹੰਮਦ ਨੂੰ ਗ੍ਰਿਫ਼ਤਾਰ ਕਰ ਕੇ, ਲੋਹਗੜ੍ਹ ਭੇਜਣ ਸਮੇਂ, ਉਸ ਦੇ ਕੁਝ ਮਾਲ ਨੂੰ ਹੇਠ ਉੱਤੇ ਕਰ ਦਿੱਤਾ ਸੀ। ਇਸ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਦੇ ਸਾਰੇ ਅਧਿਕਾਰ ਖੋਹ ਕੇ ਕਿਸ਼ੋਰ ਸਿੰਘ ਨੂੰ ਦੇ ਦਿੱਤੇ।

ਬਾਬਾ ਬੰਦਾ ਸਿੰਘ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੇ ਹੱਕ ਵਿਚ ਸੀ। ਪਰ ਜਿਨ੍ਹਾਂ ਮੁਸਲਿਮ ਅਧਿਕਾਰੀਆਂ ਵਿਰੁੱਧ ਜਨਤਾ ਦੀ ਕੋਈ ਸ਼ਿਕਾਇਤ ਨਹੀਂ ਸੀ ਜਾਂ ਜਿਨ੍ਹਾਂ ਹਿੰਦੂ ਤੇ ਮੁਸਲਿਮ ਫੌਜਦਾਰਾਂ, ਜ਼ਿਮੀਦਾਰਾਂ ਜਾਂ ਚੌਧਰੀਆਂ ਨੇ ਨਵੇਂ ਸਥਾਪਿਤ ਸਿੱਖ ਲੋਕਤੰਤਰ ਦੀਆਂ ਨੀਤੀਆਂ ਅਨੁਸਾਰ ਚੱਲਣ ਦਾ ਪ੍ਰਣ ਕਰ ਲਿਆ ਸੀ, ਉਨ੍ਹਾਂ ਨੂੰ ਉਨ੍ਹਾਂ ਦੀਆਂ ਪਦਵੀਆਂ 'ਤੇ ਹੀ ਬਹਾਲ ਕਰ ਦਿੱਤਾ ਗਿਆ। ਐਮ. ਐਲ. ਆਹਲੂਵਾਲੀਆ ਅਖ਼ਬਾਰਾਤ ਤੇ ਹਵਾਲੇ ਨਾਲ ਲਿਖਦਾ ਹੈ ਕਿ 'By and large a muslim or a Hindu Faujdar or Civil administrator of the mugal government if agreed to fuction faithfully as the Servant of the new Repbulic was not removed but reconfirmed on his original post.'

ਪਰਗਣਾ ਗੁਲਾਬ ਨਗਰ (ਬੂੜੀਆ) ਅਤੇ ਸਹਾਰਨਪੁਰ 'ਤੇ ਕਬਜ਼ਾ ਹੋ ਜਾਣ ਮਗਰੋਂ ਇੱਥੋਂ ਦੇ ਸਥਾਨਕ ਜ਼ਿਮੀਦਾਰ ਜਾਨ ਮੁਹੰਮਦ ਖਾਨ ਨੂੰ, ਸਹਾਰਨਪੁਰ ਦੇ ਪੂਰੇ ਪਰਗਣੇ ਦਾ ਜ਼ਿਮੀਂਦਾਰ ਨਿਯੁਕਤ ਕਰ ਦਿੱਤਾ ਗਿਆ ਤੇ ਇਹ ਆਦੇਸ਼ ਦਿੱਤਾ ਗਿਆ ਕਿ ਉਹ ਗੜ੍ਹੀ ਅਫ਼ਗਾਨ ਦੇ ਜਲਾਲ ਖਾਂ ਵਿਰੁੱਧ ਕਾਰਵਾਈ ਕਰੇ ਅਤੇ ਚੂੰਡਲੇ ਦੇ ਜ਼ਿਮੀਂਦਾਰ ਸਰਾਦਰ ਖਾਂ ਨੂੰ ਪਕੜ ਕੇ ਲਿਆਉਣ ਲਈ ਆਪਣੀ ਸੈਨਿਕ ਟੁੱਕੜੀ ਭੇਜੇ।

ਇਸ ਤਰ੍ਹਾਂ ਦੇ ਪ੍ਰਬੰਧ ਪਹਾੜੀ ਇਲਾਕਿਆਂ ਨੂੰ ਜਿੱਤਣ ਮਗਰੋਂ ਵੀ ਕੀਤੇ ਗਏ। ਬਿਲਾਸਪੁਰ ਅਤੇ ਕਹਿਲੂਰ ਦੇ ਰਾਜੇ ਨੂੰ ਹਰਾ ਲੈਣ ਮਗਰੋਂ ਅਮਨ ਅਮਾਨ ਬਣਾਏ ਰੱਖਣ ਲਈ, ਉਸ ਦਾ ਇਲਾਕਾ ਉਸ ਨੂੰ ਹੀ ਮੋੜ ਦਿੱਤਾ ਗਿਆ, ਪਰ ਉਸ ਨੇ ਇਸ ਇਲਾਕੇ 'ਤੇ ਰਾਜ, ਖਾਲਸਾ ਪੰਚਾਇਤ ਦੀ ਸਲਾਹ ਨਾਲ ਕਰਨਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਬੜੀ ਦੂਰ-ਦ੍ਰਿਸ਼ਟੀ ਰੱਖਣ ਵਾਲਾ ਜਰਨੈਲ ਸੀ। ਉਸ ਦੇ ਪ੍ਰਬੰਧਕੀ ਢਾਂਚੇ ਦੀ ਜੋ ਰੂਪ-ਰੇਖਾ ਸਾਨੂੰ ਮਿਲਦੀ ਹੈ, ਉਸ ਤੋਂ ਇਹ ਅਨੁਮਾਨ ਲਗਾਉਣਾ ਔਖਾ ਨਹੀਂ ਕਿ ਉਹ ਨਵ-ਸਿਰਜਤ ਰਾਜ ਲਈ ਕਿਹੋ ਜਿਹਾ ਸ਼ਾਸਕੀ ਪ੍ਰਬੰਧ ਚਾਹੁੰਦਾ ਸੀ। ਪੰਜਾਬ ਉੱਪਰ ਉਸ ਦਾ ਰਾਜ ਬਹੁਤੀ ਦੇਰ ਤਕ ਕਾਇਮ ਨਾ ਰਿਹਾ ਕਿਉਂਕਿ ਮੁਗ਼ਲ ਹਕੂਮਤ ਅਜੇ ਬੜੀ ਮਜ਼ਬੂਤ ਸੀ ਅਤੇ ਉਸ ਨੂੰ ਸੀਮਿਤ ਸਾਧਨਾਂ ਨਾਲ

ਪੱਕੇ ਤੌਰ 'ਤੇ ਹਟਾ ਸਕਣਾ ਸੰਭਵ ਨਹੀਂ ਸੀ ਪਰ ਫਿਰ ਵੀ ਮਾਇਕ ਤੇ ਸੈਨਿਕ ਸਾਧਨਾਂ ਦੀ ਕਮੀ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਦੀ ਸ਼ਕਤੀਸ਼ਾਲੀ ਹਕੂਮਤ ਨੂੰ ਅਜਿਹਾ ਝਟਕਾ ਦਿੱਤਾ ਸੀ ਕਿ ਹੌਲੀ ਹੌਲੀ ਉਨ੍ਹਾਂ ਦੇ ਰਾਜ ਦਾ ਪਤਨ ਹੋਣਾ ਸ਼ੁਰੂ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ ਜਦੋਂ ਤਕ ਜੀਵਿਆ, ਬੜੀ ਅਣਖ ਅਤੇ ਦਲੇਰੀ ਨਾਲ ਜੀਵਿਆ। ਆਪਣੇ ਸੀਮਿਤ ਸਾਧਨਾਂ ਦੀ ਪਰਵਾਹ ਕੀਤੇ ਬਗੈਰ ਉਸ ਨੇ ਤਿੰਨ ਮੁਗ਼ਲ ਬਾਦਸ਼ਾਹਵਾਂ- ਬਹਾਦਰ ਸ਼ਾਹ, ਜਹਾਂਦਰ ਸ਼ਾਹ ਅਤੇ ਫ਼ਰੁੱਖ਼ਸੀਅਰ ਨੂੰ ਨਾ ਸਿਰਫ ਵੰਗਾਰਿਆ ਹੀ ਸਗੋਂ ਕਈ ਲੜਾਈਆਂ ਵਿਚ ਉਨ੍ਹਾਂ ਦੇ ਪੈਰ ਤਕ ਟਿਕਣ ਨਹੀਂ ਦਿੱਤੇ।

ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਲੋਕਤੰਤਰੀ ਕੀਮਤਾਂ 'ਤੇ ਅਧਾਰਿਤ ਸੀ। ਉਹਦੇ ਸਾਥੀ ਤੇ ਸਹਾਇਕ ਬਹੁਤੇ ਉਹ ਲੋਕ ਸਨ, ਜਿਨ੍ਹਾਂ ਨੂੰ ਸਦੀਆਂ ਤੋਂ ਭਾਰਤੀ ਸਮਾਜ ਤ੍ਰਿਸਕਾਰਦਾ ਤੇ ਨੀਵੀ ਜਾਤ ਦਾ ਕਹਿੰਦਾ ਚਲਾ ਆਇਆ ਸੀ ਪਰ ਉਸ ਦੀ ਸਭ ਤੋਂ ਵੱਡੀ ਸ਼ਕਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਸਿਦਕੀ ਸਿੱਖ ਸਨ ਜਿਹੜੇ ਗੁਰੂ ਦੇ ਨਾਮ 'ਤੇ ਕੋਈ ਵੀ ਕੁਰਬਾਨੀ ਕਰਨ ਲਈ ਸਦਾ ਤੱਤਪਰ ਰਹਿੰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਨਾ ਸਿਰਫ ਇਨ੍ਹਾਂ ਲੋਕਾਂ ਦੇ ਮਨਾਂ ਵਿਚ ਰਾਜ ਸਿਰਜਣ ਦਾ ਨਿਸ਼ਾਨਾ ਹੀ ਉਜਾਗਰ ਕੀਤਾ ਸਗੋਂ ਆਪਣੇ ਰਾਜ-ਕਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ, ਉਨ੍ਹਾਂ ਨੂੰ ਬਾਦਸ਼ਾਹਤ ਦੀ ਪਦਵੀ ਤਕ ਪਹੁੰਚਾ ਦਿੱਤਾ। 'ਲੇਟਰ ਮੁਗ਼ਲਜ਼' ਵਿਚ ਵਿਲੀਅਮ ਇਰਵਿਨ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚ ਨੀਵੀਆਂ ਜਾਤਾਂ ਦੇ ਸਮਝੇ ਜਾਂਦੇ ਲੋਕ ਭਰਤੀ ਹੋਏ ਸਨ ਉਹ ਵੀ ਜਦੋਂ ਆਪਣੇ ਘਰਾਂ ਨੂੰ ਪਰਤਦੇ ਸਨ ਤਾਂ ਹਾਕਮ ਬਣ ਕੇ ਮੁੜਦੇ ਸਨ। ਪ੍ਰਸਿੱਧ ਤੇ ਅਮੀਰ ਵਿਅਕਤੀ ਉਨ੍ਹਾਂ ਨੂੰ ਜੀਉ ਆਇਆਂ ਕਹਿਣ ਆਉਂਦੇ ਅਤੇ ਪਿੰਡ ਤਕ ਉਨ੍ਹਾਂ ਦੀ ਅਗਵਾਈ ਕਰਦੇ। ਉੱਥੇ ਪਹੁੰਚ ਕੇ ਪਿੰਡਾਂ ਅਤੇ ਨਗਰਾਂ ਦੇ ਇਹ ਲੋਕ ਉਨ੍ਹਾਂ ਦੇ ਸਾਹਮਣੇ, ਉਸ ਦੇ ਹੁਕਮ ਦੀ ਉਡੀਕ ਵਿਚ ਹੱਥ ਜੋੜ ਕੇ ਖੜ੍ਹੇ ਜਾਂਦੇ। ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਅਜਿਹਾ ਲੜਾਕੂ ਬਣਾ ਦਿੱਤਾ ਸੀ ਕਿ ਪੇਸ਼ਾਵਰ ਤੌਰ 'ਤੇ ਜੰਗਬਾਜ਼ ਅਖਵਾਉਣ ਵਾਲੇ ਯੋਧੇ ਵੀ, ਉਨ੍ਹਾਂ ਨਾਲ ਉਲਝਣ ਦਾ ਖਤਰਾ ਮੁੱਲ ਨਹੀਂ ਸਨ ਲੈਂਦੇ।

ਬਾਬਾ ਬੰਦਾ ਸਿੰਘ ਬਹਾਦਰ ਦੇ ਥੋੜ੍ਹੇ ਜਿਹੇ ਜੀਵਨ-ਕਾਲ ਦੇ ਸਮੇਂ ਦੀ ਇਹ ਪ੍ਰਾਪਤੀ, ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ। ਉਸ ਨੇ ੭੦੦ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿਚ ਅਜ਼ਾਦੀ ਦਾ ਦੀਵਾ ਬਾਲਿਆ ਸੀ ਤੇ ਇਸ ਸੁਤੰਤਰ ਰਾਜ ਨੂੰ ਸਥਾਪਿਤ ਕਰਨ ਵਾਲਾ ਪੰਜਾਬ ਦਾ ਮਹਾਨ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਸੀ। ਬੰਦਾ ਸਿੰਘ ਬਹਾਦਰ ਬਾਰੇ ਵਿਚਾਰਾਂ ਨੂੰ ਸਮੇਟਦਾ ਹੋਇਆ ਐਮ. ਐਲ. ਆਹਲੂਵਾਲੀਆ (ਆਪਣੀ ਪੁਸਤਕ Land Mark in Sikh History) ਵਿਚ ਲਿਖਦਾ ਹੈ ਕਿ ਬੰਦੇ ਦੁਆਰਾ ਸਥਾਪਿਤ ਕੀਤਾ ਪਹਿਲਾ ਸਿੱਖ ਗਣਤੰਤਰ (The first Sikh Republic) ਚਾਹੇ ਥੋੜ੍ਹੀ ਦੇਰ ਤਕ ਹੀ ਰਿਹਾ ਪਰ ਇਹ ਸਿੱਖ ਇਤਿਹਾਸ ਦਾ ਅਜਿਹਾ ਸੁਨਹਿਰੀ ਪੰਨਾ ਹੈ, ਜਿਸ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ। ■

# ਮਹਾਂਕਾਵਿ ਮਾਲਾ ਕਿਉਂ ਤਲਵਾਰ ਬਣੀ: ਬਹੁਪੱਖੀ ਅਧਿਐਨ

*-ਡਾ. ਧਰਮ ਸਿੰਘ**

ਪੰਜਾਬੀਆਂ ਵੱਲੋਂ ਨਾਇਕਾਂ ਵਜੋਂ ਜਿਨ੍ਹਾਂ ਵਿਅਕਤੀਆਂ ਨੂੰ ਮਾਨਤਾ ਦਿੱਤੀ ਗਈ ਹੈ, ਉਨ੍ਹਾਂ ਨੂੰ ਮੋਟੇ ਤੌਰ 'ਤੇ ਦੋ ਵਰਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਵਰਗ ਦੇ ਨਾਇਕ ਧਰਮ ਖੇਤਰ ਦੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਨ, ਸੰਤ, ਭਗਤ ਸਾਹਿਬਾਨ ਅਤੇ ਹਿੰਦੂ ਅਵਤਾਰ ਆਦਿ ਹਨ। ਦੂਜਾ ਵਰਗ ਕਰਮ ਖੇਤਰ ਦੇ ਨਾਇਕਾਂ ਦਾ ਹੈ ਜਿਨ੍ਹਾਂ ਵਿਚ ਦੁੱਲਾ ਭੱਟੀ, ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਕਰਤਾਰ ਸਿੰਘ ਸਰਾਭਾ, ਸਰਦਾਰ ਭਗਤ ਸਿੰਘ ਅਤੇ ਸਰਦਾਰ ਊਧਮ ਸਿੰਘ ਸੁਨਾਮ ਆਦਿ ਹਨ। ਇਹ ਇਕ ਦਿਲਚਸਪ ਤੱਥ ਹੈ ਕਿ ਪੰਜਾਬੀਆਂ ਨੇ ਤਾਂ ਜੈਮਲ ਅਤੇ ਫੱਤਾ ਵਰਗੇ ਰਾਜਸਥਾਨੀ ਨਾਇਕਾਂ ਨੂੰ ਵੀ ਉਨ੍ਹਾਂ ਦੀ ਦਲੇਰੀ, ਸਤਗ, ਨਾਬਰੀ ਅਤੇ ਬਹਾਦਰੀ ਕਰਕੇ ਅਪਣਾਅ ਲਿਆ ਹੈ।

ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਬਿਰਤਾਂਤ ਬੜਾ ਵਚਿੱਤਰ ਪਰੰਤੂ ਘਟਨਾਵਾਂ ਭਰਪੂਰ ਹੈ। ਜੰਮੂ ਕਸ਼ਮੀਰ ਪ੍ਰਾਂਤ ਦੇ ਇਕ ਛੋਟੇ ਜਿਹੇ ਅਤੇ ਪੱਛੜੇ ਪਹਾੜੀ ਪਿੰਡ ਵਿਚ ਜਨਮ ਲੈ ਕੇ ਕਈ ਤਰ੍ਹਾਂ ਦੀਆਂ ਧਾਰਮਿਕ ਅਤੇ ਮਾਨਸਿਕ ਤਬਦੀਲੀਆਂ ਵਿੱਚੋਂ ਗੁਜ਼ਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਨਾ ਕੇਵਲ ਉਹ ਯੁੱਗ-ਪਲਟਾਊ ਨਾਇਕਾਂ ਦੀ ਕਤਾਰ ਵਿਚ ਜਾ ਖੜਾ ਹੋਇਆ, ਸਗੋਂ ਉਸ ਨੇ ਪੰਜਾਬ ਦੇ ਇਤਿਹਾਸ ਉੱਪਰ ਗਹਿਰਾ ਪ੍ਰਭਾਵ ਵੀ ਛੱਡਿਆ। ਅਜਿਹੇ ਸੂਰਬੀਰ ਦਾ ਪੰਜਾਬੀ ਕਵੀਆਂ ਵੱਲੋਂ ਜਸ ਗਾਇਨ ਬੜਾ ਸੁਭਾਵਿਕ ਸੀ ਅਤੇ ਜ਼ਰੂਰੀ ਵੀ। ਮੱਧਕਾਲ ਵਿਚ ਜਿਨ੍ਹਾਂ ਗ੍ਰੰਥਾਂ ਵਿਚ ਦਸਮ ਗੁਰੂ ਦਾ ਜੀਵਨ ਬਿਰਤਾਂਤ ਹੈ, ਉਨ੍ਹਾਂ ਵਿੱਚੋਂ ਬਹੁਤਿਆਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਬਿਰਤਾਂਤ ਵੀ ਹੈ, ਕਿਸੇ ਵਿਚ ਵੱਧ, ਕਿਸੇ ਵਿਚ ਘੱਟ। ਮੱਧਕਾਲੀ ਗ੍ਰੰਥਾਂ ਵਿੱਚੋਂ 'ਸ੍ਰੀ ਗੁਰੂ ਸੋਭਾ' (ਸੈਨਾਪਤਿ), 'ਗੁਰ ਬਿਲਾਸ ਪਾਤਸ਼ਾਹੀ ੧੦' (ਕੋਇਰ ਸਿੰਘ), 'ਗੁਰੂ ਬਿਲਾਸ ਪਾਤਸ਼ਾਹੀ ੧੦' (ਸੁੱਖਾ ਸਿੰਘ), 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' (ਕੇਸਰ ਸਿੰਘ ਛਿੱਬਰ), 'ਪ੍ਰਾਚੀਨ ਪੰਥ ਪ੍ਰਕਾਸ਼' (ਸ. ਰਤਨ ਸਿੰਘ ਭੰਗੂ) ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਗਿਆਨੀ ਗਿਆਨ ਸਿੰਘ) ਆਦਿ ਵਿਸ਼ੇਸ਼ ਤੌਰ 'ਤੇ ਉਲੇਖਯੋਗ ਹਨ।

ਬਾਬਾ ਬੰਦਾ ਸਿੰਘ ਬਹਾਦਰ ਬਾਰੇ ਅਭਿਨੰਦਨ ਕਾਵਿ ਆਧੁਨਿਕ ਯੁੱਗ ਵਿਚ ਵੀ ਲਿਖਿਆ ਜਾ ਰਿਹਾ ਹੈ ਅਤੇ ਵਧੇਰੇ ਲਿਖਿਆ ਜਾ ਰਿਹਾ ਹੈ, ਜਿਸ ਦੇ ਕੁਝ ਵਿਸ਼ੇਸ਼ ਕਾਰਣ ਹਨ। ਮੱਧਕਾਲ ਨਾਲੋਂ ਅੱਜ ਵੱਡਾ ਫਰਕ ਇਹ ਹੈ ਕਿ ਜਿੱਥੇ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਗੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜ ਕੇ ਕੀਤੀ ਜਾਂਦੀ ਸੀ, ਇਸ ਵੇਲੇ ਇਹ ਸੁਤੰਤਰ ਰੂਪ ਵਿਚ ਹੋਣ ਲੱਗੀ ਨਵੀਂ ਇਤਿਹਾਸਿਕ ਖੋਜ ਅਨੁਸਾਰ

**ਪ੍ਰੋਫ਼ੈਸਰ ਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੮੮੯-੩੯੮੦੮*

ਬਾਬਾ ਬੰਦਾ ਸਿੰਘ ਬਹਾਦਰ ਨਾ ਕੇਵਲ ਪਹਿਲਾ ਸਿੱਖ ਹੁਕਮਰਾਨ ਸੀ, ਸਗੋਂ ਉਸ ਵੱਲੋਂ ਕੀਤੇ ਗਏ ਲੋਕ ਭਲਾਈ ਦੇ ਫੈਸਲਿਆਂ ਅਤੇ ਨੀਤੀਆਂ ਨੇ ਉਸ ਨੂੰ ਵਧੇਰੇ ਲੋਕ-ਹਿਤੈਸ਼ੀ ਵੀ ਬਣਾ ਦਿੱਤਾ। ਜਿਵੇਂ-ਜਿਵੇਂ ਉਸ ਬਾਰੇ ਹੋਰ ਖੋਜ ਹੋ ਰਹੀ ਹੈ, ਉਸ ਦਾ ਲੋਕ-ਹਿਤੈਸ਼ੀ ਰੂਪ ਤਿਵੇਂ-ਤਿਵੇਂ ਸਾਹਮਣੇ ਆ ਰਿਹਾ ਹੈ। ਇਸੇ ਲਈ ਅਸੀਂ ਵੇਖਦੇ ਹਾਂ ਕਿ ਆਧੁਨਿਕ ਪੰਜਾਬੀ ਕਵੀਆਂ ਵਿਚ ਉਸ ਦੀਆਂ ਜਿੱਤਾਂ, ਜ਼ਾਲਮਾਂ ਨੂੰ ਦੰਡ ਦੇਣ ਦੀ ਨੀਤੀ ਅਤੇ ਖਿੜੇ ਮੱਥੇ ਕਬੂਲ ਕੀਤੀ ਗਈ ਸ਼ਹੀਦੀ ਆਦਿ ਉਨ੍ਹਾਂ ਦੇ ਮਨਭਾਉਂਦੇ ਵਿਸ਼ੇ ਬਣ ਗਏ। ਬਾਬਾ ਬੰਦਾ ਸਿੰਘ ਬਹਾਦਰ ਧਰਮ-ਰੱਖਿਅਕ ਹੋਣ ਦੇ ਨਾਲ-ਨਾਲ ਲਿਤਾੜੇ ਲੋਕਾਂ ਦੀ ਧਿਰ ਦਾ ਪ੍ਰਤੀਕ ਵੀ ਬਣ ਨਿਬੜਿਆ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵਿਕੋਲਿਤਰੀਆਂ ਕਵਿਤਾਵਾਂ ਤਾਂ ਅਣਗਿਣਤ ਹਨ ਪਰ ਪ੍ਰਸੰਗ ਸਾਕਾ ਸਰਹਿੰਦ, ਜੰਗਨਾਮਾ ਅਤੇ ਮਹਾਂਕਾਵਿ ਆਦਿ ਕਾਵਿ ਰੂਪਾਂ ਵਿਚ ਵੀ ਕਾਵਿ ਰਚਨਾ ਹੋਈ ਹੈ। ਅਸੀਂ ਇੱਥੇ ਕੇਵਲ ਮਹਾਂਕਾਵਾਂ ਦਾ ਪਰਿਚਯ ਦਿੰਦੇ ਹੋਏ ਇਕ ਮਹਾਂਕਾਵਿ ਦਾ ਹੀ ਵਿਸਤ੍ਰਿਤ ਅਧਿਐਨ ਕਰਾਂਗੇ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਹੁਣ ਤਕ ਦੀ ਖੋਜ ਮਨੁਸਾਰ ਚਾਰ ਮਹਾਂਕਾਵਿ ਮਿਲਦੇ ਹਨ ਜੋ ਕਾਲ-ਕ੍ਰਮ ਅਨੁਸਾਰ ਇਸ ਤਰ੍ਹਾਂ ਹਨ:

੧. ਜੁੱਗ ਪੁਰਖ ਬੰਦਾ ਸਿੰਘ ਬਹਾਦਰ- ਸੁਰਜੀਤ ਸਿੰਘ ਅਲਬੇਲਾ (੧੯੯੯)
੨. ਮਾਲਾ ਕਿਉਂ ਤਲਵਾਰ ਬਣੀ- ਦੀਪਕ ਜੈਤੋਈ (ਸ. ਗੁਰਚਰਨ ਸਿੰਘ) (੨੦੦੯)
੩. ਲੋਹ ਪੁਰਸ਼ ਬਾਬਾ ਬੰਦਾ ਸਿੰਘ ਬਹਾਦਰ- ਗਿ. ਕੇਵਲ ਸਿੰਘ ਨਿਰਦੋਸ਼ (੨੦੧੦)
੪. ਮਰਦ ਗੁਰੂ ਕਾ ਚੇਲਾ- ਬਲਿਹਾਰ ਸਿੰਘ (ਰੰਧਾਵਾ) (੨੦੧੨)

ਇਨ੍ਹਾਂ ਚਾਰਾਂ ਵਿੱਚੋਂ ਅਸੀਂ ਚਰਚਾ ਲਈ ਦੀਪਕ ਜੈਤੋਈ ਰਚਿਤ ਮਾਲਾ ਕਿਉਂ ਤਲਵਾਰ ਬਣੀ ਇਸ ਦੇ ਗੁਣਾਂ ਕਰਕੇ ਚੁਣਿਆ ਹੈ। ਦੀਪਕ ਜੈਤੋਈ ਨੂੰ ਵਧੇਰੇ ਕਰਕੇ ਇਕ ਗਜ਼ਲਗੋ ਵਜੋਂ ਜਾਣਿਆ ਜਾਂਦਾ ਹੈ,

'ਮਾਲਾ ਕਿਉਂ ਤਲਵਾਰ ਬਣੀ' ਨਾਂ ਦੇ ਇਸ ਮਹਾਂਕਾਵਿ ਵਿਚ ਇਸ ਦਾ ਵਿਸ਼ਾ ਬੀਜ ਰੂਪ ਵਿਚ ਛੁਪਿਆ ਹੈ। ਬੰਦਾ ਸਿੰਘ ਬਹਾਦਰ ਦਸਮ ਗੁਰੂ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਮਾਲਾਧਾਰੀ ਵੈਰਾਗੀ ਸਾਧੂ ਸੀ ਜਿਸ ਨੂੰ ਗੁਰੂ ਜੀ ਨੇ ਵੈਰਾਗ ਛੱਡ ਕੇ ਦੇਸ਼-ਵਾਸੀਆਂ ਨੂੰ ਮੁਗ਼ਲਾਂ ਦੇ ਜ਼ੁਲਮ ਤੋਂ ਮੁਕਤੀ ਦਿਵਾਉਣ ਲਈ ਸੰਘਰਸ਼ ਦੀ ਪ੍ਰੇਰਨਾ ਦੇ ਕੇ ਉਸ ਦੇ ਹੱਥ ਕਿਰਪਾਨ ਪਕੜਾ ਦਿੱਤੀ। ਇੰਜ ਮਾਲਾਧਾਰੀ ਸਾਧੂ ਖੜਗਧਾਰੀ ਸੂਰਮਾ ਬਣ ਗਿਆ। ਇਸ ਸੁਆਲ ਦਾ ਲੇਖਕ ਨੇ ਆਪ ਹੀ ਜਵਾਬ ਦਿੱਤਾ ਹੈ। ਉਹ ਲਿਖਦਾ ਹੈ, "ਮਾਲਾ ਕਿਉਂ ਤਲਵਾਰ ਬਣੀ? ਇਕ ਸਿੱਧਾ ਸੁਆਲ ਹੈ, ਜਿਸ ਦਾ ਜਵਾਬ ਇਸ ਮਹਾਂਕਾਵਿ ਵਿਚ ਦੇਣ ਦਾ ਪੂਰਾ-ਪੂਰਾ ਯਤਨ ਕੀਤਾ ਗਿਆ ਹੈ। ਇਹ ਉਸ ਮਹਾਂਪੁਰਸ਼ ਦਾ ਜੀਵਨ ਚਰਿੱਤਰ ਹੈ, ਉਸ ਮਹਾਨ ਇਨਕਲਾਬੀ ਅਤੇ ਬਲੀਦਾਨੀ ਯੋਧੇ ਦੀ ਜੀਵਨ ਕਥਾ ਹੈ, ਜਿਸ ਦੇ ਨਾਲ ਇਤਿਹਾਸ ਨੇ ਇਨਸਾਫ ਨਹੀਂ ਕੀਤਾ। ਪੰਜਾਬ ਦਾ ਨਕਸ਼ਾ ਪਲਟ ਦੇਣ ਵਾਲਾ ਇਕ ਜੇਤੂ ਜਰਨੈਲ ਜਿਸ ਨੇ ਪਹਿਲਾਂ ਸਿੱਖ ਰਾਜ ਪੰਜਾਬ ਵਿਚ ਕਾਇਮ ਕੀਤਾ ਅਤੇ ਇਕ ਵਹਿਸ਼ੀ ਸਾਮਰਾਜਵਾਦ ਨੂੰ ਕਮਰ-ਤੋੜ ਸ਼ਿਕਸਤ

ਦਿੱਤੀ, ਗੁਰੂ-ਪੁੱਤਰਾਂ ਦੇ ਕਾਤਲਾਂ ਦਾ ਮਲੀਆਮੇਟ ਕੀਤਾ ਅਤੇ ਸਭ ਤੋਂ ਇਨਕਲਾਬੀ ਕਾਰਨਾਮਾ ਇਹ ਕੀਤਾ ਕਿ ਮੁਜ਼ਾਰੇ ਜ਼ਮੀਨਾਂ ਦੇ ਮਾਲਕ ਬਣਾ ਦਿੱਤੇ। ਬਲੀਦਾਨ ਦੀ ਹੱਦ ਮੁਕਾ ਦਿੱਤੀ, ਉਸ ਮਹਾਂਪੁਰਸ਼ ਨੂੰ ਆਪਣੇ ਹੀ ਲੋਕਾਂ ਤੋਂ ਉਹ ਮਾਣ ਅਤੇ ਸਤਿਕਾਰ ਪ੍ਰਾਪਤ ਨਹੀਂ ਹੋ ਸਕਿਆ ਜਿਸ ਦਾ ਉਹ ਅਧਿਕਾਰੀ ਸੀ।" (ਆਪਣੇ ਵੱਲੋਂ) ਇਹ ਮਹਾਂਕਾਵਿ ਲਿਖਣ ਤੋਂ ਪਹਿਲਾਂ ਜੈਤੋਈ ਨੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ ਪੜ੍ਹੀਆਂ, ਉਨ੍ਹਾਂ ਬਾਰੇ ਆਪਣੀ ਰਾਇ ਕਾਇਮ ਕੀਤੀ ਅਤੇ ਖੇਤਰੀ ਖੋਜ ਕਾਰਜ ਵੀ ਕੀਤਾ। ਪਹਿਲੀਆਂ ਪੁਸਤਕਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਜੋ ਭ੍ਰਾਂਤੀਆਂ ਫੈਲਾਈਆਂ ਗਈਆਂ ਸਨ, ਜੈਤੋਈ ਨੇ ਉਹ ਸਾਰੀਆਂ ਰੱਦ ਕੀਤੀਆਂ ਹਨ ਅਤੇ ਆਪਣੇ ਵੱਲੋਂ ਭੂਮਿਕਾ ਵਿਚ ਉਨ੍ਹਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਭ੍ਰਾਂਤੀਆਂ ਬਾਰੇ ਜੈਤੋਈ ਦੀ ਤਾਂ ਸਪਸ਼ਟ ਰਾਏ ਹੈ, "ਬਾਬਾ ਜੀ ਨੇ ਦਸਮੇਸ਼ ਪਿਤਾ ਤੋਂ ਅੰਮ੍ਰਿਤ-ਪਾਨ ਕਰ ਕੇ ਸਿੱਖੀ ਜੀਵਨ ਧਾਰਨ ਕੀਤਾ, ਸਮੁੱਚੀ ਜ਼ਿੰਦਗੀ ਸੱਚੇ ਗੁਰਸਿੱਖ ਦੇ ਰੂਪ ਵਿਚ ਬਿਤਾਈ। ਸਿੱਖੀ-ਪ੍ਰਵੇਸ਼ ਤੋਂ ਲੈ ਕੇ ਸ਼ਹੀਦੀ ਪ੍ਰਾਪਤ ਕਰਨ ਤਕ ਗੁਰ-ਮਰਯਾਦਾ ਦਾ ਪਾਲਣ ਸੱਚੇ ਦਿਲੋਂ ਕੀਤਾ ਉਨ੍ਹਾਂ ਸੰਬੰਧੀ ਜੋ ਭੁਲੇਖੇ ਇਤਿਹਾਸਕਾਰਾਂ ਨੇ ਪਾਏ ਹਨ ਉਹ ਨਿਰਮੂਲ ਹਨ।" (ਆਪਣੇ ਵੱਲੋਂ) ਤੱਥਿਕ ਜਾਣਕਾਰੀ ਇਕੱਤਰ ਕਰਨ ਲਈ ਉਹ ਨਾਂਦੇੜ ਵੀ ਗਿਆ ਅਤੇ ਰਾਜੌਰੀ ਵਿਚ ਵੀ। ਇਸੇ ਲਈ ਉਸ ਨੂੰ ਮੌਕੇ ਦੀ ਗਵਾਹੀ ਵਧੇਰੇ ਪ੍ਰਮਾਣਿਕ ਲੱਗਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਨਮ ਸਥਾਨ ਬਾਰੇ ਡਾ. ਗੰਡਾ ਸਿੰਘ ਸਮੇਤ ਕੁਝ ਹੋਰ ਇਤਿਹਾਸਕਾਰਾਂ ਦੇ ਰਾਜੌਰੀ ਵਾਲੇ ਮਤ ਨੂੰ ਸਵੀਕਾਰ ਕਰਦਾ ਹੋਇਆ ਉਹ ਬਾਬਾ ਜੀ ਦੇ ਖਾਨਦਾਨ ਦੇ ਇਕ ਵੰਸ਼ਜ (ਜੋਗਿੰਦਰ ਕੌਰ) ਦੇ ਹਵਾਲੇ ਨਾਲ ਰਾਜੌਰੀ ਲਾਗੇ ਪਿੰਡ "ਜੋਰੇ ਦਾ ਗੜ੍ਹ" ਦੱਸਦਾ ਹੈ ਅਤੇ ਨਹੀਂ ਵੀ ਕਹਿੰਦਾ ਹੈ ਕਿਉਂਕਿ ਦੋ ਗੱਲਾਂ ਸੀਨਾ-ਬ-ਸੀਨਾ ਪਰਵਾਰ ਵਿਚ ਤੁਰੀਆਂ ਆਉਂਦੀਆਂ ਹਨ, ਉਸ ਤੋਂ ਵਧੇਰੇ ਪ੍ਰਮਾਣਿਕ ਹੋਰ ਕੋਈ ਗੱਲ ਨਹੀਂ ਹੁੰਦੀ। ਮਾਲਾ ਕਿਉਂ ਤਲਵਾਰ ਬਣੀ? ਵਿਚ ਭੂਮਿਕਾ ਨੂੰ ਛੱਡ ਕੇ ਇਸ ਦੇ ਲੋੜ ਅਨੁਸਾਰ ਹੇਠ ਲਿਖੇ ਕਾਂਡ ਜਾਂ ਸਰਗ ਬਣਾਏ ਗਏ ਹਨ:

੧. ਅਵਤਾਰ ਕਾਂਡ, ੨. ਉਪਰਾਮਤਾ, ੩. ਵੈਰਾਗ ਕਾਂਡ, ੪. ਪਰਿਵਰਤਨ ਕਾਂਡ, ੫. ਵਿਜੇ ਕਾਂਡ, ੬. ਵਾਰ (ਸਿਰਖੰਡੀ) ੭. ਸੰਘਰਸ਼ ਕਾਂਡ, ੮. ਸਾਧਾਰਣ ਕਾਂਡ, ੯. ਅਵ੍ਹਨਤੀ ਕਾਂਡ, ੧੦. ਬਲੀਦਾਨ ਕਾਂਡ

ਬਾਲਕ ਦਾ ਨਾਂ ਲਛਮਣ ਦੇਵ ਰੱਖਿਆ ਗਿਆ। ਜ਼ਰਾ ਵੱਡਾ ਹੋਇਆ ਤਾਂ ਸ਼ਿਕਾਰ ਖੇਡਣ ਲੱਗਾ। ਉਪਰਾਮਤਾ ਕਾਂਡ ਵਿਚ ਲਛਮਣ ਦੇਵ ਦੇ ਹੱਥੋਂ ਗਰਭਵਤੀ ਹਿਰਨੀ ਮਰਨ ਤੇ ਅਣਜੰਮੇ ਬੱਚਿਆਂ ਦੇ ਤੜਪ-ਤੜਪ ਕੇ ਮਰਨ ਨੇ ਬਾਲਕ ਮਨ ਉੱਤੇ ਗਹਿਰਾ ਪ੍ਰਭਾਵ ਪਾਇਆ। ਹਥਿਆਰ ਜੰਗਲ ਵਿਚ ਹੀ ਛੱਡ ਕੇ ਮਨ ਉੱਪਰ ਬੋਝ ਦੀ ਪੰਡ ਧਰ ਕੇ ਲਛਮਣ ਦੇਵ ਘਰ ਮੁੜਿਆ। ਅਧਿਆਤਮਕਤਾ ਅਤੇ ਸੰਸਾਰਿਕਤਾ, ਪਾਪ ਅਤੇ ਪੁੰਨ, ਸੰਤੋਖ ਅਤੇ ਭਟਕਣਾ ਦੀ ਕਸ਼ਮਕਸ਼ ਨੇ ਲਛਮਣ ਦੇਵ ਨੂੰ ਬੇਚੈਨ ਕਰ ਦਿੱਤਾ। ਮਾਤਾ-ਪਿਤਾ ਦੀ ਨਸੀਹਤ ਵੀ ਕੰਮ ਨਾ ਆਈ। ਬਾਲਕ ਲਛਮਣ ਦੇਵ ਸਾਧੂ ਜਾਨਕੀ ਪ੍ਰਸਾਦ

ਨੂੰ ਮਿਲਿਆ ਜਿਸ ਨੇ ਬੀਤੇ ਨੂੰ ਭੁੱਲ ਕੇ ਜ਼ਿੰਦਗੀ ਨੂੰ ਨਵੇਂ ਸਿਰਿਓਂ ਜੀਉਣ ਦੀ ਪ੍ਰੇਰਨਾ ਦਿੱਤੀ। ਉਸ ਦੇ ਸਾਧਗੀਰੀ ਦੀਆਂ ਮੁਸ਼ਕਿਲਾਂ ਦੱਸੀਆਂ ਅਤੇ ਵੈਰਾਗ ਧਾਰਨ ਤੋਂ ਵਰਜਿਆ। ਬਾਲ ਹੱਠ ਵੇਖ ਕੇ ਜਾਨਕੀ ਪ੍ਰਸਾਦ ਨੇ ਆਪਣਾ ਚੇਲਾ ਬਣਾ ਲਿਆ ਤੇ ਉਸ ਨੂੰ ਨਵਾਂ ਨਾਂ ਮਾਧੋ ਦਾਸ ਦਿੱਤਾ। ਦੋਵੇਂ ਗੁਰੂ ਚੇਲਾ ਉੱਥੋਂ ਚੱਲ ਕੇ ਪਹਿਲਾਂ ਕਸੂਰ ਅਤੇ ਫਿਰ ਵੈਰਾਗੀਆਂ ਦੇ ਡੇਰੇ ਰਾਮਥੰਮਣ ਜਾ ਪੁੱਜੇ, ਜਿੱਥੇ ਵੈਸਾਖੀ ਦੇ ਮੇਲੇ ਵਿਚ ਸਾਧੂਆਂ ਦਾ ਭਾਰੀ ਇਕੱਠ ਜੁੜਿਆ ਹੋਇਆ ਸੀ। ਇਸੇ ਮੇਲੇ ਵਿਚ ਹੀ ਮਾਧੋਦਾਸ ਦੀ ਭੇਟ ਇਕ ਹੋਰ ਰਾਮਦਾਸ ਸਾਧੂ ਨਾਲ ਹੋਈ ਜੋ ਚੇਲਿਆਂ ਸਮੇਤ ਤੀਰਥ-ਰਟਨ ਉੱਪਰ ਨਿਕਲਿਆ ਹੋਇਆ ਸੀ। ਮਾਧੋ ਦਾਸ ਵੀ ਉਸ ਸਾਧੂ ਮੰਡਲੀ ਵਿਚ ਜਾ ਰਲਿਆ ਅਤੇ ਤੀਰਥ ਯਾਤਰਾ ਕਰਦੇ ਹੋਏ ਉਹ ਨਾਸਿਕ ਪਹੁੰਚ ਗਏ। ਨਾਸਿਕ ਰਹਿੰਦਿਆਂ ਹੀ ਉਸ ਦਾ ਮੇਲ ਔਘੜ ਨਾਥ ਜੋਗੀ ਨਾਲ ਹੋਇਆ, ਜਿਸ ਨੇ ਆਪਣੀਆਂ ਰਿੱਧੀਆਂ-ਸਿੱਧੀਆਂ ਦੀ ਸ਼ਕਤੀ ਨਾਲ ਉਸ ਦੇ ਭੂਤਕਾਲ ਬਾਰੇ ਸਭ ਕੁਝ ਦੱਸ ਦਿੱਤਾ। ਮਾਧੋਦਾਸ ਇਸ ਘਟਨਾ ਤੋਂ ਬਹੁਤ ਪ੍ਰਭਾਵਿਤ ਹੋਇਆ। ਔਘੜ ਨਾਥ ਨੇ ਉਸ ਨੂੰ ਆਪਣਾ ਚੇਲਾ ਥਾਪ ਲਿਆ ਅਤੇ ਰਿੱਧੀਆਂ ਹਾਸਲ ਕਰਨ ਦੇ ਗੁਰ ਦੱਸੇ। ਜੋਗੀ ਨੇ ਬੰਦਾ ਸਿੰਘ ਨੂੰ ਭਾਵੇਂ ਆਪਣੇ ਮਰਨ ਉਪਰੰਤ, ਡੇਰੇ ਦੀ ਡੇਰੇਦਾਰੀ ਦੀ ਪੇਸ਼ਕਸ਼ ਵੀ ਕੀਤੀ ਪਰ ਉਸ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ। ਔਘੜ ਨਾਥ ਦੇ ਮਰਨ ਉਪਰੰਤ ਮਾਧੋ ਦਾਸ ਦੱਖਣ ਨੂੰ ਤੁਰ ਗਿਆ ਅਤੇ ਆਖਰ ਗੋਦਾਵਰੀ ਨਦੀ ਦੇ ਕੰਢੇ ਇਕ ਰਮਣੀਕ ਥਾਂ ਵੇਖ ਕੇ ਕੁਟੀਆ ਬਣਾ ਕੇ ਰਹਿਣ ਲੱਗ ਪਿਆ। ਮਾਧੋ ਦਾਸ ਦੀਆਂ ਅਧਿਆਤਮਕ ਸ਼ਕਤੀਆਂ ਦੀ ਮਹਿਮਾ ਚਾਰੇ ਪਾਸੇ ਹੋਣ ਲੱਗੀ ਅਤੇ ਗਰਜਮੰਦਾਂ ਦੀਆਂ ਭੀੜਾਂ ਜੁੜਨ ਲੱਗੀਆਂ। ਕਈ ਵਾਰ ਇਹ ਵੀ ਹੁੰਦਾ ਕਿ ਦੂਜੇ ਸਾਧੂ ਉਸ ਦੇ ਡੇਰੇ ਆਉਂਦੇ, ਉਸ ਦੀ ਪ੍ਰਾਹੁਣਾਚਾਰੀ ਮਾਣਦੇ ਅਤੇ ਬਾਹਰ ਜਾ ਕੇ ਨਿੰਦਿਆ ਵੀ ਕਰਦੇ। ਮਾਧੋ ਦਾਸ ਨੇ ਹੋਛੇ ਸਾਧੂਆਂ ਨੂੰ ਸਬਕ ਸਿਖਾਉਣ ਦੀ ਯੋਜਨਾ ਘੜੀ ਉਸ ਨੇ ਇਕ ਸੁੰਦਰ ਪਲੰਘ ਡਾਹ ਕੇ ਉਸ ਉੱਪਰ ਖੂਬਸੂਰਤ ਵਿਛੋਣਾ ਵਿਛਾ ਦਿੱਤਾ ਅਤੇ ਉਸ ਦੀ ਰਾਖੀ ਲਈ ਬੀਰ ਬਿਠਾਲ ਦਿੱਤੇ। ਉਸ ਦਾ ਖਿਆਲ ਸੀ ਕਿ ਉਸ ਦੇ ਪਲੰਘ ਉੱਪਰ ਕੋਈ ਸਿੱਧੀ ਸੰਪੰਨ ਸਾਧੂ ਹੀ ਬੈਠ ਸਕੇਗਾ। ਇਸ ਸਾਹਲੇ ਉਸ ਦਾ ਪਖੰਡੀ ਸਾਧਾਂ ਤੋਂ ਛੁਟਕਾਰਾ ਹੋ ਜਾਵੇਗਾ ਅਤੇ ਨਾਲ ਹੀ ਕਿਸੇ ਪੁੱਜੇ ਸਾਧੂ ਦੇ ਦਰਸ਼ਨ ਵੀ ਹੋ ਜਾਣਗੇ। ਇਸ ਤਰਕੀਬ ਨੇ ਉਸ ਦੇ ਨਿੰਦਕਾਂ ਨੂੰ ਚੁੱਪ ਕਰਾ ਦਿੱਤਾ। ਪਰ ਕਿਸੇ ਸਮਰੱਥ ਸਾਧੂ ਨੂੰ ਮਿਲਣ ਦੀ ਤ੍ਰਿਸ਼ਨਾ ਬਰਕਰਾਰ ਹੀ ਰਹੀ।

ਪਰਿਵਰਤਨ ਕਾਂਡ ਇਸ ਪੱਖੋਂ ਮਹੱਤਵਪੂਰਨ ਹੈ ਕਿ ਇਸ ਵਿਚ ਬਿਰਤਾਂਤ ਤੋਂ ਇਲਾਵਾ ਕਵੀ ਨੇ ਗੁਰੂ ਸਾਹਿਬ ਦੇ ਆਦਰਸ਼ਾਂ ਅਤੇ ਬਾਬਾ ਬੰਦਾ ਸਿੰਘ ਦੀ ਸੋਚ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ:

*ਏਸੇ ਤਰ੍ਹਾਂ ਮਾਧੋ ਆਪਣੇ ਰਾਹ ਉੱਤੇ,*
*ਲਗਾਤਾਰ ਤੁਰਦੇ ਜਾ ਰਹੇ ਸਨ।*
*ਮਾਧੋ ਆਪਣੀ ਖੇਡ ਰਚਾ ਰਿਹਾ ਸੀ,*

*ਸਤਿਗੁਰ ਆਪਣੇ ਕੌਤਕ ਵਿਖਾ ਰਹੇ ਸਨ।*

ਇਸੇ ਕਾਂਡ ਵਿਚ ਔਰੰਗਜ਼ੇਬ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਖ਼ਤ ਮਿਲਿਆ, ਜਿਸ ਵਿਚ ਗੁਰੂ ਸਾਹਿਬ ਨੂੰ ਮਿਲ ਕੇ ਬੀਤੇ ਵਿਚ ਹੋਈਆਂ ਵਧੀਕੀਆਂ ਬਾਰੇ ਚਰਚਾ ਕਰਨਾ ਸੀ। ਔਰੰਗਜ਼ੇਬ ਦੀ ਚਿੱਠੀ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਜ਼ਫ਼ਰਨਾਮਾ ਲਿਖ ਕੇ ਭਾਈ ਦਇਆ ਸਿੰਘ ਦੇ ਹੱਥ ਦੱਖਣ ਵੱਲ ਭੇਜਿਆ। ਔਰੰਗਜ਼ੇਬ ਦੇ ਮਰਨ ਦੀ ਖ਼ਬਰ ਸੁਣ ਕੇ ਗੁਰੂ ਸਾਹਿਬ ਨੇ ਦਿੱਲੀ ਜਾਣਾ ਮੁਨਾਸਿਬ ਸਮਝਿਆ ਕਿਉਂਕਿ ਬਾਦਸ਼ਾਹਤ ਨੂੰ ਲੈ ਕੇ ਔਰੰਗਜ਼ੇਬ ਦੇ ਪੁੱਤਰਾਂ ਦਰਮਿਆਨ ਜੰਗ ਛਿੜ ਚੁੱਕੀ ਸੀ। ਰਸਤੇ ਵਿਚ ਸ਼ਹਿਜ਼ਾਦਾ ਮੁਅੱਜਮ ਦਾ ਗੁਰੂ ਸਾਹਿਬ ਨਾਲ ਮੇਲ ਹੋਇਆ ਅਤੇ ਉਸ ਨੇ ਆਪਣੀ ਹੱਕ ਤਲਫੀ ਦਾ ਵਾਸਤਾ ਦੇ ਕੇ ਮਦਦ ਲਈ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨਾਲ ਤਿੰਨ ਸੌ ਯੋਧੇ ਹੋਰ ਦਿੱਤੇ। ਉਸ ਦੀ ਜਿੱਤ ਹੋਈ ਅਤੇ ਉਹ ਬਾਦਸ਼ਾਹ ਬਣ ਗਿਆ। ਬਾਦਸ਼ਾਹ ਅਤੇ ਗੁਰੂ ਸਾਹਿਬ ਦਰਮਿਆਨ ਸੁਲ੍ਹਾ-ਵਾਰਤਾ ਦਾ ਮਾਹੌਲ ਤਿਆਰ ਹੋ ਰਿਹਾ ਸੀ ਕਿ ਬਾਦਸ਼ਾਹ ਨੂੰ ਰਾਜਪੁਤਾਨੇ ਦੀ ਬਗਾਵਤ ਦਬਾਉਣ ਲਈ ਕੂਚ ਕਰਨਾ ਪਿਆ। ਗੁਰੂ ਸਾਹਿਬ ਉਸ ਨਾਲ ਜਾਣ ਲਈ ਤਿਆਰ ਹੋ ਗਏ। ਰਾਜਸਥਾਨ ਦੀ ਮੁਹਿੰਮ ਤੋਂ ਵਿਹਲੇ ਹੋਣ 'ਤੇ ਮੁਅੱਜ਼ਮ ਨੂੰ ਦੱਖਣ ਵਿਚ ਕਾਮਬਖ਼ਸ਼ ਦੀ ਬਗਾਵਤ ਦੀ ਖ਼ਬਰ ਮਿਲੀ। ਉੱਥੋਂ ਗੁਰੂ ਸਾਹਿਬ ਅਤੇ ਬਾਦਸ਼ਾਹ ਦੱਖਣ ਵਲ ਤੁਰ ਪਏ। ਜਦ ਗੁਰੂ ਸਾਹਿਬ ਚਲਦੇ-ਚਲਦੇ ਨਰਾਇਣੇ ਪਿੰਡ ਪਹੁੰਚੇ ਤਾਂ ਉਨ੍ਹਾਂ ਦਾ ਮੇਲ ਇਕ ਦਾਦੂ ਪੰਥੀ ਸੰਤ ਜੈਤ ਰਾਮ ਨਾਲ ਹੋਇਆ। ਜੈਤ ਰਾਮ ਕੋਲੋਂ ਗੁਰੂ ਜੀ ਨੂੰ ਨਾਂਦੇੜ ਵਿਚ ਰਹਿੰਦੇ ਮਾਧੋ ਦਾਸ ਬੈਰਾਗੀ ਦਾ ਪਤਾ ਲੱਗਾ। ਜੈਤ ਰਾਮ ਨੇ ਗੁਰੂ ਸਾਹਿਬ ਨੂੰ ਇਹ ਵੀ ਦੱਸਿਆ ਕਿ ਰਿਧੀਆਂ-ਸਿਧੀਆਂ ਦਾ ਮਾਲਕ ਹੋਣ ਦੇ ਬਾਵਜੂਦ ਉਹ ਪੁੱਠੇ ਗੇੜ ਵਿਚ ਪਿਆ ਹੈ ਅਤੇ ਜੇ ਉਨ੍ਹਾਂ ਦਾ ਉੱਧਰ ਜਾਣਾ ਹੋਵੇ ਤਾਂ ਉਹ ਮਾਧੋ ਦਾਸ ਦੇ ਡੇਰੇ ਨਾ ਜਾਣ। ਗੁਰੂ ਸਾਹਿਬ ਮਾਧੋ ਦਾਸ ਦੇ ਡੇਰੇ ਪਹੁੰਚੇ ਤਾਂ ਉਹ ਉੱਥੇ ਨਹੀਂ ਸੀ। ਗੁਰੂ ਸਾਹਿਬ ਆਪ ਪਲੰਘ 'ਤੇ ਜਾ ਬੈਠੇ। ਚੇਲਿਆਂ ਨੇ ਇਹ ਸਾਰੀ ਖ਼ਬਰ ਮਾਧੋ ਦਾਸ ਤਕ ਪਹੁੰਚਾ ਦਿੱਤੀ। ਗੁੱਸੇ ਨਾਲ ਲਾਲ-ਪੀਲਾ ਮਾਧੋ ਦਾਸ ਡੇਰੇ ਆਇਆ ਅਤੇ ਆਉਂਦਿਆਂ ਹੀ ਗੁਰੂ ਜੀ ਉੱਪਰ ਸੁਆਲਾਂ ਦੀ ਬਾਰਿਸ਼ ਸ਼ੁਰੂ ਕਰ ਦਿੱਤੀ। ਦੀਪਕ ਜੈਤੋਈ ਨੇ ਗੁਰੂ ਸਾਹਿਬ ਅਤੇ ਬਾਬਾ ਬੰਦਾ ਸਿੰਘ ਦਰਮਿਆਨ ਜੋ ਵਾਰਤਾਲਾਪ ਸਿਰਜੀ ਹੈ, ਉਹ ਨਿਸ਼ਚੇ ਹੀ ਪਾਠਕ ਦੇ ਕਪਾਟ ਖੋਲ੍ਹਣ ਵਾਲੀ ਹੈ। ਗੁਰੂ ਸਾਹਿਬ ਨੇ ਪੰਜਾਬ ਵਿਚ ਮੁਗ਼ਲਾਂ ਵੱਲੋਂ ਜੋ ਅੱਤਿਆਚਾਰ ਕੀਤੇ ਗਏ ਸਨ, ਸਭ ਦਾ ਵੇਰਵਾ ਉਸ ਨੂੰ ਸੁਣਾਇਆ। ਜ਼ੁਲਮਾਂ ਦੀ ਕਹਾਣੀ ਸੁਣ ਕੇ ਬਾਬਾ ਬੰਦਾ ਸਿੰਘ ਵਿਚਲਾ ਸੂਰਬੀਰ ਜਾਗ ਪਿਆ ਅਤੇ ਉਸ ਨੇ ਵਾਅਦਾ ਕੀਤਾ ਕਿ ਉਹ ਪਾਪੀਆਂ ਨੂੰ ਦੰਡ ਦੇ ਕੇ ਹੀ ਸਾਹ ਲਵੇਗਾ। ਪੰਜਾਂ ਪਿਆਰਿਆਂ ਨੂੰ ਕਹਿ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਵਾਇਆ ਗਿਆ ਅਤੇ ਮਾਧੋ ਦਾਸ ਨੂੰ ਸਿੱਖੀ ਵਿਚ ਲਿਆ ਕੇ ਨਵਾਂ ਨਾਂ ਦਿੱਤਾ ਗਿਆ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਨੂੰ ਝੰਡਾ, ਖੰਡਾ, ਨਗਾਰਾ, ਨਿੱਜੀ ਭੱਥੇ ਵਿੱਚੋਂ ਪੰਜ ਤੀਰ ਬਖਸ਼ ਕੇ ਭਾਈ ਕਾਹਨ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਬਾਜ ਸਿੰਘ, ਭਾਈ ਦਇਆ ਸਿੰਘ

ਅਤੇ ਭਾਈ ਰਣ ਸਿੰਘ ਨਾਲ ਪੰਜਾਬ ਵੱਲ ਰਵਾਨਾ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਲਈ ਮੁਖੀ ਸਿੱਖਾਂ ਦੇ ਨਾਂ ਹੁਕਮਨਾਮੇ ਵੀ ਲਿਖ ਦਿੱਤੇ। ਵਿਜੇ ਕਾਂਡ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਵੱਲ ਆਉਣ ਅਤੇ ਜਿੱਤਾਂ ਦਰਜ ਕਰਨ ਦਾ ਬਿਰਤਾਂਤ ਹੈ। ਰਸਤੇ ਵਿਚ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਉੱਤੇ ਵਰਤਦੇ ਰਹੇ ਕਹਿਰ ਦੀਆਂ ਕਹਾਣੀਆਂ ਵੀ ਸੁਣਾਉਂਦੇ ਰਹੇ। ਦਿੱਲੀ ਦੀ ਹੱਦ ਉੱਪਰ ਪਹੁੰਚਣ ਦੀਆਂ ਖ਼ਬਰਾਂ ਸਿੱਖ ਸੰਗਤਾਂ ਨੂੰ ਪਹੁੰਚਣ ਲੱਗੀਆਂ। ਪਹਿਲਾ ਪੜਾਅ ਖਰਖੌਡ ਦੇ ਪਰਗਣੇ ਸਿਹਰੀ ਖੰਡਾ ਨਾਂ ਦੇ ਪਿੰਡਾਂ ਵਿਚ ਕੀਤਾ ਅਤੇ ਗੁਰੂ ਸਾਹਿਬ ਦੇ ਬਖ਼ਸ਼ੇ ਹੋਏ ਹੁਕਮਨਾਮੇ ਥਾਉਂ-ਥਾਈਂ ਭੇਜਣੇ ਸ਼ੁਰੂ ਕਰ ਦਿੱਤੇ। ਪਹਿਲੀ ਝੜਪ ਸੋਨੀਪਤ ਦੇ ਫੌਜਦਾਰ ਨਾਲ ਹੋਈ। ਇੱਥੋਂ ਅੱਗੇ ਕੈਥਲ ਅਤੇ ਸਮਾਣੇ ਨੂੰ ਮਾਰਿਆ। ਸਮਾਣੇ ਦੇ ਜੱਲਾਦਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ। ਇਸ ਲਈ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਦੀ ਉਨ੍ਹਾਂ ਨੂੰ ਦਿੱਤੀ ਗਈ। ਸਢੌਰੇ ਦੇ ਹਾਕਮ ਦਾ ਗਰੂਰ ਤੋੜਿਆ, ਜਿਸ ਨੇ ਪੀਰ ਬੁੱਧੂ ਸ਼ਾਹ ਨੂੰ ਕੋਹ ਕੋਹ ਕੇ ਮਾਰਿਆ ਸੀ। ਸਢੌਰਾ ਫਤਿਹ ਹੋ ਗਿਆ। ਉਧਰ ਮਾਝੇ ਤੇ ਦੁਆਬੇ ਦੇ ਸਿੰਘ ਜੋ ਸਤਲੁਜ ਦੇ ਪੱਤਣਾਂ ਤੇ ਹਕੂਮਤੀ ਸਖਤੀ ਕਾਰਨ ਉੱਥੇ ਰੁਕੇ ਹੋਏ ਸਨ, ਇੱਥੇ ਬਾਬਾ ਬੰਦਾ ਸਿੰਘ ਦੀ ਫੌਜ ਨਾਲ ਆਣ ਮਿਲੇ।

ਜਦ ਕਾਫੀ ਫੌਜ ਜਮ੍ਹਾਂ ਹੋ ਗਈ ਤਾਂ ਸਰਹੰਦ ਉੱਤੇ ਚੜਾਈ ਦੀ ਯੋਜਨਾ ਬਣਾਈ ਗਈ। ਆਖਿਰ ਚਪੜ ਚਿੜੀ ਦੇ ਮੈਦਾਨ ਵਿਚ ਫੈਸਲਾਕੁਨ ਯੁੱਧ ਹੋਇਆ। ਵਜ਼ੀਰ ਖਾਂ ਮਾਰਿਆ ਗਿਆ ਤੇ ਸਰਹਿੰਦ ਫਤਿਹ ਹੋ ਗਿਆ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਬਣਾ ਕੇ ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾ ਦਿੱਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਸਿਸਟਮ ਖਤਮ ਕਰ ਕੇ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ। ਅੱਜ ਦੇ ਉੱਤਰ ਪ੍ਰਦੇਸ਼ ਦੇ ਇਲਾਕੇ ਸਹਾਰਨਪੁਰ ਨਨੌਤਾ ਆਦਿ ਫਤਿਹ ਕਰਨ ਉਪਰੰਤ ਮੁੜ ਪੰਜਾਬ ਵੱਲ ਰੁਖ ਕੀਤਾ ਅਤੇ ਸੂਬਾ ਲਾਹੌਰ ਨੂੰ ਛੱਡ ਕੇ ਸਾਰਾ ਮਾਝਾ ਫਤਿਹ ਕਰ ਲਿਆ। ਇੰਵ ਬਾਬਾ ਬੰਦਾ ਸਿੰਘ ਦੀ ਹਨ੍ਹੇਰੀ ਅੱਗੇ ਸਭ ਕੱਖਾਂ ਕਾਨਿਆਂ ਵਾਂਗ ਉੱਡਣ ਲੱਗੇ। ਦਿੱਲੀ ਉੱਪਰ ਹਮਲੇ ਦੀ ਵਿਉਂਤ ਬਣਾਈ ਜਾ ਰਹੀ ਸੀ ਕਿ ਉਸ ਦੀ ਭਿਣਕ ਬਹਾਦਰ ਸ਼ਾਹ ਨੂੰ ਲੱਗ ਗਈ ਜੋ ਉਸ ਵੇਲੇ ਦਿੱਲੀ ਤੋਂ ਬਾਹਰ ਸੀ। ਉਸ ਨੇ ਦਿੱਲੀ ਵਾਪਸ ਆ ਕੇ ਸਭ ਸਰਦਾਰਾਂ ਨੂੰ ਫੌਜਾਂ ਸਮੇਤ ਇਕੱਠੇ ਹੋਣ ਦਾ ਹੁਕਮ ਦਿੱਤਾ। ਮੇਵਾਤੀ ਖਾਨ ਨੂੰ ਸੈਨਾਪਤੀ ਬਣਾ ਕੇ ਸਰਹਿੰਦ ਅਤੇ ਬਾਬਾ ਬੰਦਾ ਸਿੰਘ ਦੇ ਜਿੱਤੇ ਇਲਾਕੇ ਵਾਪਸ ਲੈਣ ਦੀ ਮੁਹਿੰਮ ਅਰੰਭ ਕਰ ਦਿੱਤੀ ਗਈ। ਸੰਘਰਸ਼ ਕਾਂਡ ਵਿਚ ਬਾਦਸ਼ਾਹੀ ਫੌਜਾਂ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਭਾਵ ਲੋਹਗੜ੍ਹ ਕਿਲ੍ਹੇ ਉੱਪਰ ਹਮਲੇ ਦਾ ਬਿਰਤਾਂਤ ਹੈ। ਕਿਲ੍ਹੇ ਵਿੱਚੋਂ ਬਾਬਾ ਬੰਦਾ ਸਿੰਘ ਆਪਣੀ ਹਿੰਮਤ ਅਤੇ ਚਲਾਕੀ ਨਾਲ ਬਚ ਨਿਕਲਿਆ ਜਿਸ ਉੱਪਰ ਬਾਦਸ਼ਾਹ ਬਹੁਤ ਛਿੱਥਾ ਪਿਆ। ਸਰਦਾਰਾਂ ਨੂੰ ਚੰਗਾ-ਮੰਦਾ ਬੋਲਣ ਤੋਂ ਇਲਾਵਾ ਨਾਹਨ ਰਿਆਸਤ ਦੇ ਰਾਜੇ ਨੂੰ ਹੁਕਮ ਕੀਤਾ ਕਿ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਫੜਨ ਵਿਚ ਮਦਦ ਕਰੇ ਕਿਉਂਕਿ ਉਹ ਉਸ ਦੀ

ਰਿਆਸਤ ਵਿੱਚੋਂ ਫਰਾਰ ਹੋਇਆ ਸੀ। ਲੱਖ ਯਤਨ ਕਰਨ ਦੇ ਬਾਵਜੂਦ ਬਾਬਾ ਬੰਦਾ ਸਿੰਘ ਹਕੂਮਤੀ ਗ੍ਰਿਫਤ ਵਿਚ ਨਾ ਆਇਆ। ਬਾਦਸ਼ਾਹ ਨਿਰਾਸ਼ ਹੋ ਕੇ ਵਾਪਸ ਚਲਿਆ ਗਿਆ ਅਤੇ ਸਿੰਘ ਫਿਰ ਕੀਰਤਪੁਰ ਵਿਖੇ ਇਕੱਠੇ ਹੋ ਗਏ। ਇੱਥੇ ਹੀ ਗੁਰਮਤਾ ਕੀਤਾ ਕਿ ਬਾਈਧਾਰ ਦੇ ਰਾਜਿਆਂ ਨੇ ਦਸਮੇਸ਼ ਪਿਤਾ ਨਾਲ ਧਰੋਹ ਕਮਾਇਆ ਸੀ, ਇਸ ਲਈ ਇਨ੍ਹਾਂ ਨੂੰ ਈਨ ਮਨਾਈ ਜਾਵੇ। ਕੁਝ ਰਾਜੇ ਤਾਂ ਲੜਨ ਤੋਂ ਪਹਿਲਾਂ ਹੀ ਹਾਰ ਮੰਨ ਗਏ ਪਰ ਭੀਮ ਚੰਦ ਅੜ ਗਿਆ। ਲੜਾਈ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਫਤਿਹ ਹੋਈ। ਮੰਡੀ ਦੇ ਰਾਜੇ ਸਿਧਸੈਨ ਨੇ ਜਦ ਬਾਬਾ ਬੰਦਾ ਸਿੰਘ ਬਹਾਦਰ ਦੇ ਕਾਰਨਾਮਿਆਂ ਦੀ ਖ਼ਬਰ ਸੁਣੀ ਤਾਂ ਉਹ ਆਪ ਬਾਬਾ ਬੰਦਾ ਸਿੰਘ ਬਹਾਦਰ ਕੋਲ ਆਇਆ ਅਤੇ ਮੰਡੀ ਚੱਲਣ ਦੀ ਦਾਅਵਤ ਦਿੱਤੀ। ਕੁਝ ਚਿਰ ਮੰਡੀ ਰੁਕਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਕੁਲੂ ਵੱਲ ਚਲਾ ਗਿਆ ਜਿੱਥੋਂ ਦੇ ਰਾਜੇ ਮਲ ਸਿੰਘ ਨੇ ਉਸ ਨੂੰ ਧੋਖੇ ਨਾਲ ਕੈਦ ਕਰ ਲਿਆ। ਇੱਥੇ ਵੀ ਬੰਦਾ ਬਚ ਨਿਕਲਿਆ। ਉੱਥੋਂ ਅੱਗੇ ਚੰਬੇ ਦਾ ਰੁਖ਼ ਕੀਤਾ ਜਿੱਥੋਂ ਦੇ ਰਾਜੇ ਊਦੈ ਸਿੰਘ ਨੇ ਉਸ ਦਾ ਬੜਾ ਆਦਰ ਮਾਣ ਕੀਤਾ ਇਕ ਦਿਨ ਉਦੈ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਸ ਦੀ ਧੀ ਦਾ ਰਿਸ਼ਤਾ ਕਬੂਲ ਕਰਨ ਦੀ ਬੇਨਤੀ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦਾ ਵਿਆਹ ਚੰਬਾ ਵਰੇਸ਼ ਉਦੈ ਸਿੰਘ ਦੀ ਧੀ ਨਾਲ ਹੋ ਗਿਆ ਜਿਸ ਦੀ ਕੁੱਖੋਂ ਅਜੇ ਸਿੰਘ ਪੈਦਾ ਹੋਇਆ। ਪਤਨੀ ਅਤੇ ਬੱਚੇ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਫਿਰ ਪੰਜਾਬ ਪਰਤ ਆਇਆ। ਆਉਂਦਿਆਂ ਹੀ ਉਸ ਨੇ ਰਾਏਪੁਰ ਅਤੇ ਬਹਿਰਾਮ ਪਿੰਡਾਂ ਨੂੰ ਫਤਿਹ ਕਰ ਕੇ ਗੁਰਦਾਸਪੁਰ ਲਾਗੇ ਆ ਕਿਆਮ ਕੀਤਾ। ਇਹ ਖ਼ਬਰ ਜਦ ਜੰਮੂ ਨਰੇਸ਼ ਕੋਲ ਪਹੁੰਚੀ ਤਾਂ ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਿਲਾਫ਼ ਚੜ੍ਹਾਈ ਕਰ ਦਿੱਤੀ। ਜੰਮੂ ਨਰੇਸ਼ ਦੀ ਹਾਰ ਹੋਈ ਅਤੇ ਇਸ ਲੜਾਈ ਵਿਚ ਸ਼ਮਸ ਖਾਂ ਦਾ ਭਤੀਜਾ ਬਾਜ਼ੀਦ ਖਾਂ ਮਾਰਿਆ ਗਿਆ। ਰਾਵੀ ਦੇ ਕੰਢੇ ਤੁਰਦੇ ਤੁਰਦੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੰਘ ਕਲਾਨੌਰ ਪਹੁੰਚ ਗਏ। ਕਲਾਨੌਰ ਬਿਨਾ ਲੜਾਈ ਦੇ ਕਬਜ਼ੇ ਵਿਚ ਕਰ ਲਿਆ ਜਦ ਕਿ ਬਟਾਲੇ ਨੂੰ ਫਤਿਹ ਕਰਨਾ ਪਿਆ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਜੰਮੂ ਵੱਲ ਜਾਣ ਦੀ ਤਿਆਰੀ ਕਰ ਲਈ। ਉਧਰ ਬਾਦਸ਼ਾਹ ਦਾ ਇਕ ਜਰਨੈਲ ਰੁਸਤਮ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਪੇਸ਼ ਪਿਆ ਹੋਇਆ ਸੀ। ਜਦ ਉਸ ਨੂੰ ਪਤਾ ਲੱਗਾ ਕਿ ਬਾਬਾ ਬੰਦਾ ਸਿੰਘ ਜੰਮੂ ਵੱਲ ਜਾ ਰਿਹਾ ਹੈ ਉਸ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਪਸਰੂਰ ਦੇ ਮੁਕਾਮ ਉੱਪਰ ਦੋਹਾਂ ਫੌਜਾਂ ਦਾ ਟਾਕਰਾ ਹੋਇਆ। ਗਹਿਗੱਚ ਲੜਾਈ ਵਿਚ ਰੁਸਤਮ ਦਿਲ ਫੱਟੜ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ ਬਚ ਕੇ ਨਿਕਲ ਗਿਆ ਤੇ ਰੁਸਤਮ ਦਿਲ ਹੱਥ ਮਲਦਾ ਰਹਿ ਗਿਆ। ਬਾਬਾ ਬੰਦਾ ਸਿੰਘ ਬਹਾਦਰ ਰਾਜੌਰੀ ਵੱਲ ਵਧਿਆ। ਇੰਨੇ ਨੂੰ ਰੁਸਤਮ ਦਿਲ ਨੇ ਜੰਮੂ ਬਾਰਾਮੂਲੇ ਅਤੇ ਪੁਣਛ ਤੀਕਰ ਸਭ ਮਨਸਬਦਾਰਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦੀ ਖ਼ਬਰ ਭੇਜ ਦਿੱਤੀ। ਇਸ ਤਰ੍ਹਾਂ ਚਾਰੇ ਹੀ ਪਾਸਿਓਂ ਘੇਰਾ ਪੈ ਗਿਆ। ਇਹ ਇਲਾਕਾ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਸਥਾਨ ਸੀ ਅਤੇ ਇੱਥੋਂ ਦੇ ਗੁਪਤ

ਰਸਤਿਆਂ ਤੋਂ ਉਹ ਚੰਗੀ ਤਰ੍ਹਾਂ ਵਾਕਿਫ ਸੀ। ਉਹ ਇਕ ਥਾਂ ਤੇ ਦੜ ਵੱਟ ਕੇ ਬੈਠ ਗਿਆ ਅਤੇ ਵੇਖਿਆ ਕਿ ਦੁਸ਼ਮਣ ਉਸ ਦੀ ਮਾਰ ਹੇਠ ਹੈ, ਉਹ ਟੁੱਟ ਕੇ ਪੈ ਗਿਆ। ਰੁਸਤਮ ਦਿਲ ਤਾਂ ਸਮਝਦਾ ਸੀ ਕਿ ਉਹ ਬਾਬਾ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਸਰਕਾਰ ਕੋਲੋਂ ਹੋਰ ਵਡਾ ਰੁਤਬਾ ਹਾਸਲ ਕਰ ਲਵੇਗਾ ਪਰੰਤੂ ਇੱਥੇ ਵੀ ਬਾਬਾ ਬੰਦਾ ਸਿੰਘ ਬਹਾਦਰ ਸਫ਼ਾਂ ਨੂੰ ਚੀਰਦਾ ਹੋਇਆ ਹਰਨ ਹੋ ਗਿਆ। ਇਸ ਤਰ੍ਹਾਂ ਸ਼ੁਹਰਤ ਲੱਭਦੇ ਨੂੰ ਜ਼ਿੱਲਤ ਹੱਥ ਆਈ। ਬਾਦਸ਼ਾਹ ਰੁਸਤਮ ਦਿਲ ਉੱਪਰ ਖਫਾ ਹੋ ਗਿਆ ਅਤੇ ਉਸ ਨੂੰ ਕੈਦ ਕਰਕੇ ਉਸ ਦਾ ਘਰ-ਬਾਰ ਜ਼ਬਤ ਕਰ ਲਿਆ। ਉਸ ਨੂੰ ਇਹ ਸੰਦੇਹ ਵੀ ਹੋਇਆ ਕਿ ਸ਼ਾਇਦ ਰੁਸਤਮ ਦਿਲ ਨੇ ਰਿਸ਼ਵਤ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਛੱਡ ਦਿੱਤਾ ਹੈ। ਅਜਿਹੇ ਹਾਲਾਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਾਪਿਆ ਕਿ ਬਾਦਸ਼ਾਹ ਨੇ ਉਸ ਨੂੰ ਫੜਨ/ਮਾਰਨ ਲਈ ਸਾਰੀ ਤਾਕਤ ਝੋਕ ਦਿੱਤੀ ਹੈ, ਇਸ ਲਈ ਔਖਾ ਸਮਾਂ ਕਿਸੇ ਗੁੰਮਨਾਮ ਥਾਂ 'ਤੇ ਕੱਟ ਲਿਆ ਜਾਵੇ ਅਤੇ ਮੁਨਾਸਿਬ ਵੇਲੇ ਪੂਰੀ ਤਿਆਰੀ ਕਰ ਕੇ ਅਮਲੀ ਕਾਰਵਾਈ ਕੀਤੀ ਜਾਵੇ। ਇਸ ਲਈ ਬਾਬਾ ਬੰਦਾ ਸਿੰਘ ਬਹਾਦਰ ਆਪ ਤਾਂ ਗੁੰਮਨਾਮ ਥਾਂ ਜਾ ਬੈਠਾ ਪਰੰਤੂ ਖਾਲਸਾ ਫੌਜ ਨੂੰ ਪੰਜਾਬ ਵੱਲ ਭੇਜ ਦਿੱਤਾ।

ਸਧਾਰਨ ਕਾਂਡ ਵਿਚ ਬਾਦਸ਼ਾਹ ਬਹਾਦਰ ਸ਼ਾਹ ਦੇ ਮਰਨ ਦਾ ਜ਼ਿਕਰ ਹੈ, ਜਿਸ ਦੀ ਮੌਤ ਪਿੱਛੋਂ ਉਸ ਦੇ ਤਿੰਨਾਂ ਪੁੱਤਰਾਂ ਦਰਮਿਆਨ ਗੱਦੀ ਨੂੰ ਲੈ ਕੇ ਝਗੜਾ ਖੜ੍ਹਾ ਹੋ ਗਿਆ। ਇਕ ਦਿਨ ਬਹਾਦਰ ਸ਼ਾਹ ਆਪਣੇ ਭਰਾਵਾਂ ਨੂੰ ਮਾਰ ਕੇ ਤਖਤ ਉੱਤੇ ਬੈਠ ਗਿਆ। ਬਹਾਦਰ ਸ਼ਾਹ ਬਾਦਸ਼ਾਹ ਤਾਂ ਬਣ ਬੈਠਾ ਪਰ ਬਾਬਾ ਬੰਦਾ ਸਿੰਘ ਬਹਾਦਰ ਦਾ ਭੈਅ ਉਸ ਨੂੰ ਖਾ ਰਿਹਾ ਸੀ। ਉਸ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਫੜ੍ਹਨ ਲਈ ਸਾਰੀ ਤਾਕਤ ਝੋਕ ਦਿੱਤੀ। ਇਹ ਸਭ ਕੁਝ ਚੱਲ ਰਿਹਾ ਸੀ ਕਿ ਬਹਾਦਰ ਸ਼ਾਹ ਉੱਤੇ ਫਰੁੱਖਸੀਅਰ ਨੇ ਚੜ੍ਹਾਈ ਕਰ ਦਿੱਤੀ। ਇਸ ਲੜਾਈ ਵਿਚ ਬਹਾਦਰ ਸ਼ਾਹ ਮਾਰਿਆ ਗਿਆ ਅਤੇ ਫ਼ਰੁੱਖਸੀਅਰ ਗੱਦੀ ਉੱਤੇ ਬੈਠ ਗਿਆ। ਉਸ ਦਾ ਵੀ ਇੱਕੋ ਇਕ ਨਿਸ਼ਾਨਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਫੜਨਾ ਹੀ ਸੀ। ਇੱਧਰ ਬਾਬਾ ਬੰਦਾ ਸਿੰਘ ਬਹਾਦਰ ਸਢੌਰੇ ਪੁੱਜ ਕੇ ਕਿਲ੍ਹਾਬੰਦ ਹੋ ਕੇ ਬੈਠ ਗਿਆ। ਕਿਲ੍ਹੇ ਨੂੰ ਦੁਸ਼ਮਣਾਂ ਨੇ ਘੇਰਾ ਪਾਈ ਰੱਖਿਆ। ਆਖਿਰ ਇਕ ਦਿਨ ਇਹ ਗੁਰਮਤਾ ਹੋਇਆ ਕੇ ਇਸ ਕਿਲ੍ਹੇ ਨੂੰ ਖਾਲੀ ਕਰ ਕੇ ਲੋਹਗੜ੍ਹ ਚੱਲਿਆ ਜਾਵੇ। ਲੋਹਗੜ੍ਹ ਪਹੁੰਚ ਕੇ ਜਦ ਸਾਰੀ ਸਥਿਤੀ ਦਾ ਮੁਲੰਕਣ ਕੀਤਾ ਗਿਆ ਤਾਂ ਫੈਸਲਾ ਇਹ ਹੋਇਆ ਕਿ ਅਜੇ ਦੁਸ਼ਮਣ ਦਾ ਦਬਾਅ ਹੈ, ਉਨ੍ਹਾਂ ਕੋਲ ਸਿੰਘਾਂ ਦੇ ਟਾਕਰੇ ਫੌਜ ਵੀ ਜ਼ਿਆਦਾ ਹੈ। ਇਸ ਲਈ ਪਹਾੜਾਂ ਵੱਲ ਜਾ ਕੇ ਇਹ ਵਕਤ ਲੰਘਾ ਲਿਆ ਜਾਵੇ। ਦੁਸ਼ਮਣ ਨੂੰ ਖ਼ਬਰ ਮਿਲ ਗਈ ਕਿ ਬਾਬਾ ਬੰਦਾ ਸਿੰਘ ਬਹਾਦਰ ਫੌਜ ਸਮੇਤ ਲੋਹਗੜ੍ਹ ਚੱਲਿਆ ਗਿਆ ਹੈ। ਉਸ ਦੀ ਪੈੜ ਲੱਭਦੇ ਉਧਰ ਨੂੰ ਤੁਰ ਪਏ। ਸਿੰਘਾਂ ਦੀ ਫੌਜ ਪਹਾੜਾਂ ਵੱਲ ਕੂਚ ਕਰ ਗਈ। ਇੱਥੇ ਵੀ ਸ਼ਾਹੀ ਫੌਜ ਨੂੰ ਨਮੋਸ਼ੀ ਹੱਥ ਲੱਗੀ। ਬਾਬਾ ਬੰਦਾ ਸਿੰਘ ਬਹਾਦਰ ਜੰਮੂ ਵਿਚਲੇ ਆਪਣੇ ਟਿਕਾਣੇ ਅੱਪੜ ਚੁੱਕਾ ਸੀ। ਇੱਥੇ ਇਹ ਜ਼ਿਕਰ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਲਾਨੌਰ, ਬਟਾਲਾ, ਰਿਆੜਕੀ

ਦਾ ਇਲਾਕਾ ਪਹਿਲਾਂ ਵੀ ਜਿੱਤਿਆ ਸੀ ਪਰ ਉਸ ਦੇ ਪੱਕੇ ਪੈਰੀਂ ਨਾ ਹੋਣ ਕਰਕੇ ਇਹ ਸ਼ਾਹੀ ਫੌਜ ਦੇ ਕਬਜ਼ੇ ਵਿਚ ਚਲਾ ਗਿਆ ਸੀ। ਸਾਰੀਆਂ ਫੌਜਾਂ ਬਾਬਾ ਬੰਦਾ ਸਿੰਘ ਬਹਾਦਰ ਦਾ ਲਗਾਤਾਰ ਪਿੱਛਾ ਕਰ ਰਹੀਆਂ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਸਮੇਤ ਗੁਰਦਾਸ ਨੰਗਲ ਵਿਚ ਦੁਨੀ ਚੰਦ ਦੀ ਹਵੇਲੀ ਵਿਚ ਜਾ ਪਨਾਹ ਲਈ ਅਤੇ ਗੋਲੀ ਸਿੱਕਾ ਅਤੇ ਅਨਾਜ ਜਮ੍ਹਾਂ ਕਰ ਲਿਆ। ਲਾਗੇ ਹੀ ਇਕ ਨਹਿਰ ਸੀ ਜਿਸ ਦਾ ਪਾਣੀ ਵੱਢ ਕੇ ਗੜ੍ਹੀ ਦੁਆਲੇ ਪੁੱਟੀ ਗਈ ਖਾਈ ਪਾਣੀ ਨਾਲ ਭਰ ਲਈ ਗਈ। ਲਾਹੌਰ ਦੇ ਸੂਬੇ ਅਬਦੁਸ ਸਮਦ ਖਾਂ ਨੇ ਸੂਹੀਏ ਭੇਜ ਕੇ ਪਤਾ ਲੱਗਾ ਲਿਆ ਕਿ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਕਿਲ੍ਹਾਬੰਦ ਹੋ ਕੇ ਬੈਠੇ ਹਨ।

ਅਵ੍ਹਨਤੀ ਕਾਂਡ ਚਿ ਸ਼ਾਹੀ ਫੌਜਾਂ ਅਤੇ ਬਾਬਾ ਬੰਦਾ ਸਿੰਘ ਦੀ ਫੌਜ ਦਰਮਿਆਨ ਯੁੱਧ ਬਿਰਤਾਂਤ ਹੈ। ਸਿੰਘ ਰਾਤ ਨੂੰ ਗੜ੍ਹੀ ਵਿਚ ਨਿਕਲਦੇ ਅਤੇ ਸ਼ਾਹੀ ਫੌਜ ਨੂੰ ਲੁੱਟ-ਪੁੱਟ ਕੇ ਵਾਪਸ ਚਲੇ ਜਾਂਦੇ। ਇਹ ਵਰਤਾਰਾ ਕਈ ਦਿਨ ਚੱਲਦਾ ਰਿਹਾ। ਉੱਧਰ ਮੁਗ਼ਲ ਸੈਨਾ ਕਿਲੇ ਦਾ ਘੇਰਾ ਦਿਨੋਂ-ਦਿਨ ਤੰਗ ਕਰ ਰਹੀ ਸੀ। ਇਕ ਦਿਨ ਬਾਬਾ ਬਿਨੋਦ ਸਿੰਘ ਨੇ ਸਲਾਹ ਦਿੱਤੀ ਕਿ ਇਸ ਤਰ੍ਹਾਂ ਘਿਰ ਕੇ ਮਰਨ ਨਾਲੋਂ ਰਾਤ ਨੂੰ ਗੜ੍ਹੀ ਖਾਲੀ ਕਰ ਜਾਣਾ ਚੰਗਾ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹ ਤਜ਼ਵੀਜ਼ ਮਨਜ਼ੂਰ ਨਹੀਂ ਸੀ। ਝਗੜਾ ਵਧਦਾ ਵੇਖ ਕੇ ਕਾਨ੍ਹ ਸਿੰਘ ਵਿਚਾਲੇ ਆ ਗਿਆ ਅਤੇ ਫੈਸਲਾ ਹੋਇਆ ਕਿ ਜਿਸ ਨੇ ਜਾਣਾ ਹੈ ਜਾਵੇ, ਜੋ ਰਹਿਣਾ ਚਾਹੁੰਦਾ ਹੈ ਉਹ ਇੱਥੇ ਰਹੇ। ਬਾਬਾ ਬਿਨੋਦ ਸਿੰਘ ਰਾਤ ਨੂੰ ਨਿਕਲ ਗਿਆ। ਲਗਾਤਾਰ ਗੜ੍ਹੀ ਵਿਚ ਘਿਰੇ ਰਹਿਣ ਕਰਕੇ ਖਾਣ-ਪੀਣ ਦਾ ਸਾਮਾਨ ਮੁਕ ਗਿਆ ਅਤੇ ਗੱਲ ਫਾਕਿਆਂ ਤਕ ਪਹੁੰਚ ਗਈ। ਅਖੀਰ ਸਭ ਸਿੰਘ ਕੈਦ ਕਰ ਲਏ ਗਏ ਤੇ ਲਾਹੌਰ ਵੱਲ ਹੋ ਤੁਰੇ। ਲਾਹੌਰ ਅਤੇ ਆਲੇ-ਦੁਆਲੇ ਦੇ ਸਿੰਘਾਂ ਦਾ ਕਤਲ-ਏ-ਆਮ ਕਰ ਕੇ ਅਤੇ ਸਿਰ ਗੱਡਿਆ ਉੱਪਰ ਰੱਖ ਕੇ ਇਹ ਜਲੂਸ ਦਿੱਲੀ ਨੂੰ ਚੱਲ ਪਿਆ। ਇਸ ਸਾਰੇ ਜਲੂਸ ਨੂੰ ਦਿੱਲੀ ਦੀਆਂ ਸੜਕਾਂ 'ਤੇ ਘੁਮਾਇਆ ਗਿਆ ਤਾਂ ਜੋ ਹਕੂਮਤ ਦੇ ਬਾਗੀਆਂ ਦੇ ਹਸ਼ਰ ਦਾ ਪਤਾ ਲੱਗ ਸਕੇ। ਸਾਰੇ ਸਿੰਘਾਂ ਨੂੰ ਕੋਤਵਾਲ ਸਰਬਰਾਹ ਖਾਂ ਦੇ ਸਪੁਰਦ ਕਰ ਦਿੱਤਾ ਗਿਆ ਅਤੇ ਨਾਲ ਹੀ ਇਨ੍ਹਾਂ ਨੂੰ ਸ਼ਹੀਦ ਕਰਨ ਦਾ ਹੁਕਮ ਵੀ ਬਾਦਸ਼ਾਹ ਵੱਲੋਂ ਸੁਣਾ ਦਿੱਤਾ ਗਿਆ।

ਬਲੀਦਾਨ ਕਾਂਡ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਦੀ ਸੱਤਾਂ ਦਿਨ੍ਹਾਂ ਵਿਚ ਸ਼ਹਾਦਤ ਦੀ ਵਾਰਤਾ ਹੈ। ਧਰਮ ਪਰਿਵਰਤਨ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ। ਪਰ ਸੂਰਮੇ ਨਹੀਂ ਡੋਲੇ। ਇਕ ਵਿਧਵਾ ਮਾਂ ਵੱਲੋਂ ਆਪਣੇ ਪੁੱਤਰ ਨੂੰ ਸਿੱਖ ਨਾ ਹੋਣ ਕਰਕੇ ਬਚਾਉਣਾ ਪਰ ਪੁੱਤਰ ਵੱਲੋਂ ਆਪਣੇ ਆਪ ਨੂੰ ਦਸਮ ਗੁਰੂ ਦਾ ਪੁੱਤਰ ਕਹਿਣ 'ਤੇ ਸ਼ਹਾਦਤ ਪ੍ਰਾਪਤ ਕਰਨ ਦੀ ਵਾਰਤਾ ਵੀ ਇਸੇ ਕਾਂਡ ਵਿਚ ਹੈ। ਅਖੀਰ ਬਾਬਾ ਬੰਦਾ ਸਿੰਘ ਬਹਾਦਰ, ਇਸ ਦੇ ਨਾਲ ਲਿਆਂਦੇ ਗਏ ੭੪੦ ਸਿੰਘਾਂ ਅਤੇ ਅਜੈ ਸਿੰਘ ਦੀ ਸ਼ਹੀਦੀ ਦਾ ਬਿਰਤਾਂਤ ਹੈ।

ਇੰਝ ਅਸੀਂ ਵੇਖਦੇ ਹਾਂ ਕਿ ਮਾਲਾ ਕਿਉਂ ਤਲਵਾਰ ਬਣੀ? ਮਹਾਂਕਾਵਿ ਦਾ

ਚਿਤਰਨ ਬਾਬਾ ਬੰਦਾ ਸਿੰਘ ਬਹਾਦਰ ਦਾ ਸਮੁੱਚਾ ਜੀਵਨ ਹੈ। ਦੀਪਕ ਜੈਤੋਈ ਨੇ ਬੰਦੇ ਦੇ ਜੀਵਨ ਦੀ ਹਰ ਮਹੱਤਵਪੂਰਨ ਘਟਨਾ ਨੂੰ ਕਾਨੀ-ਬੱਧ ਕੀਤਾ ਹੈ ਅਤੇ ਕਈਆਂ ਥਾਂਵਾਂ ਦੇ ਵੇਰਵੇ ਅਤੇ ਘਟਨਾਵਾਂ ਦੀ ਤਰਤੀਬ ਇਕ ਇਤਿਹਾਸਕਾਰ ਵਰਗੀ ਹੈ, ਬੇਸ਼ਕ ਮੂਲ ਰੂਪ ਵਿਚ ਉਹ ਕਵੀ ਹੈ। ਇਸ ਮਹਾਂਕਾਵਿ ਵਿਚ ਉਹ ਬੀਰ ਕਵੀ ਵੀ ਸਿੱਧ ਹੁੰਦਾ ਹੈ। ਕਵੀ ਦੀ ਕੋਮਲਤਾ ਪ੍ਰਕਿਰਤੀ ਚਿਤਰਨ, ਬੀਰ ਕਾਵਿ ਦੇ ਸੰਚਾਰ ਅਤੇ ਭਾਸ਼ਾ ਸੁਚੱਜੀ ਵਰਤੋਂ ਵਿਚ ਹੈ। ਉਸ ਦੇ ਬੀਰ ਰਸੀ ਬਿਰਤਾਂਤ ਵਿਚ ਚੰਡੀ ਦੀ ਵਾਰ ਵਰਗਾ ਰਸ ਅਤੇ ਉਤਸ਼ਾਹ ਹੈ। ਇਕ ਉਦਾਹਰਨ ਵੇਖੋ:

*-ਜਦ ਚੜਿਆ ਜੋਸ਼ ਨਵਾਬ ਨੂੰ ਉਸ ਤੇਗ ਚਲਾਈ।*
*ਤਦ ਬਾਜ਼ ਸਿੰਘ ਦੀ ਢਾਲ ਸੀ ਝੱਟ ਅੱਗੇ ਆਈ।*
*ਫਿਰ ਫਤਹਿ ਸਿੰਘ ਨੇ ਇਸ ਤਰ੍ਹਾਂ ਤਲਵਾਰ ਘੁਮਾਈ।*
*ਇੰਝ ਬਿਜਲੀ ਲਿਸ਼ਕੇ ਅਜ਼ਲੋਂ ਤ੍ਰਿਹਾਈ।*
*ਉਹ ਵਾਰ ਕਿਆਮਤ ਵਾਂਗ ਸੀ ਫਿਰ ਮਚੀ ਦੁਹਾਈ।*
*ਜਿਸ ਤਰ੍ਹਾਂ ਬਨਤਰ ਕਟ ਕੇ ਜਾਂ ਧੌਣ ਉਡਾਈ।*
*ਜਦ ਡਿਗਿਆ ਧਰਤ ਵਜ਼ੀਰ ਖਾਂ ਸੈਨਾ ਘਬਰਾਈ।*
*ਫਿਰ ਹੱਥੋਂ ਹੱਥੀ ਸੁਟ ਲਿਆ ਦੁਸ਼ਮਣ ਅਨਿਆਈ।*
*-ਉੱਥੇ ਲੜਦੇ ਲੜਦੇ ਫੌਜ ਨੂੰ ਹੋਈਆਂ ਦੋ ਪਹਿਰਾਂ।*
*ਜੰਗ ਚੜ੍ਹਦਾ ਜਾਵੇ ਜਿਸ ਤਰ੍ਹਾਂ ਸਾਗਰ ਦੀਆਂ ਲਹਿਰਾਂ।*
*ਉੱਥੇ ਗਲੀਆਂ ਅੰਦਰ ਵਗ ਪਈਆਂ ਰਤ-ਮਿੱਝ ਦੀਆਂ ਨਹਿਰਾਂ।*

ਬਾਬਾ ਬੰਦਾ ਸਿੰਘ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਾਰਤਾਲਾਪ ਵਿੱਚੋਂ ਗੁਰਮਤਿ ਦਰਸ਼ਨ ਦੀ ਚਿੰਤਾ ਅਤੇ ਬੈਰਾਗ ਨੂੰ ਸੰਨਿਆਸ ਦੀ ਤੁੱਛਤਾ ਦਾ ਬੋਧ ਕਈ ਪ੍ਰਕਾਰ ਹੋ ਜਾਂਦਾ ਹੈ। ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਵੀ ਇਹ ਮਹਾਂਕਾਵਿ ਦੇ ਮਾਲਕਾਂ ਉੱਪਰ ਖਰਾ ਉੱਤਰਦਾ ਹੈ। ਮਾਲਾ ਕਿਉਂ ਤਲਵਾਰ ਬਣੀ? ਦੀ ਕਥਾ ਇਤਿਹਾਸ ਵਿੱਚੋਂ ਲਈ ਗਈ ਹੈ। ਨਾਇਕ ਅਨੇਕ ਗੁਣਾਂ ਦਾ ਮਾਲਕ ਹੈ। ਸਾਰਾ ਬਿਰਤਾਂਤ ਧਰਮਾਂ ਜਾਂ ਕਾਂਡਾਂ ਵਿਚ ਵੰਡਿਆ ਹੋਇਆ ਹੈ। ਛੰਦਾਂ ਦੀ ਵਿਵਿਧਤਾ ਹੈ ਅਤੇ ਕਾਵਿ ਰਸਾਂ ਦੀ ਬਹੁ-ਪ੍ਰਕਿਰਤੀ ਹੈ, ਬੇਸ਼ੱਕ ਪ੍ਰਧਾਨਤਾ ਬੀਰ ਰਸ ਦੀ ਹੈ। ਮਾਲਾ ਕਿਉਂ ਤਲਵਾਰ ਬਣੀ? ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਦਾ ਕਾਵਿ ਬਿਰਤਾਂਤ ਹੋਣ ਦੇ ਨਾਲ ਨਾਲ ਉਹ ਪੰਜਾਬ ਉੱਪਰ ਪਏ ਅਮਿੱਟ ਪ੍ਰਭਾਵ ਨੂੰ ਵੀ ਰੇਖਾਂਕਿਤ ਕਰਦਾ ਹੈ।

■

# ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ

*-ਡਾ. ਮਨਮੋਹਨ ਸਿੰਘ**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ, ਜਿੱਤਾਂ ਅਤੇ ਸ਼ਖ਼ਸੀਅਤ ਬਾਰੇ ਸ਼ਾਹ ਮੁਹੰਮਦ ਨੇ ਲਿਖਿਆ ਹੈ:-

*ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ*
*ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।*
*ਮੁਲਤਾਨ, ਪਸ਼ੌਰ, ਕਸ਼ਮੀਰ, ਚੰਬਾ,*
*ਜੰਮੂ, ਕਾਂਗੜਾ ਕੋਟ ਨਿਵਾਇ ਗਿਆ।*
*ਤਿੱਬਤ ਦੇਸ਼, ਲੱਦਾਖ ਤੇ ਚੀਨ ਤੋੜੀ,*
*ਸਿੱਕਾ ਆਪਣੇ ਨਾਮ ਚਲਾਇ ਗਿਆ।*
*ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ*
*ਅੱਛਾ ਰੱਜ ਦੇ ਰਾਜ ਕਮਾਇ ਗਿਆ।*

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ੨ ਨਵੰਬਰ ੧੭੮੦ ਈ. ਨੂੰ ਗੁਜਰਾਂਵਾਲੇ ਵਿਚ ਹੋਇਆ। ਉਹ ਸ਼ੁਕਰਚੱਕੀਆ ਮਿਸਲ ਦੇ ਆਗੂ ਚੜਤ ਸਿੰਘ ਦਾ ਪੋਤਰਾ ਅਤੇ ਮਹਾਂ ਸਿੰਘ ਦਾ ਪੁੱਤਰ ਸੀ। ਮਹਾਰਾਜਾ ਰਣਜੀਤ ਸਿੰਘ ਬਚਪਨ ਵਿਚ ਹੀ ਚੇਚਕ ਰੋਗ ਦਾ ਸ਼ਿਕਾਰ ਹੋ ਗਿਆ ਅਤੇ ਇਸ ਰੋਗ ਨਾਲ ਉਸ ਦੀ ਖੱਬੀ ਅੱਖ ਦੀ ਨਜ਼ਰ ਵੀ ਹਮੇਸ਼ਾ ਲਈ ਜਾਂਦੀ ਰਹੀ। ਮਾਰਚ ੧੭੯੨ ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸਰਦਾਰ ਮਹਾਂ ਸਿੰਘ ਅਕਾਲ ਚਲਾਣਾ ਕਰ ਗਿਆ। ੧੭੯੨ ਈ. ਵਿਚ ਉਹ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਸ਼ੁਕਰਚੱਕੀਆ ਮਿਸਲ ਦਾ ਆਗੂ ਬਣਿਆ। ੧੭੯੬ ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਮਹਿਤਾਬ ਕੌਰ ਨਾਲ ਹੋ ਗਿਆ ਜੋ ਕਨ੍ਹਈਆ ਮਿਸਲ ਦੀ ਸਰਦਾਰਨੀ ਸਦਾ ਕੌਰ ਦੀ ਧੀ ਸੀ।

ਪੰਜਾਬ ਦੇ ਵੱਖ-ਵੱਖ ਭਾਗਾਂ ’ਤੇ ਬਾਰ੍ਹਾਂ ਮਿਸਲਾਂ ਦਾ ਅਧਿਕਾਰ ਸੀ। ੧੭੯੬-੯੮ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਸ਼ਾਹ ਜਮਾਨ ਦੁਰਾਨੀ ਨੇ ਪੰਜਾਬ ਉੱਪਰ ਹਮਲੇ ਕੀਤੇ। ਖਾਲਸੇ ਨੇ ਉਸ ਦੀ ਵਾਪਸੀ ਸਮੇਂ ਜਿਹਲਮ ਤਕ ਉਸ ਦਾ ਪਿੱਛਾ ਕੀਤਾ ਅਤੇ ਲੁੱਟ ਦਾ ਸਾਰਾ ਮਾਲ ਉਸ ਤੋਂ ਖੋਹ ਲਿਆ। ਸ਼ਾਹ ਜਮਾਨ ਦੀਆਂ ਫੌਜਾਂ ਨਾਲ ਖਾਲਸੇ ਦੀ ਬਹੁਤ ਭਾਰੀ ਟੱਕਰ ਹੋਈ। ਇਸ ਨਾਲ ਅਫ਼ਗਾਨਾਂ ਦੀ ਰਹਿੰਦੀ ਖੂੰਹਦੀ ਤਾਕਤ ਦਾ ਵੀ ਸਫਾਇਆ ਹੋ ਗਿਆ। ਲਾਹੌਰ ਉੱਪਰ ਫਿਰ ਤਿੰਨ ਭੰਗੀ ਸਰਦਾਰਾਂ- ਚੇਤ ਸਿੰਘ, ਮੋਹਰ ਸਿੰਘ ਅਤੇ ਸਾਹਿਬ ਸਿੰਘ ਨੇ ਆ ਕਬਜ਼ਾ ਕੀਤਾ। ਲਾਹੌਰ ਦੇ ਲੋਕ ਇਨ੍ਹਾਂ ਤਿੰਨ ਸਰਦਾਰਾਂ ਤੋਂ ਖੁਸ਼ ਨਹੀਂ ਸਨ। ਇਸ ਲਈ ਲਾਹੌਰ ਦੇ ਮੁਖੀਆਂ ਭਾਈ ਗੁਰਬਖਸ਼ ਸਿੰਘ,

** ੮੯੭, ਫੇਜ਼-੧੦, ਮੋਹਾਲੀ; ਫ਼ੋਨ ਨੰ:੦੧੭੨੨੨੩੧੭੬੪*

ਹਕੀਮ ਹਾਕਮ ਰਾਏ ਅਤੇ ਮੀਆਂ ਆਸਕ ਮੁਹੰਮਦ ਨੇ ਇਕ ਬਿਨੈ-ਪੱਤਰ ਸ਼ੇਰ-ਏ-ਪੰਜਾਬ ਵੱਲ ਭੇਜਿਆ। ਮਹਾਰਾਜਾ ਰਣਜੀਤ ਸਿੰਘ ਨੇ ੧੭੯੯ ਈ. ਵਿਚ ਫੌਜ ਲੈ ਕੇ ਲਾਹੌਰ ਵੱਲ ਕੂਚ ਕਰ ਦਿੱਤਾ ਸਰਦਾਰ ਮੋਹਰ ਸਿੰਘ ਅਤੇ ਸਾਹਿਬ ਸਿੰਘ ਆਪਣੀਆਂ ਫੌਜਾਂ ਸਮੇਤ ਮਹਾਰਾਜਾ ਰਣਜੀਤ ਸਿੰਘ ਦੇ ਪਹੁੰਚਣ ਤੋਂ ਪਹਿਲਾਂ ਲਾਹੌਰੋਂ ਨੱਸ ਗਏ। ਚੇਤ ਸਿੰਘ ਨੇ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ, ਪਰ ਉਹ ਜ਼ਿਆਦਾ ਦੇਰ ਨਾ ਟਿਕ ਸਕਿਆ। ੭ ਜੁਲਾਈ, ੧੭੯੯ ਈ. ਨੂੰ ਰਣਜੀਤ ਸਿੰਘ ਦਾ ਸਾਰੇ ਲਾਹੌਰ ਉੱਪਰ ਅਧਿਕਾਰ ਹੋ ਗਿਆ। ੧੮੦੦ ਈ. ਵਿਚ ਰਣਜੀਤ ਸਿੰਘ ਨੇ ਤੀਰੋਵਾਲ ਅਤੇ ਜਸਲਵਾਲ 'ਤੇ ਕਬਜ਼ਾ ਕਰ ਲਿਆ। ੧੮੦੧ ਈ. ਨੂੰ ਵੈਸਾਖੀ ਵਾਲੇ ਦਿਨ ਲਾਹੌਰ ਕਿਲ੍ਹੇ ਅੰਦਰ ਇਕ ਵੱਡਾ ਦੀਵਾਨ ਕੀਤਾ ਗਿਆ ਅਤੇ ਰਣਜੀਤ ਸਿੰਘ ਨੂੰ ਮਹਾਰਾਜੇ ਦਾ ਖ਼ਿਤਾਬ ਦਿੱਤਾ ਗਿਆ।

੧੮੦੧ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਦਲ ਸਿੰਘ ਨੂੰ ਹਰਾ ਕੇ ਉਸ ਦੀ ਰਿਆਸਤ ਅਕਾਲਗੜ੍ਹ ਨੂੰ ਅਤੇ ਦਸੰਬਰ ੧੮੦੨ ਈ. ਵਿਚ ਸ੍ਰੀ ਅੰਮ੍ਰਿਤਸਰ ਨੂੰ ਖਾਲਸਾ ਰਾਜ ਨਾਲ ਜੋੜ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਡਾਇਰੀ ਲੇਖਕ ਸੋਹਣ ਲਾਲ ਅਨੁਸਾਰ ਸ੍ਰੀ ਅੰਮ੍ਰਿਤਸਰ ਦੀ ਜਿੱਤ ੧੮੦੫ ਈ. ਨੂੰ ਹੋਈ। ਮਹਾਰਾਜਾ ਰਣਜੀਤ ਸਿੰਘ ਨੇ ੧੮੦੮ ਈ. ਵਿਚ ਸਿਆਲਕੋਟ ਦੇ ਜੀਵਨ ਸਿੰਘ ਨੂੰ ਅਤੇ ੧੮੧੦ ਈ. ਵਿਚ ਨਕੱਈ ਮਿਸਲ ਦੇ ਸਰਦਾਰ ਕਾਹਨ ਸਿੰਘ ਅਤੇ ਗੁਜਰਾਤ ਦੇ ਸਰਦਾਰ ਸਾਹਿਬ ਸਿੰਘ ਨੂੰ ਹਰਾ ਦੇ ਇਹ ਸੂਬੇ ਵੀ ਆਪਣੇ ਰਾਜ ਵਿਚ ਮਿਲਾ ਲਏ। ਮਹਾਰਾਜਾ ਰਣਜੀਤ ਸਿੰਘ ਨੇ ੧੮੧੧ ਈ. ਵਿਚ ਫੈਜ਼ਲਪੁਰੀਆ ਮਿਸਲ ਦੇ ਨੇਤਾ ਬੁੱਧ ਸਿੰਘ ਨੂੰ ਹਰਾ ਕੇ ਉਸ ਦੇ ਸੂਬੇ ਨੂੰ ਆਪਣੇ ਵਿਚ ਮਿਲਾ ਲਿਆ। ੧੮੦੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਸੰਧੀ ਹੋਈ। ਇਸ ਸੰਧੀ ਅਨੁਸਾਰ ਸਤਲੁਜ ਦੇ ਪਾਰ ਸਭ ਸੂਬਿਆਂ ਨੂੰ ਅੰਗਰੇਜ਼ਾਂ ਨੇ ਆਪਣੀ ਰੱਖਿਆ ਹੇਠ ਲੈ ਲਿਆ। ਨਵੰਬਰ ੧੮੦੩ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਸਿੰਘ ਆਹਲੂਵਾਲੀਆ ਨਾਲ ਮਿਲ ਕੇ ਝੰਗ ਕੁੱਲੇ ਦੇ ਹਾਕਮ ਅਹਿਮਦਸ਼ਾਹ ਨੂੰ ਹਰਾਇਆ। ਅਹਿਮਦਸ਼ਾਹ ਨੇ ੬੦੦੦੦ ਰੁਪਏ ਸਲਾਨਾ ਚੰਦਾ ਦੇਣਾ ਪਰਵਾਨ ਕਰ ਲਿਆ। ੧੮੦੭ ਈ. ਵਿਚ ਕਸੂਰ ਦੇ ਸ਼ਾਸਕ ਨਵਾਬ ਕੁਤਬਦੀਨ ਨੇ ਮੁਜਫਰ ਖਾਨ ਮੁਲਤਾਨੀ ਨਾਲ ਰਲ ਕੇ ਮਹਾਰਾਜੇ ਨਾਲ ਲੜਾਈ ਦੀ ਗੋਂਦ ਗੁੰਦੀ। ਫੌਜਾਂ ਦੇ ਦਰਮਿਆਨ ਨੁਸ਼ਹਿਰੇ ਦੇ ਸਥਾਨ 'ਤੇ ਲਹੂ-ਡੋਲਵੀਂ ਲੜਾਈ ਹੋਈ। ਇਸ ਵਿਚ ਅਕਾਲੀ ਫੂਲਾ ਸਿੰਘ, ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਅਤੇ ਸਰਦਾਰ ਹਰੀ ਸਿੰਘ ਨਲਵਾ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਲੜਾਈ ਵਿਚ ਕੁਤਬਦੀਨ ਹਾਰ ਗਿਆ ਅਤੇ ਉਸ ਨੂੰ ਗੁਜਾਰੇ ਲਈ ਸਤਲੁਜ ਤੋਂ ਪਾਰ ਮਮਦੋਟ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ ਗਿਆ।

੧੮੦੮ ਈ. ਦੇ ਅਰੰਭ ਵਿਚ ਮਹਾਰਾਜੇ ਨੇ ਪਹਾੜੀ ਇਲਾਕੇ ਉੱਪਰ ਚੜ੍ਹਾਈ ਕੀਤੀ ਅਤੇ ਕਿਲ੍ਹਾ ਪਠਾਨਕੋਟ ਨੂੰ ਜਿੱਤ ਲਿਆ। ਕਿਲ੍ਹਾ ਜਸਰੋੜ ਦਾ ਹਾਕਮ ਅਤੇ ਚੰਬੇ ਤੇ ਬਸੌਲੀ ਦੇ ਰਾਜਿਆਂ ਨੇ ਵੀ ਈਨ ਮੰਨ ਲਈ। ਮਹਾਰਾਜੇ ਨੇ ਪਹਾੜੀ ਮੁਹਿੰਮ ਮੋਹਕਮ ਚੰਦ ਨੂੰ ਸੌਂਪ ਕੇ ਆਪ ਸਿਆਲਕੋਟ 'ਤੇ ਜਾ ਚੜ੍ਹਾਈ ਕੀਤੀ ਅਤੇ ਇਸ ਨੂੰ ਖਾਲਸਾ ਰਾਜ ਵਿਚ ਸ਼ਾਮਲ ਕਰ ਲਿਆ। ਫਿਰ ੧੮੦੯ ਈ. ਵਿਚ ਕਾਂਗੜਾ ਦੇ ਰਾਜਾ ਸੰਸਾਰ ਚੰਦ

ਕਟੋਚ ਨੂੰ ਹਰਾ ਕੇ ਉਸ ਦੇ ਇਲਾਕੇ ਉੱਪਰ ਅਧਿਕਾਰ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਨੇ ੧੮੧੩ ਈ. ਵਿਚ ਸਰਦਾਰ ਹਰੀ ਸਿੰਘ ਨਲਵਾ, ਸਰਦਾਰ ਦੇਸਾ ਸਿੰਘ ਮਜੀਠੀਆ ਅਤੇ ਦੀਵਾਨ ਮੋਹਕਮ ਚੰਦ ਦੀ ਅਗਵਾਈ ਹੇਠ ਅਟਕ 'ਤੇ ਹਮਲਾ ਕੀਤਾ ਅਤੇ ਦੋਸਤ ਮੁਹੰਮਦ ਖਾਨ ਨੂੰ ਹਰਾ ਕੇ ਅਟਕ ਨੂੰ ਵੀ ਖਾਲਸਾ ਰਾਜ ਵਿਚ ਮਿਲਾ ਲਿਆ। ੧੮੦੨ ਈ. ਤੋਂ ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਮੁਲਤਾਨ ਉੱਤੇ ਸੀ। ਜਨਵਰੀ ੧੮੧੮ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ੨੫੦੦੦ ਫੌਜ ਸ਼ਹਿਜ਼ਾਦਾ ਖੜਕ ਸਿੰਘ, ਸਰਦਾਰ ਹਰੀ ਸਿੰਘ ਨਲਵਾ ਅਤੇ ਮਿਸਰ ਦੀਵਾਨ ਚੰਦ ਦੀ ਅਗਵਾਈ ਹੇਠ ਮੁਲਤਾਨ ਨੂੰ ਜਿੱਤਣ ਲਈ ਭੇਜੀ। ਮਿਸਲ ਦੀਵਾਨ ਚੰਦ ਨੇ ਪ੍ਰਸਿੱਧ ਤੋਪ 'ਜਮਜਮਾ' ਨਾਲ ਮੁਲਤਾਨ ਦੇ ਕਿਲ੍ਹੇ ਦੀਆਂ ਕੰਧਾਂ ਉੱਡਾ ਦਿੱਤੀਆਂ। ਲੜਾਈ ਦੇ ਮੈਦਾਨ ਵਿਚ ਅਕਾਲੀ ਫੂਲਾ ਸਿੰਘ ਦੀ ਕਿਰਪਾਨ ਨਾਲ ਮੁਲਤਾਨ ਦਾ ਸ਼ਾਸਕ ਮੁਜਫਰ ਖਾਂ ਮਾਰਿਆ ਗਿਆ। ਲੜਾਈ ਦੌਰਾਨ ਉਸ ਦੇ ਪੰਜ ਪੁੱਤਰ ਵੀ ਮਾਰੇ ਗਏ। ਨਵਾਬ ਦੇ ਛੋਟੇ ਪੁੱਤਰ ਸਰਫ਼ਰਾਜ਼ ਖਾਂ ਅਤੇ ਜੁਲਫਕਾਰ ਅਲੀ ਖਾਂ ਨੇ ਮਹਾਰਾਜੇ ਦੀ ਅਧੀਨਤਾ ਮੰਨ ਲਈ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਰਕਪੁਰ ਦੇ ਇਲਾਕੇ ਵਿਚ ਉਨ੍ਹਾਂ ਨੂੰ ਜਾਗੀਰ ਦੇ ਦਿੱਤੀ। ਪਹਿਲੀ ਜੂਨ ੧੮੧੯ ਈ. ਨੂੰ ਖਾਲਸੇ ਨੇ ਮੁਲਤਾਨ ਉੱਪਰ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ੧੮੧੯ ਈ. ਵਿਚ ਕਸ਼ਮੀਰ 'ਤੇ ਵੀ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਦੀ ਜਿੱਤ ਤੋਂ ਬਾਅਦ ੧੮੨੦ ਈ. ਵਿਚ ਡੇਰਾ ਗਾਜ਼ੀ ਖਾਂ ਅਤੇ ੧੮੨੧ ਈ. ਵਿਚ ਡੇਰਾ ਇਸਮਾਈਲ ਖਾਂ ਉੱਪਰ ਜਿੱਤ ਪ੍ਰਾਪਤ ਕਰ ਲਈ। ਮਹਾਰਾਜਾ ਰਣਜੀਤ ਸਿੰਘ ਦੀ ਅਖੀਰਲੀ ਅਤੇ ਸਭ ਤੋਂ ਮਹੱਤਵਪੂਰਨ ਜਿੱਤ ਪਿਸ਼ਾਵਰ ਦੀ ਸੀ। ਪਿਸ਼ਾਵਰ ਨੂੰ ਖਾਲਸਾ ਰਾਜ ਵਿਚ ਮਿਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵਾ ਅਤੇ ਕੰਵਰ ਨੌਨਿਹਾਲ ਸਿੰਘ ਦੀ ਅਗਵਾਈ ਹੇਠ ਭਾਰੀ ਫੌਜ ਅਤੇ ੧੮੩੪ ਈ. ਵਿਚ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ। ੧੮੩੬ ਈ. ਵਿਚ ਲੱਦਾਖ ਅਤੇ ੧੮੩੭ ਈ. ਵਿਚ ਜਮਰੌਦ ਦੇ ਕਿਲ੍ਹੇ ਉੱਪਰ ਵੀ ਖਾਲਸੇ ਦਾ ਅਧਿਕਾਰ ਹੋ ਗਿਆ, ਪਰ ਇਸ ਲੜਾਈ ਵਿਚ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਸਦਾ ਲਈ ਕੌਮ ਤੋਂ ਵਿਛੜ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਕ ਛੋਟੀ ਜਿਹੀ ਮਿਸਲ ਦਾ ਰਾਜ ਪ੍ਰਬੰਧ ਸੰਭਾਲਿਆ ਸੀ ਪਰ ਆਪਣੀ ਦੂਰ-ਦ੍ਰਿਸ਼ਟਤਾ ਬਹਾਦਰੀ ਅਤੇ ਹੌਂਸਲੇ ਨਾਲ ਇਕ ਵਿਸ਼ਾਲ ਰਾਜ ਸਥਾਪਿਤ ਕਰ ਲਿਆ। ਇਸ ਦੀਆਂ ਹੱਦਾਂ ਉੱਤਰ ਵਿਚ ਲੱਦਾਖ, ਉੱਤਰ ਪੱਛਮ ਅਤੇ ਸੁਲੇਮਾਨ ਪਰਬਤਾਂ ਤਕ ਦੱਖਣ ਪੂਰਬ ਵਿਚ ਸਤਲੁਜ ਦਰਿਆ ਅਤੇ ਦੱਖਣ-ਪੱਛਮ ਵਿਚ ਸ਼ਿਕਾਰਪੁਰ ਤਕ ਫੈਲੀਆਂ ਹੋਈਆਂ ਸਨ। ਇੰਨਾ ਰਾਜ ਵਿਸਥਾਰ ਕਰ ਕੇ ਅੰਤ ੨੭ ਜੂਨ, ੧੮੩੯ ਈ. ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸੰਗਠਿਤ ਖਾਲਸਾ ਰਾਜ ਖੇਰੂੰ-ਖੇਰੂੰ ਹੋ ਗਿਆ ਅਤੇ ਅੰਤ ਅੰਗਰੇਜ਼ਾਂ ਦੇ ਅਧੀਨ ਚਲਾ ਗਿਆ।

■

# ਅੱਖੀਂ ਡਿੱਠਾ ਤੇ ਕੰਨੀਂ ਸੁਣਿਆ: ਸਾਕਾ ਨੀਲਾ ਤਾਰਾ

*-ਸ. ਮੋਹਨ ਸਿੰਘ ਉਰਲਾਣਾ**

ਭਾਰਤ ਨੂੰ ਧਰਮ ਨਿਰਪੱਖ ਦੇਸ਼ ਕਿਹਾ ਜਾਂਦਾ ਹੈ। ਇਸ ਆਖੇ ਜਾਂਦੇ ਧਰਮ ਨਿਰਪੱਖ ਮੁਲਕ ਵਿਚ ਸਿੱਖ ਇਕ ਅਜਿਹੀ ਘੱਟ ਗਿਣਤੀ ਕੌਮ ਹੈ ਜਿਸ ਨਾਲ ਹਮੇਸ਼ਾਂ ਦੋ ਨੰਬਰ ਵਾਲੇ ਸ਼ਹਿਰੀਆਂ ਵਾਲਾ ਵਤੀਰਾ ਹੁੰਦਾ ਰਿਹਾ ਹੈ। ਇਸ ਕੌਮ ਨੇ ਭਾਰਤ ਨੂੰ ਸੁਤੰਤਰ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਸਿੱਖ ਮਰਜੀਵੜਿਆਂ ਦੀ ਉਹ ਕੌਮ ਹੈ ਜੋ ਸਦਾ ਸੱਚ ਬੋਲਣ, ਕਿਸੇ ਨਾਲ ਵਧੀਕੀ ਨਾ ਕਰਨ, ਧੀਆਂ-ਭੈਣਾਂ ਦੀ ਇੱਜ਼ਤ ਦੀ ਰਖਵਾਲੀ ਕਰਨ, ਸਭ ਨੂੰ ਬਰਾਬਰ ਦੇ ਅਧਿਕਾਰ ਦੇਣ ਅਤੇ *ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* ਵਰਗੇ ਗੁਣਾਂ ਲਈ ਮੰਨੀ ਜਾਂਦੀ ਹੈ। ਜਿਸ ਤਰ੍ਹਾਂ ਵਿਦੇਸ਼ੀ ਜਰਵਾਣਿਆਂ ਤੋਂ ਇਸ ਕੌਮ ਦੀ ਚੜ੍ਹਦੀ ਕਲਾ ਬਰਦਾਸ਼ਤ ਨਹੀਂ ਸੀ ਹੁੰਦੀ ਤੇ ਉਹ ਸਮੇਂ ਸਮੇਂ ਸਿੱਖਾਂ ਨੂੰ ਖਤਮ ਕਰਨ ਦਾ ਯਤਨ ਕਰਦੇ ਤੇ ਪੰਥ ਦੇ ਮੁਕੱਦਸ ਅਸਥਾਨਾਂ ਦੀ ਬੇਅਦਬੀ ਕਰਦੇ ਰਹੇ। ਉਸੇ ਤਰ੍ਹਾਂ ਸਮੇਂ ਦੀ ਸਰਕਾਰ ਪਾਸੋਂ ਵੀ ਪੰਥ ਦੀ ਚੜ੍ਹਦੀ ਕਲਾ ਤੇ ਆਪਣੇ ਹੱਕਾਂ ਲਈ ਉਠਾਈ ਅਵਾਜ਼ ਉਨ੍ਹਾਂ ਨੂੰ ਸਹਿਣ ਨਹੀਂ ਸੀ ਹੁੰਦੀ, ਇਸ ਲਈ ਸਮੇਂ ਸਮੇਂ ਸਿੱਖਾਂ ਨੂੰ ਬੇਆਬਰੂ ਕਰਨ ਅਤੇ ਅਨੇਕਾਂ ਤਰ੍ਹਾਂ ਦੇ ਕਸ਼ਟ ਦੇਣ ਦਾ ਕੋਈ ਵੀ ਮੌਕਾ ਨਹੀਂ ਸੀ ਛੱਡਿਆ ਜਾਂਦਾ। ਇਨ੍ਹਾਂ ਸਾਰੀਆਂ ਵਧੀਕੀਆਂ ਵਿਰੁੱਧ 'ਧਰਮ ਯੁੱਧ ਮੋਰਚਾ' ਅਰੰਭ ਕੀਤਾ ਗਿਆ। ਇਹ ਮੋਰਚਾ ਪੂਰੇ ਜੋਸ਼ ਨਾਲ ਚੱਲਣ ਲੱਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਸਾਰੇ ਖਰਚੇ ਦਾ ਭਾਰ ਚੁੱਕ ਲੈਣ ਦਾ ਭਰੋਸਾ ਦਿੱਤਾ ਤੇ ਅੰਤ ਤਕ ਨਿਭਾਇਆ। ਦੇਸ਼-ਵਿਦੇਸ਼ ਦੀਆਂ ਸਾਰੀਆਂ ਧਾਰਮਿਕ ਤੇ ਰਾਜਸੀ ਜਥੇਬੰਦੀਆਂ ਅਤੇ ਛੋਟੇ ਵੱਡੇ ਸਿੱਖਾਂ ਨੇ ਇੱਕਜੁਟ ਹੋ ਕੇ ਆਪੋ ਆਪਣਾ ਸੰਪੂਰਨ ਯੋਗਦਾਨ ਪਾਇਆ। ਪੰਥਕ ਇੱਕਜੁਟਤਾ ਤੇ ਹੌਂਸਲਾ ਸਮੇਂ ਦੀ ਸਰਕਾਰ ਨੂੰ ਕੰਡੇ ਵਾਂਗ ਚੁੱਭਣ ਲੱਗਾ ਤੇ ਇਸ ਜੋੜ ਨੂੰ ਤੋੜਨ ਲਈ ਸਿੱਖਾਂ 'ਤੇ ਵੱਖਵਾਦੀ, ਅੱਤਵਾਦੀ ਵਰਗੇ ਝੂਠੇ ਇਲਜ਼ਾਮ ਲਗਾਉਣੇ ਸ਼ੁਰੂ ਕਰ ਦਿੱਤੇ। ਅਖੀਰ ਜੂਨ ੧੯੮੪ ਈ. ਨੂੰ ਸ੍ਰੀ ਦਰਬਾਰ ਸਾਹਿਬ ਦੇ ਮੁਕੱਦਸ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ 'ਸਾਕਾ ਨੀਲਾ ਤਾਰਾ' ਨਾਮ ਦਾ ਫੌਜੀ ਹਮਲਾ ਕਰਨ ਦਾ ਐਲਾਨ ਕਰ ਦਿੱਤਾ।

੧ ਜੂਨ, ੧੯੮੪ ਈ. ਨੂੰ ਦੁਪਹਿਰੇ ਸੀ.ਆਰ.ਪੀ.ਐਫ. ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਵਿਚ ੧੧ ਸਿੱਖ ਸ਼ਹੀਦ ਤੇ ਅਨੇਕਾਂ ਜ਼ਖ਼ਮੀਂ ਹੋ ਗਏ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦੂਜੀ ਛੱਤ ਉੱਪਰ ਉੱਤਰੀ ਤੇ ਦੱਖਣੀ ਬਾਹੀਆਂ ਦੀਆਂ

**ਮਕਾਨ ਨੰ. ਐਲ-੬/੯੦੫, ਗਲੀ ਨੰ.੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ:੯੮੭੨੬੬੦੮੦੫੦*

ਬਾਰੀਆਂ ਵਿਚ ਵੀ ਗੋਲੀਆਂ ਲੱਗੀਆਂ, ਸ਼ਹੀਦਾਂ ਦਾ ਅੰਤਮ ਸਸਕਾਰ ਦਰਬਾਰ ਸਾਹਿਬ ਸਮੂਹ ਵਿਚ ਕਰਨ ਉਪਰੰਤ ਦਾਸ ਨੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ਼ਹੀਦਾਂ ਦੇ ਨਮਿਤ ਸੋਹਿਲਾ ਸਾਹਿਬ ਦਾ ਪਾਠ ਕਰ ਕੇ ਅਰਦਾਸ ਕੀਤੀ। ਇਸ ਉਪਰੰਤ ੩੨ ਘੰਟੇ ਦਾ ਕਰਫਿਊ ਲਾਗੂ ਕਰ ਦਿੱਤਾ ਗਿਆ।

੩ ਜੂਨ ਸਵੇਰੇ ੬ ਵਜੇ ਕਰਫਿਊ ਵਿਚ ਢਿੱਲ ਦੇਣ ਕਾਰਨ ਸਿੱਖ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਆਈਆਂ। ਫਿਰ ਅਚਾਨਕ ਕਰਫਿਊ ਦਾ ਐਲਾਨ ਹੋ ਗਿਆ ਤੇ ਹਜ਼ਾਰਾਂ ਦੀ ਗਿਣਤੀ ਵਿਚ ਆਏ ਦਰਸ਼ਨ-ਅਭਿਲਾਖੀਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈੱਕਸ ਅੰਦਰ ਹੀ ਰੁਕਣਾ ਪਿਆ ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ ਭਾਰਤੀ ਸੈਨਾ ਦਾ ਸਖਤ ਪਹਿਰਾ ਸੀ ਤੇ ਬਾਹਰ ਨਿਕਲਣ ਵਾਲੇ ਨੂੰ ਗੋਲੀ ਮਾਰਨ ਦਾ ਹੁਕਮ। ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਬਿਜਲੀ, ਪਾਣੀ ਤੇ ਟੈਲੀਫ਼ੋਨ ਸਪਲਾਈ ਕੱਟ ਦਿੱਤੀ ਗਈ।

੩ ਜੂਨ ਰਾਤ ੯ ਵਜੇ ਟੀ.ਵੀ. ਅਤੇ ਰੇਡੀਓ 'ਤੇ ਇਹ ਖ਼ਬਰ ਪ੍ਰਸਾਰਿਤ ਕੀਤੀ ਗਈ ਕਿ ੯ ਵਜੇ ਤੋਂ ਸਾਰੇ ਪੰਜਾਬ ਵਿਚ ਫੌਜੀ ਰਾਜ ਕਾਇਮ ਹੋ ਗਿਆ ਹੈ ਤੇ ੩੬ ਘੰਟੇ ਦਾ ਕਰਫਿਊ ਲਾਇਆ ਗਿਆ ਹੈ। ਸਰਕਾਰ ਵੱਲੋਂ ਆਵਾਜਾਈ ਦੇ ਸਾਰੇ ਸਾਧਨ ਬੰਦ ਕਰ ਦਿੱਤੇ ਗਏ ਤੇ ਕੋਈ ਵੀ ਘਰੋਂ ਬਾਹਰ ਨਹੀਂ ਸੀ ਨਿਕਲ ਸਕਦਾ। ਅਖ਼ਬਾਰਾਂ 'ਤੇ ਸੈਂਸਰ ਲਾ ਦਿੱਤੀ ਗਈ ਤਾਂਕਿ ਕਿਸੇ ਤਰ੍ਹਾਂ ਦੀ ਕੋਈ ਖ਼ਬਰ ਬਾਹਰ ਨਾ ਨਿਕਲ ਸਕੇ। ਪੰਜਾਬ ਦਾ ਸੰਪਰਕ ਸਮੁੱਚੇ ਭਾਰਤ ਨਾਲੋਂ ਤੋੜ ਦਿੱਤਾ ਗਿਆ। ਸਭ ਨੂੰ ਇਹ ਹੀ ਅੰਦੇਸ਼ਾ ਸੀ ਕਿ ਸ਼ਾਇਦ ਬੇਹੋਸ਼ ਕਰਨ ਵਾਲੀ ਗੈਸ ਛੱਡ ਕੇ ਖਾੜਕੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਪਰ ਸਰਕਾਰ ਦਾ ਮੰਤਵ ਤਾਂ ਮਰਜੀਵੜਿਆਂ ਨੂੰ ਮਾਰਨ ਜਾਂ ਫੜਨ ਦੇ ਬਹਾਨੇ ਇਸ ਪਵਿੱਤਰ ਅਸਥਾਨ ਦੀ ਬੇਅਦਬੀ ਕਰਨੀ ਤੇ ਢਾਹੁਣਾ ਵੀ ਸੀ।

੪ ਜੂਨ ਸਵੇਰੇ ਮੈਂ ਆਪਣੀ ਡਿਊਟੀ 'ਤੇ ਮੰਜੀ ਸਾਹਿਬ ਜਾਣ ਲਈ ਤਿਆਰ ਹੋਣ ਲੱਗਾ ਤਾਂ ਤਕਰੀਬਨ ੪ ਵਜ ਕੇ ੪੦ ਮਿੰਟ 'ਤੇ ਤੋਪ ਦਾ ਗੋਲਾ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਆ ਕੇ ਵੱਜਾ, ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਵੱਲ ਵੇਖਿਆ ਤਾਂ ਅੰਨ੍ਹੇਵਾਹ ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਮੇਰੇ ਪਿਤਾ ਭਾਈ ਇੰਦਰ ਸਿੰਘ ਜੀ ਸ੍ਰੀ ਗੁਰੂ ਰਾਮਦਾਸ ਲੰਗਰ ਵਿਚ ਮੌਜੂਦ ਸਨ, ਜੋ ਉੱਥੇ ਹੀ ਸ਼ਹੀਦ ਹੋ ਗਏ। ਸਾਰੀ ਦਿਹਾੜੀ ਭਾਰੀ ਗੋਲਾਬਾਰੀ ਹੋਣ ਕਾਰਨ ਲੰਗਰ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਬਾਗ ਵਾਲੀ ਗਲੀ ਵਾਲਿਆਂ ਨੇ ਆਪਣੇ ਘਰਾਂ ਤੋਂ ਪਰਸ਼ਾਦਾ ਤਿਆਰ ਕਰ ਕੇ ਸਰਾਂ ਸ੍ਰੀ ਗੁਰੂ ਰਾਮਦਾਸ ਦੇ ਪਿਛਲੇ ਦਰਵਾਜਿਉਂ ਅੰਦਰ ਲਿਆ ਕੇ ਸਭ ਨੂੰ ਵਰਤਾਇਆ। ਬਾਹਰਲੇ ਕਮਰਿਆਂ 'ਤੇ ਸਿੱਧੀਆਂ ਗੋਲੀਆਂ ਆਉਣ ਕਾਰਨ ਅਸੀਂ ਸਾਰੇ ਸਰਾਂ ਦੇ ਅੰਦਰਲੇ ਪਾਸੇ ਬਰਾਂਡਿਆਂ ਵਿਚ ਆ ਗਏ।

੫ ਜੂਨ ਦੁਪਹਿਰੋਂ ਬਾਅਦ ਕੁਝ ਕੁ ਜਾਂਬਾਜ਼ ਸਿੰਘ ਹਿੰਮਤ ਕਰ ਕੇ ਫੌਜ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਸਿੰਘਾਂ ਦੇ ਮ੍ਰਿਤਕ ਸਰੀਰਾਂ ਨੂੰ ਚੁੱਕ ਲਿਆਏ ਤੇ ਸਰਾਂ ਦੇ ਅੰਦਰ ਹੀ ਟੂਟੀਆਂ ਲਾਗੇ ਦਾਹ-ਸੰਸਕਾਰ ਕਰਨਾ ਸ਼ੁਰੂ ਕਰ ਦਿੱਤਾ। ਸਰਾਂ ਅੰਦਰਲੀ ਪਾਣੀ ਦੀ

ਟੈਂਕੀ 'ਤੇ ਗੋਲੇ ਵੱਜਣ ਕਾਰਨ ਉਸ ਵਿਚ ਵੱਡੇ-ਵੱਡੇ ਮਘੋਰੇ ਹੋ ਗਏ ਤੇ ਸਾਰਾ ਪਾਣੀ ਸਰਾਂ ਦੇ ਵੇਹੜੇ ਅੰਦਰ ਆ ਗਿਆ ਅਤੇ ਸਸਕਾਰ ਹੋ ਰਹੀਆਂ ਲਾਸ਼ਾਂ ਵਿੱਚੋਂ ਭੈੜੀ ਬਦਬੂ ਆਉਣ ਲੱਗ ਪਈ ਤੇ ਉੱਥੇ ਰਹਿਣਾ ਮੁਸ਼ਕਿਲ ਹੋ ਗਿਆ। ਕੁਝ ਕੁ ਯਾਤਰੂ ਤੇ ਮੁਲਾਜ਼ਮ ਸਰਾਂ ਵਿੱਚੋਂ ਬਾਹਰ ਚਲੇ ਗਏ। ਮੈਂ ਵੀ ਪਰਵਾਰ ਸਮੇਤ ਬਾਬਾ ਅਟੱਲ ਰਾਇ ਜੀ ਦੇ ਮਗਰ ਗਿਆਨੀ ਦਲੀਪ ਸਿੰਘ ਦੇ ਘਰ ਆ ਗਿਆ। ਸਾਰੀ ਰਾਤ ਜੰਮ ਕੇ ਗੋਲਾਬਾਰੀ ਹੁੰਦੀ ਰਹੀ, ਉਹ ਰਾਤ ਬੜੀ ਭਿਆਨਕ ਤੇ ਡਰਾਉਣੀ ਸੀ।

੬ ਜੂਨ ਨੂੰ ਭਾਈ ਭਗਵਾਨ ਸਿੰਘ ਜੀ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਨੇ ਆ ਕੇ ਦੱਸਿਆ ਕਿ ਰਾਤ ੧੦:੦੦ ਵਜੇ ਦੇ ਕਰੀਬ ਸਰਾਵਾਂ ਵਾਲੇ ਪਾਸਿਉਂ ਸੈਨਾ ਟੈਂਕਾਂ ਨਾਲ ਅਤਿ-ਆਧੁਨਿਕ ਮਾਰੂ ਹਥਿਆਰਾਂ ਸਮੇਤ ਲੈਸ ਹੋ ਕੇ ਪਰਕਰਮਾ ਅੰਦਰ ਦਾਖ਼ਲ ਹੋਈ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਤੋਪ ਦੇ ਗੋਲਿਆਂ ਨਾਲ ਖੰਡਰ ਹੋ ਗਈ ਹੈ। ਫੌਜ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇ. ਗੁਰਚਰਨ ਸਿੰਘ ਟੌਹੜਾ ਨੂੰ ਮੁਲਾਜ਼ਮਾਂ ਤੇ ਯਾਤਰੂਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਵਿਚ ਭਾਈ ਮਨਜੀਤ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਹਰਮਿੰਦਰ ਸਿੰਘ (ਸੰਧੂ) ਅਤੇ ਭਾਈ ਹਰਮਿੰਦਰ ਸਿੰਘ (ਗਿੱਲ) ਵੀ ਹਨ। ਉਸ ਮਗਰੋਂ ਉਨ੍ਹਾਂ ਨੂੰ ਫੌਜੀ ਕੈਂਪਾਂ ਵਿਚ ਰੱਖਿਆ ਗਿਆ ਤੇ ਕੁਝ ਚਿਰ ਮਗਰੋਂ ਕੈਦੀ ਸਿੱਖਾਂ ਨੂੰ ਨਾਭੇ ਤੇ ਹੋਰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਤੇ ਉਸ ਤੋਂ ਬਾਅਦ ਜੋਧਪੁਰ ਦੀ ਜੇਲ੍ਹ ਵਿਚ ਘੱਲ ਦਿੱਤਾ ਗਿਆ, ਜਿੱਥੇ ਸਭਨਾਂ ਨੂੰ ਭਾਰੀ ਮਾਨਸਿਕ ਤੇ ਸਰੀਰਕ ਤਸੀਹੇ ਦਿੱਤੇ ਗਏ।

ਭਾਰਤ ਸਰਕਾਰ ਨੇ ਫੌਜੀ ਹਮਲੇ ਦੇ ਨਾਲ ਨਾਲ ਸਾਮ, ਦਾਮ, ਦੰਡ, ਭੇਦ ਦੀ ਨੀਤੀ ਦੀ ਵੀ ਵਰਤੋਂ ਕੀਤੀ ਜੋ ਮੁਕੰਮਲ ਤੌਰ 'ਤੇ ਫੇਲ੍ਹ ਹੋ ਗਈ।

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ੬ ਜੂਨ ਨੂੰ ਆਪਣੇ ਮਰਜੀਵੜੇ ਸਾਥੀ ਭਾਈ ਅਮਰੀਕ ਸਿੰਘ ਜੀ ਤੇ ਜਰਨਲ ਸੁਬੇਗ ਸਿੰਘ ਜੀ ਆਦਿਕ ਦੇ ਨਾਲ ਸ਼ਹਾਦਤ ਦਾ ਜਾਮ ਪੀ ਗਏ ਹਨ।

ਸੈਨਾ ਨੇ ਦਰਬਾਰ ਸਾਹਿਬ ਕੰਪਲੈੱਕਸ 'ਤੇ ਕਬਜ਼ਾ ਕਰਨ ਉਪਰੰਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਪਿਆ ਸ਼੍ਰੋਮਣੀ ਗੁ.ਪ੍ਰ. ਕਮੇਟੀ ਦਾ ਸਾਰਾ ਰਿਕਾਰਡ, ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪਏ ਪੁਰਾਤਨ ਸਿੱਖ ਇਤਿਹਾਸ ਦੇ ਬੇਸ਼ਕੀਮਤੀ ਖ਼ਜ਼ਾਨੇ ਅਤੇ ਤੋਸ਼ਾਖਾਨਾ ਵਿਚ ਪਏ ਅਣਮੁੱਲੇ ਸਾਮਾਨ ਨੂੰ ਲੁੱਟ ਕੇ ਲੈ ਗਏ। ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਵੀ ਗੋਲੀ ਵੱਜੀ, ਜਿਸ ਦਾ ਹੁਣ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਸਿੱਖਾਂ ਨਾਲ ਹੋਈ ਜ਼ਿਆਦਤੀ ਅਤੇ ਜ਼ੁਲਮ ਨੂੰ ਦਰਸਾਉਣ ਲਈ ਇਹ ਪਾਵਨ ਬੀੜ ਅਜੇ ਵੀ ਸੰਭਾਲੀ ਹੋਈ ਹੈ, ਜਦੋਂ ਜਦੋਂ ਸਿੱਖ ਇਸ ਪਾਵਨ ਬੀੜ ਸਾਹਿਬ ਦੇ ਦਰਸ਼ਨ ਕਰਨਗੇ, ਉਨ੍ਹਾਂ ਨੂੰ ਇਸ ਘਟਨਾ ਦੀ ਯਾਦ ਵਲੂੰਧਰਦੀ ਰਹੇਗੀ। ਇਸ ਪਾਵਨ ਸਰੂਪ ਵਿਚ ਲੱਗੀ ਗੋਲੀ ਦੇ ਨਿਸ਼ਾਨ ਦਾਸ ਨੇ ਵੀ ਆਪਣੀ ਅੱਖੀਂ ਵੇਖੇ ਹਨ। ਸ੍ਰੀ ਦਰਬਾਰ ਸਾਹਿਬ 'ਤੇ ਕਾਬਜ਼ ਹੋਣ ਉਪਰੰਤ ਫੌਜੀਆਂ ਨੇ ਸ੍ਰੀ ਦਰਬਾਰ ਸਾਹਿਬ ਸਮੂਹ ਅਤੇ ਨਾਲ ਲੱਗਦੇ ਬਜ਼ਾਰਾਂ 'ਤੇ ਘਰਾਂ ਨੂੰ ਵੀ ਲੁੱਟਿਆ।

੬ ਜੂਨ ਨੂੰ ਸ਼ਾਮੀਂ ਕਰਫਿਊ ਵਿਚ ਢਿੱਲ ਦਿੱਤੀ ਗਈ ਤੇ ਫਿਰ ੧੦ ਜੂਨ ਨੂੰ ਦੁਬਾਰਾ ਢਿੱਲ ਦੇ ਕੇ ਫਿਰ ਕਰਫਿਊ ਲਾਗੂ ਕੀਤਾ ਗਿਆ। ਮੇਰੇ ਸਾਂਢੂ ਭਾਈ ਦਰਸ਼ਨ ਸਿੰਘ ਜੀ, ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾਦਾਰ ਵਜੋਂ ਡਿਊਟੀ 'ਤੇ ਸਨ ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਨੂੰ ਅਤੇ ਹੋਰ ਮੁਲਾਜ਼ਮਾਂ ਅਤੇ ਸ਼ਰਧਾਲੂਆਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਸਾਡੇ ਸਾਰਿਆਂ ਦੇ ਹੱਥ ਪਿੱਛੇ ਬੰਨ੍ਹ ਕੇ ਪਰਕਰਮਾ ਵਿਚ ਬਿਠਾ ਕੇ ਭਾਰੀ ਤਸੀਹੇ ਦੇਣ ਦੇ ਨਾਲ ਨਾਲ ਭੈੜਾ ਸਲੂਕ ਵੀ ਕੀਤਾ ਗਿਆ ਤੇ ਸਭ ਨੂੰ ਇਹ ਹੀ ਪੁੱਛਿਆ ਜਾਦਾ ਸੀ ਕਿ:

'ਭਿੰਡਰੀ ਵਾਲਾ ਕਹਾਂ ਹੈ?'

ਇਸ ਸਾਕੇ ਦਾ ਹਰ ਇਕ ਛੋਟੇ-ਵੱਡੇ ਸਿੱਖ ਨੇ ਆਪੋ-ਆਪਣੇ ਤਰੀਕੇ ਨਾਲ ਰੋਸ ਪ੍ਰਗਟ ਕੀਤਾ। ਸਿੱਖ ਧਰਮੀ ਫੌਜੀਆਂ ਨੇ ਆਪਣੀਆਂ ਬੈਰਕਾਂ ਛੱਡ ਦਿੱਤੀਆਂ। ਬਹੁਤ ਸਾਰੇ ਸਰਕਾਰੀ ਮੁਲਾਜ਼ਮਾਂ ਨੇ ਰੋਸ ਵਜੋਂ ਆਪਣੀਆਂ ਨੌਕਰੀਆਂ ਤੋਂ ਅਸਤੀਫੇ ਦੇ ਦਿੱਤੇ ਤੇ ਕੁਝ ਬੁੱਧੀਜੀਵੀਆਂ ਨੇ ਸਰਕਾਰ ਵੱਲੋਂ ਦਿੱਤੇ ਪੁਰਸਕਾਰ ਵਾਪਸ ਕਰ ਦਿੱਤੇ। ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਬਾਹਰਲੇ ਸਿੱਖ ਵਹੀਰਾਂ ਘੱਤ ਕੇ ਸ੍ਰੀ ਹਰਿਮੰਦਰ ਸਾਹਿਬ ਵੱਲ ਨਿਕਲ ਤੁਰੇ, ਜਿਨ੍ਹਾਂ ਨੂੰ ਜਾਂ ਤਾਂ ਮਾਰ ਮੁਕਾਇਆ ਜਾਂ ਫੜ ਲਏ ਗਏ।

ਸਾਕਾ ਨੀਲਾ ਤਾਰਾ ਸਿੱਖ ਹਿਰਦਿਆਂ ਵਿਚ ਰਿਸਦਾ ਹੋਇਆ ਐਸਾ ਨਾਸੂਰ ਹੈ ਜਿਹੜਾ ੩੨ ਸਾਲ ਬੀਤ ਜਾਣ 'ਤੇ ਵੀ ਉਹੀ ਟੀਸ ਦੇ ਰਿਹਾ ਹੈ ਜੋ ਲੱਗਣ ਸਮੇਂ ਦਿੱਤੀ ਸੀ, ਇਹ ਇਕ ਐਸਾ ਨਾਸੂਰ ਜਿਸ 'ਤੇ ਕੋਈ ਵੀ ਸ਼ਾਸਕ ਅਜਿਹੀ ਮਰਹਮ ਨਹੀਂ ਲਾ ਸਕਿਆ ਜਿਸ ਨਾਲ ਇਹ ਰਿਸਣੋਂ ਬੰਦ ਹੋ ਸਕੇ ਤੇ ਲੱਗਦਾ ਇਉਂ ਹੈ ਜਿਵੇਂ ਇਹ ਸਦਾ ਰਿਸਦਾ ਰਹਿ ਕੇ ਇਸ ਭਿਆਨਕ ਵਹਿਸ਼ੀਆਨਾ ਤੇ ਦਰਿੰਦਗੀ ਭਰੇ ਕਾਲੇ ਪੰਨੇ ਦੀ ਯਾਦ ਤਾਜ਼ਾ ਰੱਖੇਗਾ।

ਸਿੱਖ ਕੌਮ ਨਤਮਸਤਕ ਹੈ ਉਨ੍ਹਾਂ ਹੀਰਿਆਂ ਨੂੰ ਜਿਨ੍ਹਾਂ ਨੇ ਕਿਸੇ ਤਰ੍ਹਾਂ ਦੀ ਵੀ ਪਰਵਾਹ ਨਾ ਕਰਦਿਆਂ ਤੇ ਗੁਰੂ-ਘਰ ਦੀ ਹੋ ਰਹੀ ਬੇਹੁਰਮਤੀ ਨੂੰ ਨਾ ਸਹਾਰਦਿਆਂ ਆਪਣੀਆਂ ਸ਼ਹਾਦਤਾਂ ਦਿੱਤੀਆਂ।

■

# ਜੂਨ ੧੯੮੪ ਈ. ਦੇ ਫੌਜੀ ਹਮਲੇ ਦਾ ਅੱਖੀਂ ਡਿੱਠਾ ਹਾਲ: ਸਿੰਘ ਸਾਹਿਬ ਗਿ: ਸਾਹਿਬ ਸਿੰਘ ਦੀ ਜ਼ਬਾਨੀ

*ਮੁਲਾਕਾਤੀ-ਸ. ਜਸਵੰਤ ਸਿੰਘ ਈਸੇਵਾਲ**

੧ ਨਵੰਬਰ, ੧੯੮੪ ਈ. ਨੂੰ ਸਿੱਖਾਂ ਦੀ ਨਸਲਕੁਸ਼ੀ ਨਾਲ ਸੰਬੰਧਿਤ ਇਕ ਦੁਖਦਾਇਕ ਘਟਨਾ ਦਾ ਜ਼ਿਕਰ ਸ. ਸਤਬੀਰ ਸਿੰਘ (ਪੱਤਰਕਾਰ ਜੰਮੂ-ਕਸ਼ਮੀਰ, ਪੰਜਾਬੀ ਟ੍ਰਿਬਿਊਨ-੨੦੧੩) ਦੁਆਰਾ ਵਿਚ ਛਾਪੀ ਖ਼ਬਰ ਪੜ੍ਹ ਕੇ ਕਾਂਡ ਦੀ ਘੋਖ ਕਰਨ ਲਈ ਅਸੀਂ ਮਿਤੀ ੧੫ ਜੂਨ, ੨੦੧੪ ਨੂੰ ਜੰਮੂ ਜਾਣ ਦਾ ਪ੍ਰੋਗਰਾਮ ਬਣਾਇਆ। ਇਸ ਦੇ ਨਾਲ-ਨਾਲ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ, ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਮਿਲਣ ਦਾ ਵੀ ਮਨ ਬਣਿਆ, ਕਿਉਂਕਿ ਉਨ੍ਹਾਂ ਕੋਲ ਕਾਫੀ ਜਾਣਕਾਰੀ ਹੈ। ਉਨ੍ਹਾਂ ਸਾਰਾ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ। ਭਾਵੇਂ ਤਿੰਨ ਦਹਾਕੇ ਬੀਤ ਚੁੱਕੇ ਹਨ ਪਰੰਤੂ ਉਨ੍ਹਾਂ ਕੋਲੋਂ ਕਾਫੀ ਹੋਰ ਜਾਣਕਾਰੀ ਮਿਲ ਸਕਦੀ ਹੈ। ਅਸੀਂ ਗੁਰਦੁਆਰਾ ਸਿੰਘ ਸਭਾ, ਰਿਆੜੀ ਚੌਂਕ ਵਿਚ ਪਹੁੰਚੇ। ਉਨ੍ਹਾਂ ਦੇ ਐਡਰੈੱਸ ਅਤੇ ਫ਼ੋਨ ਨੰਬਰ ਦਾ ਪਤਾ ਕੀਤਾ। ਪਰ ਕਾਫੀ ਪੁੱਛ-ਗਿੱਛ ਮਗਰੋਂ ਉਨ੍ਹਾਂ ਦੇ ਬੇਟੇ ਦਾ ਫ਼ੋਨ ਨੰਬਰ ਮਿਲ ਸਕਿਆ। ਮੈਂ ਆਪਣੀ ਜਾਣ-ਪਛਾਣ ਦੱਸੀ। ਮੈਂ ਦੱਸਿਆ ਕਿ ਮੈਂ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਨ੍ਹਾਂ ਦੇ ਨਾਲ ਸੇਵਾਦਾਰ ਰਿਹਾ ਹਾਂ। ਉਨ੍ਹਾਂ ਨੇ ਮੈਨੂੰ ਘਰ ਦਾ ਐਡਰੈੱਸ ਲਿਖਾ ਦਿੱਤਾ। ਅਸੀਂ ਉਸ ਦੱਸੇ ਪਤੇ 'ਤੇ ਪਹੁੰਚੇ। ਬਾਅਦ ਦੁਪਹਿਰ ੩ ਕੁ ਵੱਜੇ ਸਨ। ਅਸੀਂ ਉੱਥੇ ਪਹੁੰਚ ਕੇ ਜਦੋਂ ਇਕ ਦੂਜੇ ਦੇ ਆਹਮੋਂ-ਸਾਹਮਣੇ ਹੋਏ ਤਾਂ ਅਸੀਂ ਇਕ ਦੂਜੇ ਨੂੰ ਕੁਝ ਚਿਰ ਦੇਖਦੇ ਰਹੇ ਕਿਉਂਕਿ ੨੭ ਸਾਲ ਬਾਅਦ ਮਿਲੇ ਸੀ। ਫਿਰ ਸਾਡੀਆਂ ਦੋਹਾਂ ਦੀਆਂ ਅੱਖਾਂ ਨਮ ਹੋ ਗਈਆ। ਦੋ ਮਿੰਟ ਗੰਭੀਰ ਜਿਹਾ ਮਾਹੌਲ ਬਣ ਗਿਆ। ਫਿਰ ਉਨ੍ਹਾਂ ਦੀ ਧਰਮ ਪਤਨੀ ਨੇ ਚੁੱਪ ਤੋੜੀ ਤੇ ਆਖਿਆ, ਵੀਰ ਜੀ! ਮੈਂ ਪਹਿਚਾਣ ਲਿਆ ਤੁਹਾਨੂੰ, ਤੁਸੀਂ ਬੈਠ ਜਾਓ। ਉਸ ਸਮੇਂ ਮਾਹੌਲ ਇੰਝ ਬਣ ਗਿਆ ਜਿਵੇਂ ਉਨ੍ਹਾਂ ਨੂੰ ਸਾਡੇ ਆਉਣ ਦਾ ਚਾਅ ਚੜ੍ਹ ਗਿਆ; ਜਿਵੇਂ ਉਨ੍ਹਾਂ ਨੂੰ ੩੦ ਸਾਲ ਤੋਂ ਵਿੱਛੜਿਆ ਕੋਈ ਪਰਵਾਰ ਦਾ ਜੀਅ ਮਿਲ ਗਿਆ ਹੋਵੇ। ਉਨ੍ਹਾਂ ਸਾਨੂੰ ਚਾਹ-ਪਾਣੀ ਪਿਲਾਇਆ। ਕੁਝ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਨ ਮਗਰੋਂ ਬੀਬੀ ਜੀ ਨੇ ਰੋਟੀ ਪਕਾਉਣ ਵਾਲੀ ਬੇਟੀ ਨੂੰ ਅਵਾਜ਼ ਦਿੱਤੀ ਤੇ ਕਿਹਾ ਕਿ ਬੇਟੀ ਇਹ ਪੰਜਾਬ ਤੋਂ ਆਏ ਹਨ। ਇਨ੍ਹਾਂ ਲਈ ਚਾਵਲ ਨਹੀ ਫੁਲਕਾ ਬਣਾਓ। ਉਸ ਤੋਂ ਕੁਝ ਸਮੇਂ ਬਾਅਦ ਸਿੰਘ ਸਾਹਿਬ ਨਾਲ ਬੈਠ ਕੇ ਅਸੀਂ ਪਰਸ਼ਾਦਾ ਛਕਿਆ। ਸੁੱਖ-ਸਾਂਦ ਪੁੱਛਣ ਮਗਰੋਂ ਮੈਂ ਉਨ੍ਹਾਂ ਕੋਲੋਂ ਜੂਨ ੧੯੮੪ ਬਾਰੇ ਜਾਣਨਾ ਚਾਹਿਆ। ਪਹਿਲਾਂ ਤਾਂ ਉਹ ਕਹਿੰਦੇ ਕਿ ੩੦ ਸਾਲ ਹੋ ਗਏ ਹਨ, ਰਹਿਣ ਦੇ ਜਸਵੰਤ ਸਿੰਘ! ਸਿੱਖ ਕੌਮ ਨਾਲ ਅਜਿਹੀ ਘਟਨਾ ਵਾਪਰੀ ਹੈ, ਜਿਸ ਨੂੰ ਬਿਆਨ ਕਰਨ ਵੇਲੇ ਵੀ ਰੂਹ ਕੰਬਦੀ ਹੈ। ਫਿਰ ਆਪ ਹੀ ਗੱਲਾਂ-ਬਾਤਾਂ ਵਿਚ ਉਨ੍ਹਾਂ ਸਾਰੀ ਹੱਡ-ਬੀਤੀ ਦੱਸੀ। ਉਨ੍ਹਾਂ ਨੇ ਦੱਸਿਆ ਕਿ ਫੌਜ ਦੇ ਸਿਪਾਹੀ ਸ੍ਰੀ ਹਰਿਮੰਦਰ

**੨੬੦, ਗਲੀ ਨੰ-੫, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੧। ਮੋ: +੯੧੯੮੭੨੧-੧੭੫੦੦*

ਸਾਹਿਬ ਡਿਊਟੀ ਲਈ ਮੈਨੂੰ ਘਰੋਂ ਲੈ ਜਾਂਦੇ ਸਨ, ਪਰ ਫਿਰ ਛੱਡ ਵੀ ਜਾਂਦੇ ਸਨ। ਇਸ ਤਰ੍ਹਾਂ ੧੬ ਜੂਨ ਤਕ ਚੱਲਦਾ ਰਿਹਾ। ਕਈ ਵਾਰ ਮੈਂ ਘਰੋਂ ਪਰਸ਼ਾਦਾ ਛਕ ਜਾਣਾ। ਜਿਹੜਾ ਸਿਪਾਹੀ ਮੈਨੂੰ ਲੈਣ ਜਾਂ ਛੱਡਣ ਆਉਂਦਾ ਸੀ, ਉਸ ਸਿਪਾਹੀ ਦਾ ਨਾਮ ਰਾਮ ਚਰਨ ਸੀ। ਮੈਂ ਉਸ ਨੂੰ ਭਗਵਤ ਗੀਤਾ ਦੀਆਂ ਕੁਝ ਕਥਾਵਾਂ ਆਦਿ ਸੁਣਾ ਦਿੰਦਾ ਸੀ। ਉਹ ਖੁਸ਼ ਹੋ ਗਿਆ ਤੇ ਕਹਿੰਦਾ ਕਿ ਅਗਰ ਕੋਈ ਕਾਮ ਹੋ ਤੋਂ ਮੁਝੇ ਬਤਾਨਾ। ਫਿਰ ਮੈਂ ਬਿਨਾ ਦੇਰ ਕੀਤਿਆਂ ਦੱਸਿਆ ਕਿ ਮੇਰੇ ਘਰ ਮੇਂ ੧੦੦-੧੫੦ ਆਦਮੀ ਔਰ ਔਰਤੇਂ ਹੈ, ਮੇਰੇ ਪਾਸ ਉਨ ਕੇ ਲੀਏ ਭੋਜਨ ਨਹੀਂ ਹੈ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੇਂ ਲੰਗਰ ਖੁਲਾ ਹੁਆ ਹੈ। ਆਪ ਲੋਕ ਵਹਾਂ ਪਰ ਸਭ ਕੋ ਭੋਜਨ ਕਰਵਾ ਕੇ ਲੇ ਆਓ। ਉਹ ਕਹਿੰਦਾ ਕਿ ਮੈਂ ਅਕੇਲਾ ਨਹੀਂ ਜਾ ਸਕਤਾ ਮੈਂ ਆਪਨੇ ਏਕ ਔਰ ਸਾਥੀ ਕੋ ਲੇ ਆਤਾ ਹੂੰ। ਫਿਰ ਦੋਵੇਂ ਫੌਜੀ ਸਭ ਨੂੰ ਲੈ ਕੇ ਪਰਸ਼ਾਦਾ ਛਕਾ ਕੇ ਵਾਪਸ ਆ ਗਏ।

ਫਿਰ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਮੈਂ (ਮੁਲਾਕਾਤੀ ਸ. ਜਸਵੰਤ ਸਿੰਘ) ਕੈਂਪ ਜੇਲ੍ਹ ਵਿਚ ਸੀ। ਉਸ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਿੰਨੀ ਤਾਰੀਖ ਨੂੰ ਸ੍ਰੀ ਦਰਬਾਰ ਸਾਹਿਬ ਆਈ ਸੀ? ਉਹ ਕਹਿੰਦੇ ੨੦ ਜੂਨ, ੧੯੮੪ ਨੂੰ! ਅਸੀਂ ਇਤਿਹਾਸ ਵਿਚ ਪੜ੍ਹਦੇ ਆਏ ਹਾਂ ਕਿ ਅਹਿਮਦ ਸ਼ਾਹ ਅਬਦਾਲੀ, ਮੱਸੇ ਰੰਗੜ ਆਦਿ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਅਤੇ ਮੱਸੇ ਰੰਗੜ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਬੈਠ ਕੇ ਪਵਿੱਤਰ ਅਸਥਾਨ 'ਤੇ ਹੁੱਕਾ ਪੀਤਾ, ਤਾਂ ਇਸ ਦੇਸ਼ ਦੀ ਫੌਜ ਨੇ ਵੀ ਅੰਦਰ ਕੰਪਲੈੱਕਸ ਵਿਚ ਬੀੜੀਆਂ ਪੀਤੀਆਂ। ਜਿਸ ਦੇਸ਼ ਨੂੰ ਅਸੀਂ ਆਪਣਾ ਕਹਿੰਦੇ ਹਾਂ ਉਸ ਦੇਸ਼ ਦੀ ਫੌਜ ਨੇ ਵੀ ਸ੍ਰੀ ਹਰਿਮੰਦਰ ਸਾਹਿਬ 'ਤੇ ਤੋਪਾਂ-ਟੈਂਕਾਂ ਨਾਲ ਹਮਲੇ ਕੀਤੇ। ਜੇ ਮੁਗ਼ਲਾਂ ਵੇਲੇ ਵੀ ਬਾਹਰੋਂ ਮਲਬਾ ਲਿਆ ਕੇ ਗੰਦ-ਕੂੜੇ ਆਦਿ ਨਾਲ ਪਵਿੱਤਰ, ਪਾਵਨ ਸਰੋਵਰ ਨੂੰ ਪੂਰ ਦਿੱਤਾ ਗਿਆ ਸੀ, ਤਾਂ ਇਸ ਫੌਜ ਨੇ ਵੀ ੧੯੮੪ ਈ. ਵੇਲੇ ਆਪਣੇ ਗੰਦੇ ਕੱਪੜੇ, ਵਸਤਰ ਆਦਿ ਸਰੋਵਰ ਵਿਚ ਧੋਤੇ। ਗੰਦਗੀ ਸਾਰਾ ਕੁਝ ਸਰੋਵਰ ਦੇ ਜਲ ਵਿਚ ਮਿਲਦਾ ਗਿਆ। ਜੇ ਇਹ ਸਭ ਦੇਖ ਕੇ ਮੈਂ ਬੋਲਦਾ ਸੀ ਤਾਂ ਰਘੂਨੰਦਨ ਲਾਲ ਭਾਟੀਆ ਅੱਗੋਂ ਆਖਦਾ ਕੋਈ ਨਾ ਸਿੰਘ ਸਾਹਿਬ, ਸ਼ਾਂਤ ਰਹੋ! ਅਸੀਂ ਬਹਿ ਕੇ ਗੱਲ ਕਰਾਂਗੇ, ਹੌਲੀ ਬੋਲੋਂ। ਮੈਂ ਆਖਿਆ ਚੱਲੋ ਤੁਹਾਡੀ ਵੀ ਗੱਲ ਮੰਨ ਲੈਂਦੇ ਹਾਂ ਕਿ ਅਕਾਲ ਤਖਤ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ, ਜਿਨ੍ਹਾਂ ਨੂੰ ਤੁਸੀਂ ਅੱਤਵਾਦੀ ਕਹਿੰਦੇ ਹੋ। ਪਰ ਸਮੁੰਦਰੀ ਹਾਲ ਨੂੰ ੭ ਤਾਰੀਖ਼ ਨੂੰ ਮੇਰੇ ਸਾਹਮਣੇ ਅੱਗ ਲਾਈ ਗਈ। ਕਿਉਂ? ਉੱਥੇ ਕੌਣ ਬੈਠਾ ਸੀ? ਉੱਥੇ ਕੀ ਸੀ? ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਵੀ ਮੇਰੇ ਸਾਹਮਣੇ ਅੱਗ ਲਗਾਈ ਗਈ। ਕਿਉਂ? ਉਸ ਥਾਂ 'ਤੇ ਤਾਂ ਕੋਈ ਨਹੀਂ ਸੀ। ਸੈਂਤੀ ਗੁਰਦੁਆਰਾ ਸਾਹਿਬਾਨ 'ਤੇ ਹਮਲੇ ਕੀਤੇ ਗਏ, ਉੱਥੇ ਕੌਣ ਲੁਕੇ ਸਨ? ਉੱਥੇ ਕਿਉਂ ਗੁਰੂ-ਘਰਾਂ ਦੀ ਬੇਅਦਬੀ ਕੀਤੀ ਗਈ? ਇੰਨਾ ਕਹਿ ਕੇ ਫਿਰ ਲੰਮਾ ਹਉਕਾ ਲਿਆ ਤੇ ਦੋ ਕੁ ਮਿੰਟ ਚੁੱਪ ਹੋ ਗਏ। ਗਲੀ ਸ਼ਹੀਦ ਬੁੰਗਾ (ਕੌਲਸਰ) ਵਿਖੇ ਮੇਰੀ ਰਿਹਾਇਸ਼ ਸੀ। ਫੌਜ ਨੇ ਹਮਲਾ ਤਾਂ ੪ ਜੂਨ ਸਵੇਰੇ ੪ ਵਜ ਕੇ ੪੪ ਮਿੰਟ 'ਤੇ ਕਰ ਦਿੱਤਾ ਸੀ। ਇਸ ਅੰਧਾਧੁੰਦ ਫਾਇਰਿੰਗ ਵਿਚ ਵੀ ੫ ਜੂਨ ਬਾਅਦ ਦੁਪਹਿਰ ਤਕ ਡਿਊਟੀ ਦਿੱਤੀ ਸੀ। ੬ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਨਹੀਂ ਆ ਸਕਿਆ, ਪਰ ਹੋਰ ਗ੍ਰੰਥੀ ਸਿੰਘ ਗਿਆਨੀ ਮੋਹਣ ਸਿੰਘ ਅਤੇ ਗਿਆਨੀ ਪੂਰਨ ਸਿੰਘ ਜੀ,

ਜੋ ੫ ਜੂਨ ਸ਼ਾਮ ਨੂੰ ਅੰਦਰ ਸਨ, ਬਾਹਰ ਨਹੀਂ ਆ ਸਕੇ।

ਉਨ੍ਹਾਂ ਅੱਗੇ ਦੱਸਿਆ ਕਿ ਗਿਆਨੀ ਮੋਹਣ ਸਿੰਘ ਅਤੇ ਗਿਆਨੀ ਪੂਰਨ ਸਿੰਘ ਨੂੰ ਨਾਲ ਲੈ ਕੇ ਕੁਝ ਫੌਜੀ ਜਵਾਨ ੭ ਜੂਨ ਸਵੇਰੇ ੫ ਵਜੇ ਦੇ ਕਰੀਬ ਮੇਰੇ ਘਰ ਆਏ। ਉਨ੍ਹਾਂ ਕਿਹਾ ਕਿ ਤੁਹਾਨੂੰ ਜਰਨਲ ਸਾਹਿਬ ਬੁਲਾ ਰਹੇ ਹਨ, ੧੫ ਮਿੰਟਾਂ ਵਿਚ ਤਿਆਰ ਹੋ ਕੇ ਸਾਡੇ ਨਾਲ ਚੱਲੋ। ਮੈਂ ਉਨ੍ਹਾਂ ਨਾਲ ਆਇਆ ਤਾਂ ਵੇਖਿਆ ਕਿ ਆਟਾ ਮੰਡੀ, ਕਟੜਾ ਦਲ ਸਿੰਘ ਤੇ ਪਿਛਲੀ ਡਿਉੜੀ ਵਿਚ ਬੇ-ਇੰਤਹਾ ਫੌਜ ਸੀ। ਥਾਂ-ਥਾਂ ’ਤੇ ਰਸਤੇ ਵਿਚ ਫੌਜੀ ਪੁੱਛਦੇ ਸਨ, “ਯੇਹ ਕੌਨ ਹੈ ਇਸੇ ਗੋਲੀ ਮਾਰ ਦੇਂ?” ਜਿਹੜੇ ਫੌਜੀ ਮੈਨੂੰ ਲੈਣ ਵਾਸਤੇ ਆਏ ਸਨ, ਉਹ ਦੱਸਦੇ ਸਨ “ਸਵਰਨ ਮੰਦਰ ਕਾ ਹੈੱਡ ਪੁਜਾਰੀ ਹੈ।” ਅੰਦਰ ਆ ਕੇ ਵੇਖਿਆ ਕਿ ਫੌਜ ਨੇ ਪਰਕਰਮਾ ਵਿਚ ਅਨੇਕਾਂ ਹੀ ਸਿੰਘ ਬਿਠਾਏ ਹੋਏ ਸਨ, ਜਿਨ੍ਹਾਂ ਦੀਆਂ ਪਗੜੀਆਂ ਲਾਹ ਕੇ, ਉਨ੍ਹਾਂ ਨਾਲ ਹੀ ਹੱਥ ਪਿੱਛੇ ਬੰਨ੍ਹੇ ਹੋਏ ਸਨ, ਇਨ੍ਹਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮ ਅਤੇ ਹੋਰ ਬਾਕੀ ਬਹੁਤੇ ਯਾਤਰੀ ਸਨ। ਦਹਿਸ਼ਤ ਬੜੀ ਸੀ। ਸੰਤ ਭਿੰਡਰਾਂਵਾਲਿਆਂ ਦੇ ਸੇਵਕ ਗਿ. ਸੁਜਾਨ ਸਿੰਘ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਵੀ ਇਨ੍ਹਾਂ ਵਿਚ ਸਨ। ਪਰਕਰਮਾ ਵਿਚ ਇੱਕ ਸਿੱਖ ਕਰਨਲ ਖੜ੍ਹਾ ਸੀ- ਬੜਾ ਹੀ ਅੱਖੜ ਅਤੇ ਆਕੜਬਾਜ਼। ਮੇਰੇ ਨਾਲਦੇ ਫੌਜੀਆਂ ਨੇ ਜਦੋਂ ਮੇਰੇ ਬਾਰੇ ਦੱਸਿਆ ਤਾਂ ਕਹਿਣ ਲੱਗਾ, “ਜੇ ਹੈੱਡ ਗ੍ਰੰਥੀ ਹੋ ਤਾਂ ਅੰਦਰ ਚੱਲੋ।”

ਪਰਕਰਮਾ ਵਿਚ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਲਾਗੇ ਦੋ ਟੈਂਕ ਖੜ੍ਹੇ ਸਨ। ਸਭ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਭਾਈ ਅਮਰੀਕ ਸਿੰਘ ਰਾਗੀ ਦੀ ਵੀ ਲਾਸ਼ ਸੀ। ਮੈਂ ਉਸ ਕਰਨਲ ਨੂੰ ਪੁੱਛਿਆ “ਜੋ ਸਿੰਘ ਤੁਸੀਂ ਇੱਥੇ ਬਿਠਾਏ ਹਨ, ਕੀ ਮੈਂ ਇਨ੍ਹਾਂ ਨੂੰ ਮਿਲ ਸਕਦਾ ਹਾਂ?” ਉਸ ਨੇ ਜਵਾਬ ਦਿੱਤਾ, ਸਾਨੂੰ ਹੁਕਮ ਨਹੀਂ ਹੈ।” ਮੈਂ ਉਸ ਨੂੰ ਦੱਸਿਆ ਕਿ ਇਹ ਸਾਡਾ ਆਪਣਾ ਹੀ ਸਟਾਫ਼ ਹੈ। ਇਹ ਸਾਡੇ ਹੀ ਸ੍ਰੀ ਦਰਬਾਰ ਸਾਹਿਬ ਅੰਦਰ ਡਿਊਟੀ ’ਤੇ ਸਨ। ਇਸ ’ਤੇ ਕਰਨਲ ਨੇ ਕਿਹਾ, “ਤੁਸੀਂ ਇਨ੍ਹਾਂ ਨੂੰ ਵੇਖ ਸਕਦੇ ਹੋ ਪਰ ਗੱਲ ਨਹੀਂ ਕਰ ਸਕਦੇ, ਜੇ ਬੋਲੋਗੇ, ਤਾਂ ਗੋਲੀ ਮਾਰ ਦਿਆਂਗੇ।”

ਇਨ੍ਹਾਂ ਵਿਚ ਬਹੁਤੇ ਸਿੰਘ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਜੀ ਪਾਸ ਬੈਠੇ ਸਨ। ਮੈਨੂੰ ਵੇਖ ਕੇ ਕਈ ਰੋਣ ਲੱਗੇ। ਕਈਆਂ ਨੇ ਕਿਹਾ ਕਿ ਸਾਨੂੰ ਪਾਣੀ ਤਾਂ ਪਿਲਵਾ ਦਿਓ। ਜੋ ਵੀ ਕੋਈ ਬੋਲਦਾ ਫੌਜੀ ਉਸ ਵਿਚਾਰੇ ਨੂੰ ਬੱਟ ਮਾਰਨ ਲੱਗਦੇ ਅਤੇ ਗਾਲ੍ਹਾਂ ਕੱਢਦੇ ਹੋਏ ਕਹਿੰਦੇ, “. . . ਪਾਨੀ ਮਾਂਗਤਾ ਹੈ!” ਮੈ ਕਰਨਲ ਨੂੰ ਕਿਹਾ ਕਿ ਲੋਕੀਂ ਪਾਣੀ ਪਿਲਾਉਣ ਵਾਸਤੇ ਛਬੀਲਾਂ ਲਗਾਉਂਦੇ ਹਨ। ਇਨ੍ਹਾਂ ਨੂੰ ਪਾਣੀ ਤਾਂ ਪਿਲਵਾ ਦਿਓ।

ਮੇਰੇ ਵੱਲੋਂ ਹੋਰ ਪੁੱਛਣ ’ਤੇ ਸਿਘ ਸਾਹਿਬ ਨੇ ਹੋਰ ਦੱਸਦਿਆਂ ਹੋਇਆਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀਆਂ ਸਾਰੀਆਂ ਇਮਾਰਤਾਂ ਵਿਚ ਚਾਰੇ ਪਾਸੇ ਫੌਜ ਹੀ ਫੌਜ ਸੀ। ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਉਸ ਸਮੇਂ ਅੱਗ ਲੱਗੀ ਹੋਈ ਸੀ, ਸਾਰੀ ਪਰਕਰਮਾ ਦਾ ਬਹੁਤ ਬੁਰਾ ਹਾਲ ਸੀ। ਫਰਸ਼ ਸੰਗਤਾਂ ਦੇ ਖ਼ੂਨ ਨਾਲ ਲਾਲੋ-ਲਾਲ ਸੀ। ਸਾਰੀ ਜਗ੍ਹਾ ਗੋਲਾ-ਬਾਰੂਦ ਅਤੇ ਕੱਚ ਦੇ ਟੁੱਕੜਿਆਂ ਨਾਲ ਭਰੀ ਹੋਈ ਸੀ। ਕਿਤੇ ਪੈਰ ਰੱਖਣ ਨੂੰ ਵੀ ਥਾਂ ਨਹੀਂ ਸੀ। ਫੌਜੀ ਕਹਿਣ ਕਿ ਜੁੱਤੀ ਪਾ ਲਓ। ਮੈਂ ਕਿਹਾ ਕਿ ਮੈਂ ਤਾਂ ਇਵੇਂ ਹੀ ਨੰਗੇ ਪੈਰ ਅੰਦਰ ਜਾਵਾਂਗਾ।

ਛਬੀਲ ਵਾਲੇ ਮੋੜ 'ਤੇ ਉੱਪਰੋਂ ਕਿਸੇ ਫੌਜੀ ਨੇ ਮੇਰੇ 'ਤੇ ਗੋਲੀ ਚਲਾਈ, ਪਰ ਮੈਂ ਬਚ ਗਿਆ। ਮੈਨੂੰ ਲੈ ਕੇ ਆਏ ਫੌਜੀ ਕਹਿੰਦੇ ਰਹੇ ਕਿ "ਯੇਹ ਹੈੱਡ ਪੁਜਾਰੀ ਹੈ" ਪਰ ਇੱਥੇ ਕੋਈ ਕਿਸੇ ਦੀ ਨਹੀਂ ਸੁਣਦਾ ਸੀ। ਲਾਚੀ ਬੇਰ ਗੁਰਦੁਆਰੇ ਲਾਗੇ ਫਿਰ ਮੇਰੇ 'ਤੇ ਗੋਲੀ ਚਲਾਈ, ਜੋ ਬਿਲਕੁਲ ਹੀ ਮੇਰੇ ਲਾਗੇ ਫਰਸ਼ 'ਤੇ ਲੱਗੀ। ਲਾਚੀ ਬੇਰ ਲਾਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿਚ ਲਾਸ਼ਾਂ ਹੀ ਲਾਸ਼ਾਂ ਸਨ। ਦਰਸ਼ਨੀ ਡਿਉੜੀ, ਝੰਡਾ ਬੁੰਗਾ, ਨਵੀਂ ਡਿਉੜੀ ਵਿਖੇ ਹਰ ਥਾਂ ਫੌਜੀ ਮਸ਼ੀਨ ਗੰਨਾਂ ਅਤੇ ਐਲ. ਐਮ. ਜੀ. ਫਿੱਟ ਕਰ ਕੇ ਪੋਜ਼ੀਸ਼ਨਾਂ ਲਈ ਬੈਠੇ ਸਨ। ਇਤਿਹਾਸਿਕ ਲਾਚੀ ਬੇਰ ਦਾ ਬੁਰਾ ਹਾਲ ਸੀ। ਲਾਗਲੇ ਪਾਲਕੀ ਸਾਹਿਬ ਵਾਲੇ ਕਮਰੇ ਵਿਚ ਰੁਮਾਲੇ ਆਦਿ ਬੁਰੀ ਤਰ੍ਹਾਂ ਖਿੱਲਰੇ ਪਏ ਸਨ। ਬੜੇ ਹੀ ਦੁਖ ਨਾਲ ਮੈਂ ਇੱਥੋਂ ਤਕ ਪੁੱਜਾ ਸੀ। ਦਰਸ਼ਨੀ ਡਿਉੜੀ ਹੇਠਾਂ ਅਤੇ ਉੱਪਰ ਭਾਰੀ ਗਿਣਤੀ ਵਿਚ ਫੌਜੀ ਬੂਟਾਂ ਸਮੇਤ ਹੀ ਖੜ੍ਹੇ ਸਨ ਅਤੇ ਬੀੜੀਆਂ ਸਿਗਰਟਾਂ ਪੀ ਰਹੇ ਸਨ। ਇਹ ਵੀ ਮੈਨੂੰ ਵੇਖ ਕੇ ਗਾਲ੍ਹਾਂ ਕੱਢਣ ਲੱਗੇ। "ਯੇ . . . ਕੌਣ ਹੈ?" ਸਾਰੇ ਹੀ ਫੌਜੀ ਇੰਨੀਆਂ ਗਾਲ੍ਹਾਂ ਕੱਢਦੇ ਸਨ ਕਿ ਮੈਂ ਦੱਸਣੋਂ ਵੀ ਅਸਮਰਥ ਹਾਂ ਦਹਿਲੀਜ਼ ਤੋਂ ਲੈ ਕੇ ਪੁਲ ਤਕ ਦਰਸ਼ਨੀ ਡਿਉੜੀ ਦਾ ਮਲਬਾ ਖਿਲਰਿਆ ਪਿਆ ਸੀ। ਪੁਲ 'ਤੇ ਵੀ ਭਾਰੀ ਗਿਣਤੀ ਵਿਚ ਗਾਰਦ ਤੈਨਾਤ ਸੀ। ਅੱਗੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਵੀ ਫੌਜੀ ਪਹਿਰਾ ਦੇ ਰਹੇ ਸਨ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾ ਬਹੁਤ ਮਾੜਾ ਹਾਲ ਸੀ। ਅੰਦਰ ਜੋ ਵਿਛਾਈ (ਦਰੀ) ੫ ਜੂਨ ਨੂੰ ਹੋਈ ਸੀ, ਉਹ ੬ ਜੂਨ ਨੂੰ ਬਦਲੀ ਨਹੀਂ ਜਾ ਸਕੀ ਸੀ। ਗੋਲਾ-ਬਾਰੂਦ ਦਾ ਕੱਚ ਅੰਦਰ ਵੀ ਸੀ। ਦਰਬਾਰ ਦੇ ਅੰਦਰ ੫-੭ ਫੌਜੀ ਸਿੰਘ ਬੈਠੇ ਸਨ, ਇਕ ਗ੍ਰੰਥੀ, ਸੇਵਾਦਾਰ ਅਤੇ ਦੋ ਕਰਨਲ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਜਰਨਲ ਸਾਹਿਬ ਤੁਹਾਨੂੰ ਉਡੀਕ ਕੇ ਹੁਣੇ ਗਏ ਹਨ। ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸ਼ਬਦ ਕੀਰਤਨ ਦਾ ਪ੍ਰਬੰਧ ਕਰੋ!"

ਮੈਨੂੰ ਦੂਜੇ ਗ੍ਰੰਥੀ ਸਾਹਿਬਾਨ ਗਿ. ਮੋਹਣ ਸਿੰਘ ਤੇ ਗਿ. ਪੂਰਨ ਸਿੰਘ ਨੇ ਦੱਸ ਦਿੱਤਾ ਸੀ ਕਿ ਪਾਵਨ ਬੀੜ ਸਾਹਿਬ ਨੂੰ ਗੋਲੀ ਲੱਗੀ ਹੈ।

ਇਹ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੀ ਪ੍ਰਕਾਸ਼ ਸੀ। ਹਰਿ ਕੀ ਪੌੜੀ ਵਿਖੇ ਤਾਂ ਇਕ ਪਾਠੀ ਸਿੰਘ ਪਾਠ ਕਰ ਰਹੇ ਸੀ, ਖਿੜਕੀ 'ਤੇ ਗੋਲੀ ਲੱਗਣ ਨਾਲ, ਸ਼ੀਸ਼ਾ ਟੁੱਟ ਕੇ ਇਕ ਟੁੱਕੜਾ ਉਸ ਦੇ ਹੱਥ 'ਤੇ ਲੱਗਾ, ਜਿਸ ਦਾ ਖ਼ੂਨ ਰੁਮਾਲੇ 'ਤੇ ਲੱਗ ਗਿਆ ਸੀ। ਪਹਿਲੀ ਜੂਨ ਨੂੰ ਵੀ ਸੀ. ਆਰ. ਪੀ. ਨੇ ਸ੍ਰੀ ਦਰਬਾਰ ਸਾਹਿਬ 'ਤੇ ਚਾਰੇ ਪਾਸਿਓਂ ਵਹਿਸ਼ੀਆਨਾ ਫਾਇਰਿੰਗ ਕੀਤੀ ਸੀ। ਅਗਲੇ ਦਿਨ ਦੇ ਹਾਲਾਤ ਵੀ ਚੰਗੇ ਨਹੀਂ ਸਨ। ਅਸੀਂ ਪ੍ਰਧਾਨ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਲਾਹ ਕਰ ਕੇ ੪ ਜੂਨ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪਰਕਰਮਾ ਦੇ ਸਾਰੇ ਗੁਰਦੁਆਰਾ ਸਾਹਿਬਾਨ ਵਿਖੇ ਅਖੰਡ ਪਾਠਾਂ ਦਾ ਭੋਗ ਪਾ ਕੇ ਪਾਵਨ ਬੀੜਾਂ ਦਾ ਸੁਖ-ਆਸਨ ਕਰ ਦਿੱਤਾ ਸੀ, ਪਰ ਹਰਿ ਕੀ ਪੌੜੀ ਵਿਖੇ ਅਖੰਡ ਪਾਠ ਜਾਰੀ ਰਿਹਾ ਸੀ। ਜਿਸ ਦਾ ਭੋਗ ਸਾਡੇ ਸਿੰਘਾਂ ਨੇ ਸਵੇਰੇ ੬ ਜੂਨ ਨੂੰ ਪਾਇਆ। ਕਰਫਿਊ ਤੇ ਫੌਜੀ ਹਮਲੇ ਕਾਰਨ ਕਈ ਡਿਊਟੀ ਵਾਲੇ ਸਿੰਘ ਅੰਦਰ ਨਹੀਂ ਆ ਸਕੇ ਸਨ, ਜਿਸ ਕਰਕੇ ਭਾਈ ਹਰਪਾਲ ਸਿੰਘ ਅਖੰਡ ਪਾਠੀ

ਲਗਾਤਾਰ ੮-੮, ੧੦-੧੦ ਘੰਟੇ ਡਿਊਟੀ ਦਿੰਦੇ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਲਈ ਵਿਛਾਈ ਅਤੇ ਰੁਮਾਲੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਤੋਂ ਲਿਆ ਕੇ ਲੱਗਭਗ ੬ ਜੂਨ ੭:੩੦ ਵਜੇ ਪ੍ਰਕਾਸ਼ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਅੰਦਰਲੇ ਦੋ ਕਰਨਲਾਂ (ਸ਼ਮਿੰਦਰ ਸਿੰਘ ਤੇ ਸ਼ਰਮਾ) ਨੇ ਜਦੋਂ ਮੈਨੂੰ ਕਿਹਾ ਕਿ ਸ਼ਬਦ ਕੀਰਤਨ ਦਾ ਪ੍ਰਬੰਧ ਕਰੋ, ਤਾਂ ਮੈਂ ਕਿਹਾ ਕਿ ਇਸ ਮੰਤਵ ਲਈ ਕਾਫੀ ਸਟਾਫ਼ ਚਾਹੀਦਾ ਹੈ। ਉਹ ਆਖਣ ਲੱਗੇ ਕਿ ਸਟਾਫ਼ ਹੁਣ ਕਿੱਥੋਂ ਲਿਆਈਏ? ਮੈਂ ਉਨ੍ਹਾਂ ਨੂੰ ਦੱਸਿਆ ਕਿ ਪਰਕਰਮਾ ਵਿਚ ਤੁਸੀਂ ਜੋ ਸਿੰਘ ਬਿਠਾਏ ਹਨ, ਇਸ ਵਿਚ ਸਾਡੇ ਬਹੁਤ ਸਾਰੇ ਮੁਲਾਜ਼ਮ ਹਨ, ਇਨ੍ਹਾਂ ਨੂੰ ਛਡਾ ਦਿਉ। ਉਹ ਮੰਨ ਗਏ ਅਤੇ ਮੈਨੂੰ ਲੈ ਕੇ ਉੱਧਰ ਆਏ। ਮੈਂ ਸਟਾਫ਼ ਮੈਂਬਰਾਂ ਬਾਰੇ ਦੱਸਦਾ ਰਿਹਾ, ਉਹ ਸਭ ਤੋਂ ਪਹਿਲਾਂ ਉਸ ਦੇ ਹੱਥ ਸੁੰਘਦੇ ਸਨ। ਮੈਂ ਹੈਰਾਨ ਹੋ ਕੇ ਪੁੱਛਿਆ ਕਿ ਤੁਸੀਂ ਹੱਥ ਕਿਉਂ ਸੁੰਘਦੇ ਸੀ? ਮੈਨੂੰ ਵੀ ਉਦੋਂ ਹੀ ਪਤਾ ਲੱਗਾ ਕਿ ਜਿਸ ਹੱਥ ਨਾਲ ਗੋਲੀ ਚੱਲਦੀ ਰਹੀ ਹੋਵੇ, ਉਨ੍ਹਾਂ ਨੂੰ ਸੁੰਘ ਕੇ ਪਤਾ ਲੱਗ ਜਾਂਦਾ ਹੈ। ਉਂਗਲੀਆਂ ਵੇਖ ਕੇ ਪਤਾ ਲੱਗ ਜਾਂਦਾ ਹੈ। ਪੰਦਰਾਂ ਕੁ ਸਿੰਘਾਂ ਨੂੰ ਇਨ੍ਹਾਂ ਨੇ ਮੇਰੇ ਕਹਿਣ 'ਤੇ ਛੱਡ ਦਿੱਤਾ (ਬਾਕੀ ਦੇ ਕੈਦੀ ਬਣਾ ਕੇ ਕੈਂਪ ਵਿਚ ਭੇਜ ਦਿੱਤੇ) ਦੋ-ਢਾਈ ਵਜੇ ਦਾ ਸਮਾਂ ਹੋਵੇਗਾ, ਜਦ ਕੀਰਤਨ ਦਾ ਪ੍ਰਬੰਧ ਹੋਇਆ। ਇਨ੍ਹਾਂ ਵਿਚ ਹਜ਼ੂਰੀ ਰਾਗੀ ਭਾਈ ਮਹਿੰਦਰ ਸਿੰਘ ਨਾਲ ਤਬਲਾ ਵਜਾਉਣ ਵਾਲਾ ਸਿੰਘ ਭਾਈ ਗੁਰਚਰਨ ਸਿੰਘ ਵੀ ਸੀ, ਜੋ ਖ਼ੁਦ ਵੀ ਕੀਰਤਨ ਕਰ ਲੈਂਦਾ ਸੀ। ਇਕ ਸੂਰਮਾ ਸਿੰਘ ਭਾਈ ਚਰਨਜੀਤ ਸਿੰਘ ਜੋ ਤਬਲਾ ਵਜਾ ਲੈਂਦਾ ਸੀ ਅਤੇ ਸੰਤ ਭਿੰਡਰਾਂਵਾਲੇ ਦਾ ਰਾਗੀ ਭਾਈ ਹਰਭਜਨ ਸਿੰਘ ਸੀ। ਪਹਿਲੇ ਕਈ ਦਿਨ ਇਹ ਕੀਰਤਨ ਕਰਦੇ ਰਹੇ।

ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਹਰਪਾਲ ਸਿੰਘ ਇਹ ਸਾਰੇ ਪਹਿਲਾਂ ਕਈ ਦਿਨ ਮੇਰੇ ਘਰ ਰਹੇ। ਇਨ੍ਹਾਂ ਨੂੰ ਛੁਡਾ ਕੇ ਪਹਿਲਾਂ ਹੀ ਆਪਣੇ ਘਰ ਲੈ ਕੇ ਗਿਆ। ਕਈਆਂ ਦੇ ਕੱਪੜਿਆਂ 'ਤੇ ਖ਼ੂਨ ਲੱਗਾ ਸੀ। ਇਨ੍ਹਾਂ ਇਸ਼ਨਾਨ ਕੀਤਾ, ਕੱਪੜੇ ਧੋਤੇ-ਬਦਲੇ, ਕਈਆਂ ਨੂੰ ਮੈਂ ਆਪਣੇ ਕੱਪੜੇ ਦਿੱਤੇ।

ਉਨ੍ਹਾਂ ਆਪਣੀ ਗੱਲ ਜਾਰੀ ਰੱਖਦਿਆਂ ਆਖਿਆ ਕਿ ੭ ਜੂਨ ਨੂੰ ਹੀ ਬਿਜਲੀ ਵਾਲੇ ਅਤੇ ਰੇਡੀਓ ਵਾਲੇ ਆ ਗਏ ਸਨ। ਉਨ੍ਹਾਂ ਤਾਰਾਂ ਆਦਿ ਫਿੱਟ ਕਰ ਲਈਆਂ। ਮਿਲਟਰੀ ਵਾਲੇ ਲਾਗੇ ਕਿਸੇ ਹਿੰਦੂ ਸੱਜਣ ਤੋਂ ਉਸ ਦਾ ਲਾਊਡ ਸਪੀਕਰ ਵੀ ਲੈ ਕੇ ਆਏ ਸਨ, ਜੋ ਅਸੀਂ ਬਾਅਦ ਵਿਚ ਵਾਪਸ ਕੀਤਾ। ਸਰੋਵਰ ਵਿਚ ਵੀ ੧੦-੧੨ ਲਾਸ਼ਾਂ ਤੈਰ ਰਹੀਆਂ ਸਨ। ਮੈਂ ੭ ਜੂਨ ਨੂੰ ਵੇਖਿਆ ਸੀ ਕਿ ਇਕ ਸਿੰਘ ਨੇ ਪਰਕਰਮਾ ਦੇ ਕਿਸੇ ਕਮਰੇ ਵਿੱਚੋਂ ਦੌੜ ਕੇ ਸਰੋਵਰ ਵਿਚ ਛਾਲ ਮਾਰ ਦਿੱਤੀ। ਫੌਜੀਆਂ ਨੇ ਸਰੋਵਰ ਵਿਚ ਹੀ ਉਸ ਤੇ ਗੋਲੀਆਂ ਚਲਾਈਆਂ।

੭ ਜੂਨ ਨੂੰ ਸਾਨੂੰ ਪਤਾ ਲੱਗਾ ਸੀ ਕਿ ਸੰਤ ਜਰਨੈਲ ਸਿੰਘ ਦੀ ਲਾਸ਼ ਘੰਟਾ ਘਰ ਵਾਲੀ ਡਿਉੜੀ ਵਿਚ ਰੱਖੀ ਹੈ, ਪਰ ਫੌਜ ਨੇ ਸਾਨੂੰ ਉੱਧਰ ਜਾਣ ਹੀ ਨਹੀਂ ਦਿੱਤਾ। ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਉੱਤੋਂ ਉਨ੍ਹਾਂ ਦੇ ਭਰਾ ਸ. ਹਰਚਰਨ ਸਿੰਘ ਰੋਡੇ ਨੂੰ ਸੰਤ ਜਰਨੈਲ ਸਿੰਘ ਦੀ ਲਾਸ਼ ਦੇ ਕੋਲ ਖੜ੍ਹਿਆਂ ਦੇਖਿਆ।

ਜਿਸ ਦਿਨ ਗਿਆਨੀ ਜੀ ਆਏ, ਉਸ ਦਿਨ ਸਵੇਰੇ ਕੁਝ ਫੌਜੀ ਮੈਨੂੰ ਲੰਗਰ ਦੀ ਬਿਲਡਿੰਗ ਵੱਲ ਲੈ ਗਏ। ਇਸ ਦੀਆਂ ਸਾਰੀਆਂ ਮੰਜ਼ਲਾਂ ਵਿਚ ਫੌਜੀ ਹੀ ਫੌਜੀ ਸੀ। ਇੱਥੇ ਡੋਗਰਾ ਰੈਜਮੈਂਟ ਸੀ। ਕਰਨਲ ਬਾਜਵਾ ਅਤੇ ਇਕ ਹੋਰ ਕਰਨਲ ਮੈਨੂੰ ਕਿਹਾ ਕਿ, ਰਾਮਗੜ੍ਹੀਆ ਬੁੰਗਾ ਵਿਚ ਕੁਝ ਅੱਤਵਾਦੀ ਹਨ, ਉਹ ਸਾਡੇ ਕੈਪਟਨ ਡਾਕਟਰ ਨੂੰ ਚੁੱਕ ਕੇ ਅੰਦਰ ਲੈ ਗਏ ਹਨ। ਉਹ ਕਹਿੰਦੇ ਹਨ ਕਿ ਜੇਕਰ ਪੰਜ ਸਿੰਘ ਸਾਹਿਬਾਨ ਸਾਨੂੰ ਕਹਿ ਦੇਣ ਤਾਂ ਅਸੀਂ ਹਥਿਆਰ ਸੁੱਟ ਦੇਵਾਂਗੇ। ਮੇਰੇ ਨਾਲ ਗਿਆਨੀ ਪੂਰਨ ਸਿੰਘ ਵੀ ਸਨ। ਦੋ ਸਿੰਘ ਬੁੰਗੇ ਦੇ ਬਾਹਰ ਪਿੱਠਾਂ ਜੋੜ ਕੇ ਹੱਥ ਬੰਨ੍ਹ ਕੇ ਬਿਠਾਏ ਹੋਏ ਸਨ। ਅਸੀਂ ਉਨ੍ਹਾਂ (ਫੌਜੀਆਂ) ਨੂੰ ਪੁੱਛਿਆ ਕਿ ਜੇਕਰ ਇਹ ਹਥਿਆਰ ਸੁੱਟ ਦੇਣ ਤਾਂ ਤੁਸੀਂ ਗੋਲੀ ਤਾਂ ਨਹੀਂ ਮਾਰੋਗੇ? ਉਹ ਕਹਿਣ ਲੱਗੇ ਕਿ ਜੇ ਸਾਡੇ ਬੰਦੇ ਇਨ੍ਹਾਂ ਨੇ ਨਹੀਂ ਮਾਰੇ ਤਾਂ ਗੋਲੀ ਨਹੀਂ ਮਾਰਾਂਗੇ।

ਬੁੰਗਾ ਰਾਮਗੜ੍ਹੀਆ ਵਿਚ ਬਾਬਾ ਖੜਕ ਸਿੰਘ ਜੀ ਦੇ ਡੇਰੇ ਵੱਲ ਦੀ ਅਸੀਂ ਲਾਊਡ ਸਪੀਕਰ ਰਾਹੀਂ ਉਨ੍ਹਾਂ ਸਿੰਘਾਂ ਨੂੰ ਪੁੱਛਿਆ ਕਿ ਜੇ ਕੋਈ ਫੌਜੀ ਪਕੜੇ ਹਨ ਤਾਂ ਉਨ੍ਹਾਂ ਨੂੰ ਛੱਡ ਦਿਓ, ਬਾਹਰ ਆ ਜਾਓ। ਇਹ ਤੁਹਾਨੂੰ ਗੋਲੀ ਨਹੀਂ ਮਾਰਨਗੇ; ਹੇਠੋਂ ਉਨ੍ਹਾਂ ਦੀ ਅਵਾਜ਼ ਤਾਂ ਆ ਰਹੀ ਸੀ, ਪਰ ਕੁਝ ਸਮਝ ਨਹੀਂ ਆ ਰਿਹਾ ਸੀ। ਉਨ੍ਹਾਂ ਇਹ ਕਿਹਾ ਕਿ ਸਾਡੇ ਪਾਸ ਕੋਈ ਬੰਦਾ ਨਹੀਂ। ਇਸ 'ਤੇ ਕਰਨਲ ਕਹਿਣ ਲੱਗੇ ਤੁਸੀਂ ਜਾਓ। ਅਸੀਂ ਇਨ੍ਹਾਂ ਨੂੰ ਆਪੇ ਸਾਂਭ ਲਵਾਂਗੇ। ਗਿਆਨੀ ਜੈਲ ਸਿੰਘ ਦੇ ਆਉਣ ਦਾ ਸਮਾਂ ਹੋ ਰਿਹਾ ਸੀ।

੮ ਜੂਨ ਨੂੰ ਗਿਆਨੀ ਜੈਲ ਸਿੰਘ ਨੇ ਆਉਣਾ ਸੀ। ਇਨ੍ਹਾਂ (ਫੌਜ) ਨੇ ਘੰਟਾ-ਘਰ ਵਾਲੇ ਪਾਸੇ ਡਿਉੜੀ ਤੋਂ ਲੈ ਕੇ ਸਿੱਧੇ ਰਸਤੇ (ਬਾਬਾ ਬੁੱਢਾ ਜੀ ਦੀ ਬੇਰੀ ਵੱਲ) ਪਰਕਰਮਾ ਵਿੱਚੋਂ ਲਾਸ਼ਾਂ ਚੁੱਕ ਦਿੱਤੀਆਂ। ਪਰ ਬਾਕੀ ਸਾਰੇ ਪਾਸੇ ਲਾਸ਼ਾਂ ਪਈਆਂ ਸਨ। ਗਿਆਨੀ ਜੈਲ ਸਿੰਘ ਆਏ ਤਾਂ ਉਨ੍ਹਾਂ ਦੇ ਕਿਸੇ ਕਰਮਚਾਰੀ ਨੇ ਉਨ੍ਹਾਂ 'ਤੇ ਛੱਤਰੀ ਤਾਣੀ ਹੋਈ ਸੀ, ਮੈਂ ਸੇਵਾਦਾਰ ਭੇਜਿਆ ਕਿ ਛੱਤਰੀ ਬੰਦ ਕਰੋ। ਉਸ ਨੇ ਬੰਦ ਕਰ ਦਿੱਤੀ।

ਗਿਆਨੀ ਜੈਲ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਨੇ ਕਿਸੇ ਅਫ਼ਸਰ ਨੂੰ ਕਿਹਾ ਕਿ ਮੈਨੂੰ ਗਿਆਨੀ ਸਾਹਿਬ ਸਿੰਘ ਨਾਲ ਮਿਲਾਓ। ਗਿਆਨੀ ਜੈਲ ਸਿੰਘ ਨੇ ਸਭ ਤੋਂ ਪਹਿਲੋਂ ਮੈਥੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਬਾਰੇ ਪੁੱਛਿਆ। ਮੈ ਉਨ੍ਹਾਂ ਨੂੰ ਦੱਸਿਆ ਕਿ ਉਹ ਠੀਕ-ਠਾਕ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਫੌਜੀ ਨੰਗੇ ਸਿਰ ਬੂਟਾਂ ਸਮੇਤ ਹੀ ਅੰਦਰ ਹਨ। ਬੀੜੀ ਸਿਗਰਟ ਅਤੇ ਸ਼ਰਾਬਾਂ ਪੀ ਰਹੇ ਹਨ। ਇਨ੍ਹਾਂ ਦਾ ਰਵੱਈਆ ਬੜਾ ਹੀ ਬਦਤਮੀਜ਼ੀ ਵਾਲਾ ਹੈ। ਜਿਸ ਵੀ ਸਿੰਘ ਨੂੰ ਕਿਤੇ ਵੇਖਦੇ ਹਨ, ਗੋਲੀ ਮਾਰ ਦਿੰਦੇ ਹਨ। ਸੈਂਕੜੇ ਹੀ ਨਿਰਦੋਸ਼ ਸਿੰਘਾਂ ਨੂੰ ਮਾਰਿਆ ਹੈ। ਪਾਵਨ ਅਸਥਾਨਾਂ ਅਤੇ ਸਰੋਵਰ ਦੀ ਬੇਅਦਬੀ ਕਰਦੇ ਰਹੇ ਹਨ। ਮੁਗ਼ਲਾਂ ਤੋਂ ਵੀ ਵੱਧ ਜ਼ੁਲਮ ਕੀਤੇ ਹਨ। ਇਹ ਸਭ ਜ਼ੁਲਮ ਤੁਹਾਡੇ ਹੁੰਦਿਆਂ; ਇਕ ਸਿੱਖ ਰਾਸ਼ਟਰਪਤੀ ਦੇ ਹੁੰਦਿਆਂ ਹੋਏ।

ਗਿਆਨੀ ਜੀ ਨੇ ਦੱਸਿਆ ਕਿ ਸ੍ਰੀਮਤੀ ਗਾਂਧੀ ਨੇ ਮੈਨੂੰ ਕੁਝ ਦੱਸਿਆ ਨਹੀਂ ਸੀ। ਉਹ ਕਹਿਣ ਲੱਗੇ, ਮੈਂ ਕਲ ੭ ਜੂਨ ਨੂੰ ਆਉਣਾ ਸੀ, ਅੱਜ ਵੀ ਬੜੀ ਮੁਸ਼ਕਲ ਨਾਲ ਆਇਆ ਹਾਂ।

ਗਿਆਨੀ ਜੈਲ ਸਿੰਘ ਨੂੰ ਮੈਂ ਦੱਸਿਆ ਸੀ ਕਿ ਫੌਜੀ ਸਾਡੇ ਸਟਾਫ਼ ਅਤੇ ਮੇਰੇ ਨਾਲ

ਬੜੀ ਬਕਵਾਸ ਕਰਦੇ ਹਨ, ਬਦਕਲਾਮੀ ਕਰਦੇ ਹਨ, ਸਾਨੂੰ ਡਿਊਟੀ ਕਰਨੀ ਵੀ ਔਖੀ ਹੈ। ਸਾਨੂੰ ਵੀ ਗ੍ਰਿਫ਼ਤਾਰ ਕਰ ਲਓ। ਉਨ੍ਹਾਂ ਨੇ ਉਸੇ ਵੇਲੇ ਚਾਰੇ ਜਰਨੈਲਾਂ, ਸੁੰਦਰ ਜੀ, ਦਿਆਲ, ਬਰਾੜ ਤੇ ਜਮਵਾਲ ਨੂੰ ਕਿਹਾ ਕਿ ਇਨ੍ਹਾਂ ਦੀ ਪੂਰੀ ਸੁਰੱਖਿਆ ਦਾ ਪ੍ਰਬੰਧ ਕਰੋ।

ਮੈਂ ਗਿਆਨੀ ਜੈਲ ਸਿੰਘ ਜੀ ਨੂੰ ਦੱਸਿਆ ਕਿ ਫੌਜ ਨੇ ਕੰਪਲੈੱਕਸ ਵਿਚ ਅਤੇ ਲਾਗੇ ਸਾਡੇ ਸਟਾਫ਼ ਦੇ ਇੱਥੋਂ ਤਕ ਕਿ ਗ੍ਰੰਥੀ ਸਿੰਘਾਂ ਦੇ ਘਰ ਲੁੱਟ ਲਏ ਹਨ। ਗਿਆਨੀ ਸੋਹਣ ਸਿੰਘ (ਗ੍ਰੰਥੀ, ਸ੍ਰੀ ਦਰਬਾਰ ਸਾਹਿਬ) ਨੂੰ ਬਹੁਤ ਹੀ ਮਾਰਿਆ ਹੈ ਅਤੇ ਗ੍ਰਿਫ਼ਤਾਰ ਕਰ ਕੇ ਲੈ ਗਏ ਹਨ। ਇਹ ਪਿਛਲੇ ਬਜ਼ਾਰ ਨੂੰ ਸਾੜਨਾ ਚਾਹੁੰਦੇ ਹਨ। ਜੇ ਗਿਆਨੀ ਜੈਲ ਸਿੰਘ ਨਾ ਆਉਂਦੇ ਤਾਂ ਫੌਜ ਨੇ ਉਸ ਦਿਨ ਜਾਂ ਅਗਲੇ ਦਿਨ ਉਨ੍ਹਾਂ ਦੀ ਗਲੀ ਅਤੇ ਲਾਗਲੇ ਕੌਲਸਰ ਬਜ਼ਾਰ ਨੂੰ ਵੀ ਅੱਗ ਲਗਾ ਦੇਣੀ ਸੀ, ਮੇਰੇ ਕਹਿਣ 'ਤੇ ਗਿਆਨੀ ਜੈਲ ਸਿੰਘ ਨੇ ਕਿਹਾ ਅੱਗੋਂ ਕੋਈ ਬਿਲਡਿੰਗ ਨੂੰ ਅੱਗ ਨਹੀਂ ਲੱਗਣੀ ਚਾਹੀਦੀ।

ਗਿਆਨੀ ਜੈਲ ਸਿੰਘ ਨੇ ਗੋਲੀ ਲੱਗੀ ਬੀੜ ਦੇ ਵੀ ਦਰਸ਼ਨ ਕੀਤੇ। ਉਨ੍ਹਾਂ ਨੇ ਅੰਦਰ ਦੀ ਹਾਲਤ ਵੇਖ ਲਈ ਸੀ। ਦਿੱਲੀ ਜਾ ਕੇ ਇਕ ਛੋਟੀ ਪੇਟੀ ਰੁਮਾਲਿਆਂ ਦੀ ਭੇਜੀ। ਮੈਂ ਸੋਚਿਆ ਕਿ ਭਾਵੇਂ ਗਿਆਨੀ ਜੈਲ ਸਿੰਘ ਇਕ ਸਿੱਖ ਹਨ, ਪਰ ਰੁਮਾਲੇ ਤਾਂ ਸਰਕਾਰੀ ਹਨ। ਇਸ ਲਈ ਨਹੀਂ ਵਰਤੇ।

ਅੱਗੇ ਹੋਰ ਗੱਲਬਾਤ ਜਾਰੀ ਰੱਖਦੇ ਹੋਏ ਸਿੰਘ ਸਾਹਿਬ ਨੇ ਦੱਸਿਆ ਕਿ ਸ. ਭਾਨ ਸਿੰਘ ਅਤੇ ਸ. ਅਬਨਾਸ਼ੀ ਸਿੰਘ ਨੂੰ ਫੌਜੀ ਅਧਿਕਾਰੀ ਕੈਂਪ ਤੋਂ ਸ੍ਰੀ ਦਰਬਾਰ ਸਾਹਿਬ ਲਿਆਉਂਦੇ ਸਨ। ਉਨ੍ਹਾਂ ਨੂੰ ੮ ਜੂਨ ਨੂੰ ਲਿਆਏ ਸਨ। ਕੇਂਦਰੀ ਮੰਤਰੀ ਬੂਟਾ ਸਿੰਘ ੯ ਜੂਨ ਨੂੰ ਪਹਿਲੀ ਵਾਰ ਇੱਥੇ ਆਇਆ। ਫਿਰ ਤਾਂ ਲੱਗਭਗ ਹਰ ਰੋਜ਼ ਹੀ ਆਉਂਦਾ ਰਿਹਾ। ੯ ਜੂਨ ਨੂੰ ਮੈਂ, ਗਿਆਨੀ ਕਿਰਪਾਲ ਸਿੰਘ ਜੀ, ਸ. ਭਾਨ ਸਿੰਘ ਅਤੇ ਅਬਿਨਾਸ਼ੀ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਬੈਠ ਕੇ ਬੂਟਾ ਸਿੰਘ ਨਾਲ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਫਿਰ ਤਾਂ ਤੋਸ਼ਾਖਾਨਾ, ਕੇਂਦਰੀ ਸਿੱਖ ਅਜਾਇਬ ਘਰ ਅਤੇ ਇਤਿਹਾਸਿਕ ਸ਼ਸਤਰਾਂ ਬਾਰੇ ਕਮੇਟੀਆਂ ਬਣ ਗਈਆਂ ਤੇ ਹੌਲੀ-ਹੌਲੀ ਪ੍ਰਬੰਧ ਵਿਚ ਸੁਧਾਰ ਕਰਦੇ ਗਏ। ਮੈਂ ੭ ਜੂਨ ਨੂੰ ਹੀ ਮਿਲਟਰੀ ਅਧਿਕਾਰੀਆਂ ਨੂੰ ਕਹਿ ਦਿੱਤਾ ਸੀ ਕਿ ਅਸੀਂ ਪੰਜ ਸਿੰਘ ਸਾਹਿਬਾਨ ਇਕੱਠੇ ਹੋ ਕੇ ਕੋਈ ਫੈਸਲਾ ਕਰ ਸਕਦੇ ਹਾਂ। ੧੯ ਜੂਨ ਤਕ ਅਸੀਂ ਸਾਰੇ ਸਿੰਘ ਸਾਹਿਬਾਨ ਇੱਥੇ ਇਕੱਠੇ ਹੋ ਗਏ ਸੀ।

ਪੰਜਾਬ ਦੇ ਹਾਲਾਤ ਬੜੇ ਹੀ ਭਿਆਨਕ ਸਨ। ਗਿਆਨੀ ਕਿਰਪਾਲ ਸਿੰਘ ਜੀ ਟੀ. ਵੀ 'ਤੇ ਬਿਆਨ ਪੜ੍ਹ ਚੁੱਕੇ ਸਨ। ਆਪਣੇ ਪ੍ਰਬੰਧਕਾਂ (ਸ. ਭਾਨ ਸਿੰਘ ਤੇ ਸ. ਅਬਨਾਸ਼ੀ ਸਿੰਘ ਹੋਰਾਂ) ਦੀ ਸਲਾਹ 'ਤੇ ਹੀ ਮੈਂ ਬਿਆਨ ਦਿੱਤਾ ਸੀ ਤਾਂ ਜੋ ਹਾਲਾਤ ਨਾਰਮਲ ਹੋਣ ਵਿਚ ਕੁਝ ਸਹਾਇਤਾ ਹੋ ਸਕੇ। ਵੈਸੇ ਫੌਜੀ ਅਧਿਕਾਰੀ ਪਹਿਲਾਂ ਬਿਆਨ ਚੈੱਕ ਕਰਦੇ ਸਨ। ੨੯ ਸਤੰਬਰ ਨੂੰ ਕੰਪਲੈੱਕਸ ਸਾਡੇ ਹਵਾਲੇ ਕੀਤਾ ਸੀ। ਪਹਿਲੀ ਅਕਤੂਬਰ ਤੋਂ ਪਵਿੱਤਰ ਮਰਯਾਦਾ ਜਿਨ੍ਹਾਂ ਵਿਚ ਫੌਜੀ ਹਮਲੇ ਕਾਰਨ ਵਿਘਨ ਪੈ ਗਿਆ ਸੀ, ਬਹਾਲ ਕੀਤੀ ਗਈ। ਹਰਿ ਕੀ ਪੌੜੀ ਵਿਖੇ ਸਭ ਤੋਂ ਪਹਿਲਾਂ ਅਖੰਡ ਪਾਠ ਮੇਰੇ ਵੱਲੋਂ ਹੀ ਰਖਵਾਇਆ ਗਿਆ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ ੫ ਜੂਨ ਤੋਂ ਲੈ ਕੇ ੧ ਅਕਤੂਬਰ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋਇਆ। ■

*ਮਈ ੨੦੧੨ ਦਾ ਬਾਕੀ:*

# ਕਾਰ-ਸੇਵਾ

*-ਡਾ. ਕੰਵਲਜੀਤ ਸਿੰਘ**

ਬਾਬਾ ਗੁਰਮੁਖ ਸਿੰਘ ਜੀ ਦੀ ਆਤਮਿਕ ਉੱਚਤਾ ਕਾਰਨ ਪੰਥ ਦੀਆਂ ਬਹੁਤ ਹੀ ਸਨਮਾਨਯੋਗ ਹਸਤੀਆਂ ਉਨ੍ਹਾਂ ਨਾਲ ਜੁੜ ਗਈਆਂ। ਇਨ੍ਹਾਂ ਵਿਚ ਸਮਕਾਲੀਆਂ ਵਜੋਂ ਬਾਬਾ ਝੰਡਾ ਸਿੰਘ ਜੀ, ਬਾਬਾ ਖੜਕ ਸਿੰਘ ਜੀ ਬੀੜ ਸਾਹਿਬ ਵਾਲੇ, ਬਾਬਾ ਜੀਵਨ ਸਿੰਘ, ਬਾਬਾ ਦਲੀਪ ਸਿੰਘ ਜੀ ਡੇਰਾ ਤਰਨ ਤਾਰਨ ਸਾਹਿਬ, ਬਾਬਾ ਬਘੇਲ ਸਿੰਘ ਜੀ, ਬਾਬਾ ਅਮਰ ਸਿੰਘ ਜੀ ਮੁਕਤਸਰ ਸਾਹਿਬ ਵਾਲੇ, ਬਾਬਾ ਉੱਤਮ ਸਿੰਘ ਜੀ, ਬਾਬਾ ਗੰਡਾ ਸਿੰਘ ਜੀ, ਬਾਬਾ ਤਰਲੋਚਨ ਸਿੰਘ ਜੀ, ਬਾਬਾ ਗੁਰਦੇਵ ਸਿੰਘ, ਬਾਬਾ ਹਜਾਰਾ ਸਿੰਘ ਜੀ, ਬਾਬਾ ਸੁਲੱਖਣ ਸਿੰਘ ਜੀ ਕਾਰ-ਸੇਵਾ ਡੇਰਾ ਖਡੂਰ ਸਾਹਿਬ, ਬਾਬਾ ਹਰਬੰਸ ਸਿੰਘ ਜੀ, ਬਾਬਾ ਕਰਨੈਲ ਸਿੰਘ ਜੀ, ਬਾਬਾ ਤਾਰਾ ਸਿੰਘ ਜੀ ਦਿੱਲੀ ਵਾਲੇ, ਬਾਬਾ ਕਰਤਾਰ ਸਿੰਘ ਚੋਹਲਾ ਸਾਹਿਬ, ਬਾਬਾ ਦੀਵਾਨ ਸਿੰਘ, ਬਾਬਾ ਖਜਾਨ ਸਿੰਘ ਜੀ ਛਾਬੜੀ ਸਾਹਿਬ, ਬਾਬਾ ਪ੍ਰੀਤਮ ਸਿੰਘ ਜੀ ਸਰਸੇ ਵਾਲੇ, ਬਾਬਾ ਬਖਸ਼ੀਸ ਸਿੰਘ ਜੀ, ਬਾਬਾ ਗੁਰਮੇਲ ਸਿੰਘ (ਫੁੱਲ), ਬਾਬਾ ਸੁੰਦਰ ਸਿੰਘ ਗੜ੍ਹੀ ਸਾਹਿਬ ਵਾਲੇ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਜੋਗਾ ਸਿੰਘ ਜੋਗੀ, ਬਾਬਾ ਮੱਸਾ ਸਿੰਘ ਪਹਿਲਵਾਨ, ਸੇਵਾਦਾਰ ਬਾਬਾ ਮਸਤਾਨਾ ਜੀ, ਬਾਬਾ ਰਾਮ ਸਿੰਘ (ਗੋਰਖਾ), ਬਾਬਾ ਰਾਮ ਸਿੰਘ ਜੈ, ਬਾਬਾ ਭਜਨ ਸਿੰਘ, ਬਾਬਾ ਬਿਸ਼ਨ ਸਿੰਘ (ਮਾਈ), ਬਾਬਾ ਮੋਹਨ ਸਿੰਘ ਖਡੂਰ ਸਾਹਿਬ, ਬਾਬਾ ਬਿਸ਼ਨ ਸਿੰਘ, ਬਾਬਾ ਚੰਨਣ ਸਿੰਘ ਮੰਜੀ ਸਾਹਿਬ ਵਾਲੇ, ਬਾਬਾ ਬਸਤਾ ਸਿੰਘ ਦੀਨਪੁਰ, ਬਾਬਾ ਬੂਟਾ ਸਿੰਘ ਦੀਨਪੁਰ, ਭਾਈ ਦੀਦਾਰ ਸਿੰਘ ਖਡੂਰ ਸਾਹਿਬ ਆਦਿ ਉਹ ਪ੍ਰਮੁੱਖ ਸੇਵਾਦਾਰ ਹਨ ਜੋ ਬਾਬਾ ਗੁਰਮੁਖ ਸਿੰਘ ਜੀ ਦੇ ਸਮੇਂ ਮਹੱਤਵਪੂਰਨ ਸੇਵਾਵਾਂ ਨਿਭਾਉਂਦੇ ਰਹੇ ਹਨ।

ਇੱਥੇ ਵਰਣਿਤ ਤਰਨ ਤਾਰਨ ਸਾਹਿਬ, ਮੁਕਤਸਰ ਸਾਹਿਬ, ਛਾਪੜੀ ਸਾਹਿਬ, ਦਿੱਲੀ ਅਤੇ ਗੜ੍ਹੀ ਸਾਹਿਬ ਉਹ ਪ੍ਰਮੁੱਖ ਸ਼ਾਖਾਵਾਂ ਹਨ ਜੋ ਬਾਬਾ ਗੁਰਮੁਖ ਸਿੰਘ ਜੀ ਰਾਹੀਂ ਕਾਰ-ਸੇਵਾ ਖਡੂਰ ਸਾਹਿਬ ਤੋਂ ਨਿਕਲੀਆਂ ਹਨ ਅਤੇ ਹੁਣ ਪੂਰੇ ਭਾਰਤ, ਪਾਕਿਸਤਾਨ ਅਤੇ ਦੁਨੀਆ ਦੇ ਹਰ ਖਿੱਤੇ ਵਿਚ ਮੌਜੂਦ ਗੁਰਧਾਮਾਂ ਦੀ ਉਸਾਰੀ ਲਈ ਸੇਵਾ ਨਿਭਾਅ ਰਹੀਆਂ ਹਨ। ਇਸ ਤਰ੍ਹਾਂ ਬਾਬਾ ਗੁਰਮੁਖ ਸਿੰਘ ਜੀ ਰਾਹੀਂ ਕਾਰ-ਸੇਵਾ ਦੇ ਰੂਪ ਵਿਚ ਆਧੁਨਿਕ ਯੁੱਗ ਵਿਚ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਦਾ ਜਨਮ ਹੋਇਆ। ਕਾਰ-ਸੇਵਾ ਦੁਆਰਾ ਕੀਤੇ ਜਾਣ ਵਾਲੇ ਪ੍ਰਮੁੱਖ ਕਾਰਜਾਂ ਵਿਚ ਸਰੋਵਰਾਂ ਦੀ ਸਫ਼ਾਈ, ਪੌੜ ਪੱਕੇ ਕਰਨਾ, ਪਰਕਰਮਾ ਦੀ ਸੇਵਾ, ਰਸਤਿਆਂ ਦੀ ਸੇਵਾ, ਹੰਸਲੀਆਂ ਪੱਕੀਆਂ ਕਰਨ ਦੀ ਸੇਵਾ, ਗੁਰਧਾਮਾਂ ਦੀ ਉਸਾਰੀ, ਅਤੇ ਕਈ ਜਗ੍ਹਾ ਪੁਲ ਬਣਾਉਣ ਦੀ ਸੇਵਾ ਆਦਿ ਸ਼ਾਮਲ ਹਨ। ਬਾਬਾ ਜੀ ਨੇ ਇਸ ਸੰਸਥਾ ਦੇ ਕੁਝ ਨਿਯਮ ਥਾਪੇ ਜੋ ਅਚੇਤ ਰੂਪ ਵਿਚ ਅੱਜ ਵੀ

*ਐਸਿਸਟੈਂਟ ਪ੍ਰੋ. ਤੇ ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ (ਤਰਨ ਤਾਰਨ) ਮੋ: +੯੧੯੮੧੫੨-੦੪੧੯੬

ਉਸੇ ਤਰ੍ਹਾਂ ਨਿਰਵਿਘਨ ਜਾਰੀ ਹਨ। ਉਨ੍ਹਾਂ ਨੇ ਸੇਵਾਦਾਰਾਂ ਲਈ ਪੁਸ਼ਾਕ ਨਿਰਧਾਰਤ ਕੀਤੀ। ਰਾਜ-ਭਾਗ ਪ੍ਰਾਪਤ ਹੋਣ ਨਾਲ ਸਿੱਖੀ ਵਿਚ ਦੋ ਕਿਸਮ ਦੀ ਪੁਸ਼ਾਕ ਪ੍ਰਚਲਿਤ ਹੋਈ ਸਾਹਿਬੀ ਅਤੇ ਸੇਵਕੀ। ਬਾਬਾ ਜੀ ਨੇ ਕਾਰ-ਸੇਵਾ ਦੇ ਸੇਵਾਦਾਰਾਂ ਲਈ 'ਸੇਵਕੀ ਪੁਸ਼ਾਕ' ਨਿਰਧਾਰਤ ਕੀਤੀ ਤਾਂ ਕਿ ਸੇਵਾ ਵਿਚ ਕਿਸੇ ਕਿਸਮ ਦਾ ਸੰਕੋਚ, ਵਿਘਨ ਨਾ ਪਾਵੇ ਅਤੇ ਸੇਵਾਦਾਰ ਨਿਮਰਤਾ ਦਾ ਧਾਰਨੀ ਰਹੇ। ਬਾਬਾ ਜੀ ਹਰ ਰੋਜ਼ ਸੁਖਮਨੀ ਸਾਹਿਬ ਦੇ ਬਾਰ੍ਹਾਂ ਪਾਠ ਕਰਦੇ ਸਨ, ਮਗਰਲੀ ਉਮਰੇ ਉਨ੍ਹਾਂ ਨੇ ਪਾਠ ਸਰਵਣ ਕਰਨ ਦਾ ਨੇਮ ਬਣਾ ਲਿਆ ਪਰ ਪਾਠ ਬਾਰ੍ਹਾਂ ਹੀ ਰਹੇ। ਉਹ ਪੂਰਨ ਰਹਿਤ ਮਰਯਾਦਾ ਦਾ ਪਹਿਰਾ ਰੱਖਦੇ ਸਨ ਅਤੇ ਸਤਿਨਾਮ-ਵਾਹਿਗੁਰੂ ਦੇ ਜਾਪ ਵਿਚ ਅਥਾਹ ਬਰਕਤਾਂ ਹੋਣ ਬਾਰੇ ਦ੍ਰਿੜ੍ਹ ਸਨ। ਉਹ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਵਾਲੇ ਨੂੰ ਸੇਵਾਦਾਰਾਂ ਵਿਚ ਸ਼ਾਮਲ ਨਹੀਂ ਸਨ ਕਰਦੇ। ਅਰੰਭਲੇ ਸਮੇਂ ਕੋਈ ਨੇਮੀ ਸੇਵਾਦਾਰ ਨਹੀਂ ਸਨ। ਸੰਗਤ ਪਿੰਡਾਂ-ਕਸਬਿਆਂ ਆਦਿ ਤੋਂ ਆਉਂਦੀ ਅਤੇ ਦਿਨ ਢਲੇ ਘਰਾਂ ਨੂੰ ਵਾਪਸ ਪਰਤ ਜਾਂਦੀ। ਰਾਤ ਨੂੰ ਸਾਮਾਨ (ਕਹੀਆਂ, ਟੋਕਰੇ, ਬਿੰਨੂ ਆਦਿ) ਸੰਭਾਲਣ ਵਾਲਾ ਵੀ ਕੋਈ ਨਾ ਹੁੰਦਾ। ਬਾਬਾ ਜੀ ਨੇ ਇਸ ਕਾਰਜ ਲਈ ਕੁਝ ਤਨਖਾਹਦਾਰ ਨੌਕਰ ਰੱਖ ਲਏ ਪਰ ਉਨ੍ਹਾਂ ਵਿਚ ਭਾਵਨਾ ਦੀ ਘਾਟ ਹੋਣ ਕਾਰਨ ਬਾਬਾ ਜੀ ਇਸ ਦੇ ਬਦਲ ਬਾਰੇ ਸੋਚਣ ਲੱਗੇ। ਇਕ ਦਿਨ ਬਾਬਾ ਜੀ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਕਾਰ-ਸੇਵਾ ਦੇ ਕਾਰਜ ਲਈ ੨੫ ਸਿੰਘਾਂ ਦਾ ਜਥਾ ਭੇਜੋ, ਜੋ ਕਿ ਨੇਮੀ ਸਿੰਘ ਹੋਵਣ ਅਤੇ ਨਿਸ਼ਕਾਮ ਸੇਵਾ ਕਰਨ ਦੀ ਭਾਵਨਾ ਰੱਖਦੇ ਹੋਣ। ਬਾਬਾ ਜੀ ਦੀ ਅਰਦਾਸ ਸੰਪੂਰਨ ਹੋਈ। ਨੇਮੀ ਸਿੰਘ ਬਾਬਾ ਜੀ ਪਾਸ ਆ ਕੇ ਰਹਿਣ ਲੱਗੇ ਅਤੇ ਸੇਵਾ ਦਾ ਕਾਰਜ ਨਿਭਾਉਣ ਲੱਗੇ।

ਸੰਤੋਖਸਰ ਦੀ ਕਾਰ-ਸੇਵਾ ਸੰਪੂਰਨ ਹੋਣ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਜੀ ਨੇ ਤਰਨ ਤਾਰਨ ਸਾਹਿਬ, ਮੁਕਤਸਰ ਸਾਹਿਬ ਵਿਖੇ ਕਾਰ-ਸੇਵਾ ਕੀਤੀ। ਇਸ ਉਪਰੰਤ ਖਡੂਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਆਣ ਬਿਰਾਜੇ ਅਤੇ ਕਾਰ-ਸੇਵਾ ਅਰੰਭ ਕਰ ਦਿੱਤੀ। ਫਿਰ ਡੇਰਾ ਖਡੂਰ ਸਾਹਿਬ ਨੂੰ ਹੀ ਆਪਣਾ ਮੁਕਾਮ ਬਣਾ ਲਿਆ ਅਤੇ ਇੱਥੋਂ ਹੀ ਨਨਕਾਣਾ ਸਾਹਿਬ ਆਦਿਕ ਸਥਾਨਾਂ ਦੀ ਕਾਰ-ਸੇਵਾ ਲਈ ਜਾਂਦੇ ਰਹੇ। ਅੱਜ ਕਾਰ-ਸੇਵਾ ਡੇਰਾ ਖਡੂਰ ਸਾਹਿਬ ਨੇ ਪੰਥਕ ਸੇਵਾ ਵਿਚ ਵੱਡਾ ਮੁਕਾਮ ਹਾਸਲ ਕਰ ਲਿਆ ਹੈ। ਉਸਾਰੀ ਦੇ ਕਾਰਜਾਂ ਨਾਲ ਬਾਬਾ ਉੱਤਮ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਸਦਕਾ ਵਿੱਦਿਅਕ ਖੇਤਰ ਦੀਆਂ ਸੇਵਾਵਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਹੁਣ ਬਾਬਾ ਸੇਵਾ ਸਿੰਘ ਜੀ ਨੇ ਵਾਤਾਵਰਨ ਦੇ ਨਾਲ-ਨਾਲ ਸਿੱਖ ਬੱਚਿਆਂ ਨੂੰ ਆਧੁਨਿਕ ਯੁੱਗ ਦੀਆਂ ਚੁਣੌਤੀਆਂ ਦੇ ਮੁਕਾਬਲੇ ਵਿਚ ਤਿਆਰ ਕਰਨ ਦਾ ਮਹਾਨ ਉਪਰਾਲਾ ਕੀਤਾ ਹੈ। 'ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ' (ਰਜਿ.) ਰਾਹੀਂ ਬਹੁਤ ਹੀ ਮਹਾਨ ਯੋਜਨਾਵਾਂ ਉਲੀਕੀਆਂ ਗਈਆਂ ਹਨ।

ਸੰਪ੍ਰਦਾਇ ਕਾਰ-ਸੇਵਾ ਪੰਥ ਦਾ ਇਕ ਅਤਿ ਪ੍ਰਭਾਵਸ਼ਾਲੀ ਅਤੇ ਅਹਿਮ ਅੰਗ ਹੈ। ਇਸ ਦਾ ਪੰਥ ਵਿਚ ਵੱਡਾ ਸਤਿਕਾਰ ਹੈ, ਜਿਸ ਪਿੱਛੇ ਇਸ ਵੱਲੋਂ ਨਿਸ਼ਕਾਮ ਰੂਪ ਵਿਚ ਗੁਰਧਾਮਾਂ ਅਤੇ ਪੰਥਕ ਇਮਾਰਤਾਂ ਦੀ ਪੁਰਾਤਨ ਸਿੱਖ ਇਮਾਰਤਕਲਾ ਮੁਤਾਬਕ ਉਸਾਰੀ

ਕਰਨਾ, ਪੰਥਕ ਰਹਿਤ ਮਰਯਾਦਾ ਦਾ ਸਤਿਕਾਰ ਕਰਨਾ ਅਤੇ ਸੰਗਤਾਂ ਨੂੰ ਨਾਮ-ਬਾਣੀ ਦੇ ਅਭਿਆਸ ਨਾਲ ਜੋੜਨਾ ਹੈ। ਇਸ ਸਮੇਂ ਵਿਸੇਸ਼ ਕਰਕੇ ਕਾਰ-ਸੇਵਾ ਡੇਰਾ ਖਡੂਰ ਸਾਹਿਬ ਵੱਲੋਂ ਕਾਰ-ਸੇਵਾ ਦਾ ਘੇਰਾ ਵਿਸ਼ਾਲ ਕਰਦਿਆਂ ਵਿੱਦਿਅਕ ਸੰਸਥਾਵਾਂ ਦੀ ਉਸਾਰੀ ਅਤੇ ਸੰਚਾਲਣ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਲਈ ਰੁੱਖ ਲਗਾਉਣ ਅਤੇ ਉਨ੍ਹਾਂ ਨੂੰ ਪਾਲਣ ਦੀ ਵੱਡੀ ਸੇਵਾ ਨਿਭਾਈ ਜਾ ਰਹੀ ਹੈ। ਖਡੂਰ ਸਾਹਿਬ ਵਿਖੇ ਹੀ 'ਨਿਸ਼ਾਨ-ਏ-ਸਿੱਖੀ' ਨਾਂ ਦਾ ਅੱਠ ਮੰਜ਼ਿਲਾ ਖ਼ੂਬਸੂਰਤ ਅਤੇ ਅਤਿ ਆਧੁਨਿਕ ਸਹੂਲਤਾਂ ਵਾਲਾ ਬੁਰਜ (Tower) ਬਣਾ ਕੇ ਸਿੱਖ ਪ੍ਰਤਿਭਾ (Sikh Genius) ਪੈਦਾ ਕਰਨ ਦਾ ਭਵਿੱਖ-ਮੁਖੀ ਉਪਰਾਲਾ ਕੀਤਾ ਹੈ।

**ਕਾਰ-ਸੇਵਾ ਅਤੇ ਇਮਾਰਤਸਾਜ਼ੀ:** ਇਮਾਰਤਸਾਜ਼ੀ ਦਾ ਕੌਮੀ ਪੱਧਰ ਉੱਤੇ ਬਹੁਤ ਮਹੱਤਵ ਹੁੰਦਾ ਹੈ। ਇਮਾਰਤਾਂ ਕੇਵਲ ਵਰਤੋਂ ਲਈ ਹੀ ਨਹੀਂ ਬਣਾਈਆਂ ਜਾਂਦੀਆਂ, ਸਗੋਂ ਇਨ੍ਹਾਂ ਦਾ ਰੂਹਾਨੀ, ਇਤਿਹਾਸਿਕ ਅਤੇ ਸੱਭਿਆਚਾਰਕ ਮਹੱਤਵ ਬਹੁਤ ਵਡੇਰਾ ਹੁੰਦਾ ਹੈ। ਤੁਰਕ ਹਕੂਮਤਾਂ, ਰੋਮਨ ਸਾਮਰਾਜ, ਮੁਗਲੀਆ ਸਲਤਨਤ ਅਤੇ ਬਰਤਾਨਵੀ ਸ਼ਾਸਨ ਨੇ ਇਮਾਰਤਾਂ ਰਾਹੀਂ ਆਪਣੇ ਧਰਮ ਅਤੇ ਰਾਜਨੀਤਕ ਪ੍ਰਭੁਸੱਤਾ ਦੀ ਹਸਤੀ ਨੂੰ ਸਥਾਪਿਤ ਕੀਤਾ ਹੈ। ਰੋਮ ਦਾ ਚੈਪਲ, ਅੰਦੀਜਾਨ ਅਤੇ ਸਮਰਕੰਦ ਦੀਆਂ ਇਮਾਰਤਾਂ, ਬਾਬਰ ਦਾ ਹਰ ਵਕਤ ਮਾਹਿਰ-ਏ-ਤਾਮੀਰਾਤ ਨੂੰ ਨਾਲ ਰੱਖਣਾ, ਬਾਬਰ ਵੱਲੋਂ ਵੱਡੇ ਬਾਗ, ਆਲੀਸ਼ਾਨ ਮਸਜਿਦਾਂ ਅਤੇ ਮਕਬਰੇ ਉਸਾਰਨਾ ਅਤੇ ਮਹੱਲਾਂ ਦੀ ਉਸਾਰੀ ਕਰਨਾ (ਵੇਖੋ Babbur the Tiger, Harold Lamb, ਜਿਸ ਵਿਚ ਲੇਖਕ ਲਿਖਦਾ ਹੈ ਕਿ ਬਾਬਰ ਜੰਗੀ ਮੁਹਿੰਮਾਂ ਵਿਚ ਵੀ ਤਾਮੀਰੀ ਕਾਰਜਾਂ ਨੂੰ ਨਹੀਂ ਸੀ ਵਿਸਾਰਦਾ ਅਤੇ ਉਸ ਨੂੰ ਇਮਾਰਤੀ ਹੁਸਨ ਨਾਲ ਬੇ-ਪਨਾਹ ਮੁਹੱਬਤ ਸੀ। ਸਮਰਕੰਦ ਨੂੰ ਜਿੱਤਣਾ ਅਤੇ ਉੱਥੇ ਰਹਿਣਾ ਉਸ ਦਾ ਹਮੇਸ਼ਾਂ ਸੁਪਨਾ ਰਿਹਾ ਜੋ ਉਸ ਨੇ ਪੂਰਾ ਵੀ ਕੀਤਾ ਅਤੇ ਇਸ ਸੁਪਨੇ ਪਿੱਛੇ ਸਮਰਕੰਦ ਦੀਆਂ ਇਮਾਰਤਾਂ ਦੀ ਖ਼ੂਬਸੂਰਤੀ ਸੀ)। ਬਾਬਰ ਦੇ ਪੁੱਤਰ ਹਮਾਯੂੰ ਦੀ ਵਿਧਵਾ ਵੱਲੋਂ ਦਿੱਲੀ ਵਿਚ ਹਮਾਯੂੰ ਦਾ ਮਕਬਰਾ ਬਣਵਾਉਣਾ, ਜਿਸ ਵਿਚ ਇਸਲਾਮੀ ਵਾਸਤੂ-ਕਲਾ ਅਤੇ ਨਜੂਮ (ਜੋਤਿਸ਼ ਵਿੱਦਿਆ) ਦੇ ਨੁਕਤੇ ਤੋਂ ਉਸਾਰੀ ਕੀਤੀ ਗਈ ਅਤੇ ਇਹ ਇਮਾਰਤ ਹਿੰਦ ਦੀ ਧਰਤੀ 'ਤੇ ਸ਼ਾਇਦ ਪਹਿਲੀ ਮੁਗਲੀਆ ਇਮਾਰਤ ਹੈ ਜੋ ਮੁਗਲਈ ਆਰਕੀਟੈਕਚਰ ਨੂੰ ਪੇਸ਼ ਕਰਦੀ ਹੈ। ਬਾਬਰ ਦੀਆਂ ਅਗਲੀਆਂ ਪੀੜ੍ਹੀਆਂ ਵੀ ਕਿਲ੍ਹੇ, ਮਸਜਿਦਾਂ ਅਤੇ ਮਕਬਰੇ ਬਣਵਾਉਂਦੀਆਂ ਰਹੀਆਂ। ਬਾਬਰ ਤੇ ਪਹਿਲੀਆਂ ਇਸਲਾਮੀ ਹਕੂਮਤਾਂ ਵੀ ਇਮਾਰਤਾਂ ਰਾਹੀਂ ਆਪਣੀ ਧੌਂਸ ਜਮਾਉਂਦੀਆਂ ਰਹੀਆਂ ਜਿਵੇਂ ਤੋਮਰ ਅਤੇ ਚੌਹਾਨ ਰਾਜਿਆਂ ਦਾ ਵਿਨਾਸ਼ ਕਰ ਕੇ ਕੁਤੁਬਦੀਨ ਐਬਕ ਵੱਲੋਂ ਲਾਲ ਕੋਟ ਨੂੰ ਥੇਹ ਕੀਤਾ ਗਿਆ ਅਤੇ ਉੱਥੇ ਕੁਤੁਬਮੀਨਾਰ ਬਣਵਾਇਆ ਗਿਆ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੁਆਰਾ ਬਣਾਏ ਗਏ ਬੁੰਗੇ 'ਸਰਕਾਰ ਖ਼ਾਲਸਾ' ਨੂੰ ਢਾਹ ਕੇ 'ਈਸਟ ਇੰਡੀਆ ਕੰਪਨੀ' ਨੇ ਘੰਟਾ ਘਰ ਉਸਾਰਿਆ। ਅੱਜ ਵੀ ਉਸ ਘੰਟਾ ਘਰ ਨੂੰ ਢਾਹ ਕੇ ਬਣਾਈ ਗਈ ਡਿਉੜੀ ਨੂੰ ਘੰਟਾ ਘਰ ਵਾਲੀ ਡਿਉੜੀ ਆਖਿਆ ਜਾਂਦਾ ਹੈ। ਭਾਰਤੀ ਇਮਾਰਤ ਕਲਾ

ਮੰਦਰ ਅਤੇ ਕਿਲ੍ਹਿਆਂ ਵਿਚ ਆਪਣਾ ਜਲਵਾ ਨੁਮਾਇਆਂ ਕਰਦੀ ਰਹੀ ਹੈ। ਵਿਦੇਸ਼ੀ ਹਕੂਮਤਾਂ ਨੇ ਭਾਰਤੀ ਧਰਤੀ ਉੱਪਰ ਆਪਣੀ ਰਾਜਨੀਤਕ ਜਿੱਤ ਅਤੇ ਧਰਮ ਗ੍ਰੰਥ ਦੀ ਜਾਂ ਦੈਵੀ ਕੇਂਦਰ ਦੀ ਚੇਤਨਾ ਨੂੰ ਇਮਾਰਤਾਂ ਰਾਹੀਂ ਸਥਾਪਿਤ ਕੀਤਾ। ਰਾਜਪੂਤਾਂ ਨੇ ਬਲਦੇ ਥਲਾਂ ਵਿਚ ਰੰਗਾਂ ਅਤੇ ਪੱਥਰਾਂ ਦੀ ਕਾਰੀਗਰੀ ਨਾਲ ਆਪਣੇ ਰਾਜਨੀਤਕ ਤੇਜ ਨੂੰ ਦਰਸਾਇਆ। ਇਸ ਤਰ੍ਹਾਂ ਹਰੇਕ ਕੌਮ ਆਪਣੀ ਸੱਭਿਅਤਾ ਦੀਆਂ ਪ੍ਰਤੀਨਿਧ ਇਮਾਰਤਾਂ ਰਾਹੀਂ ਕੋਈ ਸੁਨੇਹਾ ਧਰਤੀ ਉੱਪਰ ਪ੍ਰਗਟ ਕਰਦੀ ਹੈ, ਭਾਵੇਂ ਇਹ ਸੁਨੇਹਾ ਰੂਹਾਨੀ ਹੋਵੇ ਜਾਂ ਦੁਨਿਆਵੀ।

ਗੁਰੂ ਸਾਹਿਬ ਨੇ ਇਕ ਮੁਕੰਮਲ ਦੈਵੀ ਸੱਭਿਅਤਾ ਪੈਦਾ ਕਰਨ ਲਈ ਹਰੇਕ ਪੱਖ ਤੋਂ ਮਹਾਨ ਆਦਰਸ਼ ਸਥਾਪਿਤ ਕੀਤੇ, ਜਿਨ੍ਹਾਂ ਦੀ ਪ੍ਰੇਰਨਾ/ਅਗਵਾਈ ਹੇਠ ਖ਼ਾਲਸਾ ਪੰਥ ਅੱਜ ਵੀ ਆਪਣਾ ਜਲਾਲੀ ਰੂਪ ਬਰਕਰਾਰ ਰੱਖ ਸਕਿਆ ਹੈ। ਸੱਭਿਅਤਾ ਦੀ ਪਰਿਭਾਸ਼ਾ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਇਹ ਉਹ ਪ੍ਰਬੰਧ ਹੈ ਜਿਸ ਵਿਚ ਕੋਈ ਕੌਮ ਆਪਣੇ ਮੂਲ ਸੰਸਥਾਨ, ਰਹੁ-ਰੀਤਾਂ, ਦੈਵੀ ਕੇਂਦਰ, ਸਮਾਜ ਅਤੇ ਸੱਭਿਆਚਾਰਕ ਪ੍ਰਬੰਧ ਅਤੇ ਰਾਜਨੀਤਕ ਪ੍ਰਭੁਤਾ ਸਥਾਪਿਤ ਕਰਦੀ ਹੈ। ਬਾਕੀ ਦੇ ਹੋਰ ਮਹਾਨ ਆਦਰਸ਼ਾਂ ਦੀ ਗੱਲ ਨਾ ਕਰਦਿਆਂ ਅਸੀਂ ਕੇਵਲ ਇਮਾਰਤਾਂ ਦੇ ਪੱਖ ਤੋਂ ਹੀ ਗੱਲ ਕਰਾਂਗੇ। ਹਜ਼ੂਰ ਪਾਤਸ਼ਾਹ ਜੀ ਨੇ ਸੱਭਿਅਤਾ ਦੇ ਕੇਂਦਰ ਪੈਦਾ ਕਰਨ ਲਈ ਨਵੇਂ ਨਗਰ ਵਸਾਏ ਕਰਤਾਰਪੁਰ ਸਾਹਿਬ, ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਸ੍ਰੀ ਹਰਿਗੋਬਿੰਦਪੁਰ ਅਤੇ ਕੀਰਤਪੁਰ ਸਾਹਿਬ ਆਦਿ ਅਤੇ ਕੁਝ ਪੁਰਾਣੇ ਨਗਰ ਦੁਬਾਰਾ ਆਬਾਦ ਕੀਤੇ ਜਿਵੇਂ ਗੋਇੰਦਵਾਲ ਸਾਹਿਬ ਅਤੇ ਖਡੂਰ ਸਾਹਿਬ। ਗੁਰੂ ਸਾਹਿਬਾਨ ਵੱਲੋਂ ਨਗਰ ਵਸਾਉਣ ਲਈ ਕੁਝ ਖਾਸ ਯੋਜਨਾਵਾਂ ਬਣਾਈਆਂ ਗਈਆਂ ਸਨ ਜੋ ਵਧੇਰੇ ਵਿਸਥਾਰਤ ਹੋਣ ਕਾਰਨ ਫਿਲਹਾਲ ਛੱਡ ਰਹੇ ਹਾਂ।

ਗੁਰੂ ਮਹਾਰਾਜ ਨੇ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਪ੍ਰਗਟ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ। ਇਸ ਦਾ ਨਕਸ਼ਾ ਜੇਕਰ ਵਿਚਾਰਿਆ ਜਾਵੇ ਤਾਂ ਨਾਸਤਿਕਾਂ ਦਾ ਵੀ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਇਲਾਹੀ ਨੂਰ ਦਾ ਮੁਜੱਸਮਾ ਇਹ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਸਿੱਖ ਕੌਮ ਲਈ ਭਵਿੱਖ ਵਿਚ ਬਣਨ ਵਾਲੀਆਂ ਸਮੂਹ ਇਮਾਰਤਾਂ ਲਈ ਚਾਨਣ ਦੀਆਂ ਰਿਸ਼ਮਾਂ ਬਿਖੇਰਦੀ ਹੈ। ਇਸ ਦੀ ਰੂਪ-ਰੇਖਾ ਸਪਸ਼ਟ ਰੂਪ ਵਿਚ ਯਹੂਦੀ, ਇਸਾਈ, ਇਸਲਾਮੀ ਅਤੇ ਹਿੰਦੂ ਧਾਰਮਿਕ ਇਮਾਰਤਾਂ ਤੋਂ ਵੱਖਰੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਸਿੱਖ ਫ਼ਲਸਫ਼ੇ ਦੀ ਪੇਸ਼ਕਾਰੀ ਕਰਦੀ ਹੈ। ਗਿਰਜਾ ਘਰ ਅਰਦਾਸ ਦਾ ਥਾਂ ਹੈ, ਰੱਬ ਦਾ ਘਰ ਨਹੀਂ, ਇਸ ਕਰਕੇ ਉਸ ਦੀ ਮਰਯਾਦਾ ਵੱਖਰੀ ਹੈ। ਮਸਜਿਦ ਵੀ ਪੱਛਮ ਵੱਲ ਮਹਿਰਾਬ ਰੱਖ ਕੇ ਬਣਾਈ ਜਾਂਦੀ ਹੈ ਜੋ ਸਰਬਵਿਆਪੀ ਪਰਮਾਤਮਾ ਦੇ ਸਿਧਾਂਤ ਦੇ ਉਲਟ ਹੈ ਅਤੇ ਮੰਦਰ ਭਾਵੇਂ ਦੇਵਤੇ ਦਾ ਨਿਵਾਸ ਅਸਥਾਨ ਮੰਨਿਆ ਜਾਂਦਾ ਹੈ ਪਰ ਇਸ ਵਿਚ ਇਸ ਧਰਮ ਦੀ ਮਰਿਆਦਾ ਮੁਤਾਬਕ ਆਮ ਸ਼ਰਧਾਲੂ ਕਿਸੇ ਪੁਜਾਰੀ ਤੋਂ ਬਿਨਾਂ ਮੂਰਤੀ ਅੱਗੇ (ਰਸਮੀ ਤੌਰ 'ਤੇ) ਅਰਦਾਸ ਵੀ ਨਹੀਂ ਕਰ ਸਕਦਾ। ਕਈ ਥਾਂਈਂ ਮੰਦਰ ਵਿਚ ਕੇਵਲ ਚੋਣਵੇਂ ਲੋਕਾਂ

ਨੂੰ ਹੀ ਜਾਣ ਦੀ ਇਜਾਜ਼ਤ ਹੈ ਅਤੇ ਅਖੌਤੀ ਨੀਵੀਆਂ ਜਾਤਾਂ ਲਈ ਉੱਥੇ ਕੋਈ ਥਾਂ ਨਹੀਂ। ਭਗਤ ਨਾਮਦੇਵ ਜੀ ਅਤੇ ਹੋਰ ਭਗਤ ਸਾਹਿਬਾਨ ਦੀ ਬਾਣੀ ਅਤੇ ਜੀਵਨ ਦੇ ਹਵਾਲਿਆਂ ਵਿੱਚੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਮੰਦਰ ਵਿਚ ਸੰਗਤ ਦਾ ਸੰਕਲਪ ਨਾ ਹੋਣ ਕਾਰਨ ਹੀ ਇਹ ਬਹੁਤ ਭੀੜੇ ਬਣਾਏ ਗਏ ਹਨ।

ਪ੍ਰੰਤੂ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ ਤਾਂ ਇਸ ਵਿਚ ਦਾਖ਼ਲੇ ਲਈ ਇਕ ਪੁਲ ਬਣਾਇਆ ਗਿਆ ਜਿਸਦੀ ਲੰਬਾਈ ੮੪ ਕਦਮ ਰੱਖੀ ਗਈ। ਪੁਲ ਦੇ ਹੇਠਾਂ ਸਵਰਗਦੁਆਰੀਆਂ ਹਨ ਜੋ ਗਿਣਤੀ ਵਿਚ ੮੪ ਹਨ। ਇਨ੍ਹਾਂ ਦੀ ਬਣਤਰ ਹਿੰਦੂ ਰਾਜਪੂਤੀ ਅਤੇ ਇਸਲਾਮੀ ਡਾਟਾਂ ਰਾਹੀਂ ਕੋਈ ਸੁਨੇਹਾ ਦਿੰਦੀ ਹੈ। ਅੰਦਰੋਂ ਸ੍ਰੀ ਹਰਿਮੰਦਰ ਸਾਹਿਬ ਖੁੱਲ੍ਹਾ ਹੈ ਅਤੇ ਇਸ ਦੇ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਹਨ ਤਾਂ ਕਿ ਸੰਗਤ ਦਾ ਸੰਕਲਪ ਪੂਰਾ ਹੋ ਸਕੇ। ਉੱਪਰ ਗੁੰਬਦ ਹੈ। ਗੁੰਬਦ ਦੇ ਉੱਪਰ ਕਮਲ ਦਾ ਫੁੱਲ ਹੈ। ਇਹ ਸਭ ਦੈਵੀ ਪ੍ਰਤੀਕ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਬਾਰੀਕ ਖੂਬੀਆਂ ਹਨ ਜੋ ਬਝਵੇਂ ਰੂਪ ਵਿਚ ਅਜੇ ਸਾਹਮਣੇ ਨਹੀਂ ਆ ਸਕੀਆਂ। ਸਿੱਖ ਇਮਾਰਤਸਾਜ਼ੀ ਦੇ ਪ੍ਰਤੀਕਾਂ ਦੀ ਵਿਆਖਿਆ ਅਕਾਦਮਿਕ ਜਗਤ ਦਾ ਧਿਆਨ ਮੰਗਦੀ ਹੈ। ਮਾਰਟਿਨ ਲਿੰਗਜ਼ ਲਿਖਦਾ ਹੈ ਕਿ ਆਧੁਨਿਕ ਮਨੁੱਖ ਦੀਆਂ ਬਹੁਤੀਆਂ ਸਮੱਸਿਆਵਾਂ ਇਸ ਕਰਕੇ ਉਪਜਦੀਆਂ ਹਨ ਕਿ ਉਸ ਨੂੰ ਪ੍ਰਤੀਕਾਂ ਦੀ ਵਿਆਖਿਆ ਨਹੀਂ ਕਰਨੀ ਆਉਂਦੀ (ਵੇਖੋ ੧, . )। ਇਹ ਨਕਸ਼ਾ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਗਟ ਹੋਣ ਤੋਂ ਬਾਅਦ ਬਣਨ ਵਾਲੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਵਿਚ ਲੱਗਭਗ ਉਸੇ ਰੂਪ ਵਿਚ ਬਰਕਰਾਰ ਦਿਸਦਾ ਹੈ। ਇਸ ਤੋਂ ਇਲਾਵਾ ਹਜ਼ੂਰ ਪਾਤਸ਼ਾਹ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕੁਝ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਇਹ ਇਮਾਰਤਾਂ ਖਾਲਸਾ ਰਾਜ ਅਤੇ ਰਾਜ ਪ੍ਰਤੀ ਖਾਲਸਈ ਦ੍ਰਿਸ਼ਟੀ ਦੇ ਮਹਾਨ ਵਿਚਾਰਾਂ ਨੂੰ ਪੇਸ਼ ਕਰਦੀਆਂ ਹਨ, ਜਿਨ੍ਹਾਂ ਨਾਲ ਧਰਤੀ ਉੱਪਰ ਵੰਡ ਅਤੇ ਨਿਆਂ ਦੇ ਵੱਡੇ ਨਿਯਮ ਸਥਾਪਿਤ ਕਰਨ ਲਈ ਇੱਕ ਉਦਾਤ ਅਤੇ ਉੱਤਮ ਨਿਜ਼ਾਮ ਥਾਪਿਆ ਜਾ ਸਕਦਾ ਹੈ। ਵਿਚਾਰਾਂ ਨਾਲ ਜੇਕਰ ਇਮਾਰਤਾਂ ਦੀ ਜ਼ਮੀਨੀ ਹਕੀਕਤ ਜੁੜ ਜਾਵੇ ਤਾਂ ਵਿਚਾਰ ਕਾਲ ਦੇ ਹਨ੍ਹੇਰਿਆਂ ਵਿਚ ਲੁਪਤ ਨਹੀਂ ਹੁੰਦਾ ਪਰ ਇਮਾਰਤਾਂ ਦੀ ਅਣਹੋਂਦ ਕਈ ਵਾਰ ਮਹਾਨ ਸੰਸਥਾਵਾਂ ਨੂੰ ਨੇਸਤ-ਓ-ਨਾਬੂਦ ਕਰ ਦਿੰਦੀ ਹੈ, ਜਿਵੇਂ ਇਸਲਾਮ ਦੀ ਖ਼ਿਲਾਫਤ ਦਾ ਵਿਚਾਰ ਖਤਮ ਹੋ ਗਿਆ। ਚੇਤੇ ਰਹੇ ਕਿ ਹਕੂਮਤਾਂ ਸਿੱਖਾਂ ਦੀਆਂ ਇਮਾਰਤਾਂ ਨਾਲ ਜੁੜੇ ਵਿਚਾਰ ਦੇ ਪ੍ਰਭਾਵ ਤੋਂ ਵਾਕਫ ਹਨ। ਇਸੇ ਲਈ ਬਾਰ-ਬਾਰ ਇਨ੍ਹਾਂ ਇਮਾਰਤਾਂ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਗਈ ਜਾਂ ਅੰਦਰੋਂ ਮੱਲ ਲੈਣ ਦੀ ਹਿਮਾਕਤ ਵੀ ਕੀਤੀ ਗਈ। ਸਿੱਖ ਇਮਾਰਤਾਂ ਸਿੱਖ ਧਰਮ ਸ਼ਾਸਤਰ ਵਿੱਚੋਂ ਹੀ ਪੈਦਾ ਹੋਈਆਂ ਹਨ।

ਕਾਰ-ਸੇਵਾ ਰਾਹੀਂ ਉਸਾਰੀਆਂ ਗਈਆਂ ਇਮਾਰਤਾਂ ਵਿਚ ਗੁਰੂ ਸਾਹਿਬ ਦੁਆਰਾ ਹਰਿਮੰਦਰ ਸਾਹਿਬ ਨੂੰ ਪ੍ਰਗਟ ਕਰਨ ਸਮੇਂ ਵਰਤੀ ਗਈ ਉਸਾਰੀ ਕਲਾ ਦੀ ਦਿੱਬਤਾ ਨੂੰ ਲੱਗਭਗ ਲਗਾਤਾਰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਦੁਆਰਾ ਸਾਹਿਬਾਨ

ਦੀਆਂ ਇਮਾਰਤਾਂ ਵਿਚ ਗੁੰਬਦ, ਡਾਟਾਂ, ਗੁੰਮਟੀਆਂ ਅਤੇ ਝਾਲਰਦਾਰ ਮਹਿਰਾਬਾਂ ਦੀ ਵਰਤੋਂ ਅੱਜ ਵੀ ਉਸੇ ਰੂਪ ਵਿਚ ਨਿਰਵਿਘਨ ਜਾਰੀ ਹੈ। ਗੁਰੂ ਸਾਹਿਬ ਤੋਂ ਬਾਅਦ ਉਸਾਰੀ ਦਾ ਇਹ ਕਾਰਜ 'ਸਰਕਾਰ ਖਾਲਸਾ' ਵੱਲੋਂ ਵੀ ਕੀਤਾ ਗਿਆ। ਸਿੱਖ ਰਾਜ ਦੀਆਂ ਸ਼ਾਮਾਂ ਢਲਦਿਆਂ ਹੀ ਕੌਮ ਇਕ ਡੂੰਘੀ ਨੇਸਤੀ ਦਾ ਸ਼ਿਕਾਰ ਹੋ ਗਈ। ਜਦੋਂ ਆਰੀਆ ਸਮਾਜ ਅਤੇ ਇਸਾਈ ਮਿਸ਼ਨਰੀਆਂ ਦੇ ਪ੍ਰਭਾਵੀ ਹਮਲੇ ਨੇ ਕੌਮ ਨੂੰ ਝੰਜੋੜਿਆ ਤਾਂ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਆਦਿ ਸੰਸਥਾਵਾਂ ਹੋਂਦ ਵਿਚ ਆਈਆਂ। ਕੌਮ ਦੀ ਡਿਗਦੀ ਸਾਖ਼ ਨੂੰ ਬਚਾਉਣ ਲਈ ਪੰਥ ਨੂੰ ਅਨੇਕ ਮੋਰਚੇ ਲਾਉਣੇ ਪਏ। ਸਿੱਖਾਂ ਨੂੰ ਲੰਮੇ ਅਰਸੇ ਬਾਅਦ ਆਪਣੇ ਹੀ ਘਰ ਵਿਚ ਹੀ ਪਹਿਲੀ ਵਾਰ ਆਪਣੀ ਕੌਮੀ ਹੋਂਦ ਨੂੰ ਕੋਈ ਖ਼ਤਰਾ ਮਹਿਸੂਸ ਹੋਇਆ। ਇਸ ਖਤਰੇ ਵਿੱਚੋਂ ਹੀ ਇਕ ਕੇਂਦਰੀ ਉਸਾਰੀ-ਸੰਸਥਾ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ। ਬਾਬਾ ਗੁਰਮੁਖ ਸਿੰਘ ਜੀ ਰਾਹੀਂ ਪੰਥ ਦੀ ਇਸ ਲੋੜ ਦੀ ਪੂਰਤੀ ਲਈ ਕੀਤੀਆਂ ਅਬੋਲ ਅਰਦਾਸਾਂ ਨੂੰ ਫ਼ਲ ਲੱਗਾ। ਉਸ ਤੋਂ ਬਾਅਦ ਉਸਾਰੀ ਦੀ ਸੇਵਾ ਮੁਕੰਮਲ ਰੂਪ ਵਿਚ ਕਾਰ-ਸੇਵਾ ਸੰਪ੍ਰਦਾਇ ਨਾਲ ਸਬੰਧਿਤ ਹੋ ਗਈ। ਇਸ ਤੋਂ ਪਹਿਲਾਂ ਬਹੁਤ ਸਾਰੇ ਗੁਰਧਾਮਾਂ ਦੀਆਂ ਬਹੁਟ ਛੋਟੀਆਂ ਇਮਾਰਤਾਂ ਸਨ। ਗੁਰੂ ਮਹਾਰਾਜ ਦੀ ਕਿਰਪਾ ਨਾਲ ਅੱਜ ਉੱਥੇ ਆਲੀਸ਼ਾਨ ਇਮਾਰਤਾਂ ਸੁਸ਼ੋਭਿਤ ਹਨ।

ਇਮਾਰਤਾਂ ਵਿਚ ਵਰਤੀ ਗਈ ਜਿਊਮੈਟਰੀ/ਰੇਖਾਗਣਿਤ ਦੈਵੀ ਰੂਪ ਵਿਚ ਨਿਯੰਤਰਿਤ ਹੈ। ਇਸੇ ਕਰਕੇ ਇਮਾਰਤਾਂ ਦੀਆਂ ਗੋਲਾਈਆਂ, ਬੁਰਜ, ਬਣਤਰ ਤੇ ਨਕਸ਼ ਆਦਿ ਦੇਖਣ ਵਾਲੇ ਦੀ ਸੁਰਤਿ ਨੂੰ ਬੇਹੱਦ ਪ੍ਰਭਾਵਿਤ ਕਰਦੇ ਹਨ। ਇਹ ਅਸਲ ਵਿਚ ਕਿਸੇ ਕੌਮ ਦੀ ਸਪੇਸ ਦੀ ਸਮਝ ਨੂੰ ਦਰਸਾਉਂਦਾ ਹੈ। ਇਮਾਰਤ ਦਾ ਖਾਕਾ ਜਦ ਅਥਾਹ ਨੀਲੱਤਣ ਵਿਚ ਆਪਣਾ ਅਕਸ ਉਭਾਰਦਾ ਹੈ ਤਾਂ ਇਸ ਦੀਆਂ ਰੇਖਾਵਾਂ ਦੇ ਕਟਾਂਵ ਚੇਤਨਾ ਦੀਆਂ ਧੁਰ ਡੂੰਘਾਈਆਂ ਵਿਚ ਉਤਰ ਜਾਂਦੇ ਹਨ। ਸਦੀਆਂ ਦਾ ਇਤਿਹਾਸ ਬੋਲ ਉਠਦਾ ਹੈ ਕਿ ਇਹ ਇਮਾਰਤ ਕਿਸ ਰੂਹਾਨੀ ਮਰਕਜ਼ ਨਾਲ ਸਬੰਧਿਤ ਹੈ। ਕਾਰ-ਸੇਵਾ ਸ਼ਬਦ ਉੱਪਰ ਧਿਆਨ ਕੇਂਦ੍ਰਿਤ ਕੀਤਿਆਂ ਇਸ ਦੇ ਅਰਥਾਂ ਦੀਆਂ ਵਿਭਿੰਨ ਪਰਤਾਂ ਆਪਣੇ ਸੰਪੂਰਨ ਵਿਗਾਸ ਵਿਚ ਸਾਡੀ ਸੁਰਤ ਉੱਪਰ ਆਪਣਾ ਨਕਸ਼ ਉਕਰ ਦਿੰਦੀਆਂ ਹਨ। ਕੋਸ਼ਗਤ ਅਰਥਾਂ ਅਨੁਸਾਰ ਕਾਰ-ਸੇਵਾ ਸੰਗਤੀ ਰੂਪ ਵਿਚ ਧਰਮ ਅਰਥ ਅਰਪਿਤ ਕੀਤੇ ਦਸਵੰਧ ਨਾਲ ਕੀਤਾ ਜਾਣ ਵਾਲਾ ਕਾਰਜ ਹੈ। ਮਾਇਕ ਲੋੜਾਂ ਦੀ ਪੂਰਤੀ ਲਈ ਗੁਰੂ-ਘਰ ਵੱਲੋਂ ਦਸਵੰਧ ਦੀ ਪ੍ਰਥਾ ਅਰੰਭ ਕੀਤੀ ਗਈ, ਜਿਸ ਨੂੰ 'ਕਾਰ-ਭੇਟ' ਕਿਹਾ ਜਾਂਦਾ ਸੀ। ਗੁਰੂ ਸਾਹਿਬਾਨ ਨੇ ਸੰਗਤਾਂ ਦੀ ਲੋੜ ਅਤੇ ਕਿਸੇ ਰੂਹਾਨੀ ਮਕਸਦ ਹਿੱਤ ਵੀ ਬਾਉਲੀਆਂ ਲਗਵਾਈਆਂ, ਸਰੋਵਰਾਂ ਦੀ ਰਚਨਾ ਕੀਤੀ ਅਤੇ ਲੰਗਰ ਦੀ ਸੰਸਥਾ ਸਥਾਪਿਤ ਕੀਤੀ। ਇਹ ਸਾਰੇ ਕਾਰਜ ਸੰਗਤਾਂ ਵੱਲੋਂ ਭੇਟ ਕੀਤੇ ਦਸਵੰਧ ਨਾਲ ਹੀ ਚਲਾਏ ਜਾਂਦੇ ਸਨ। ਜਦ ਅਕਬਰ ਨੇ ਜਾਗੀਰ ਗੋਇੰਦਵਾਲ ਸਾਹਿਬ ਦੇ ਲੰਗਰ ਲਈ ਭੇਟ ਕਰਨ ਦੀ ਇੱਛਾ ਜਾਹਰ ਕੀਤੀ ਤਾਂ ਹਜ਼ੂਰ ਪਾਤਸ਼ਾਹ ਨੇ ਮਨ੍ਹਾਂ ਕਰ ਦਿੱਤਾ ਸੀ। ਇਸ

ਪਿੱਛੇ ਰਮਜ਼ ਇਹ ਹੈ ਕਿ ਸੰਗਤਾਂ ਦੇ ਦਿੱਤੇ ਦਾਨ ਵਿਚ ਬਰਕਤ ਹੁੰਦੀ ਹੈ। ਇਸ ਵਿਚ ਕੋਈ ਵਿਅਕਤੀ ਵਿਸ਼ੇਸ਼ ਨਹੀਂ ਹੁੰਦਾ, ਕੇਵਲ ਸੰਗਤ ਹੀ ਇੱਕ ਮਹਾਨ ਦੇਹ ਵਾਂਗ ਵਿਚਰਦੀ ਹੈ, ਜਿਸ ਵਿਚ ਸਮੂਹ ਅਲਪ ਦੇਹਾਂ ਸਮਾਅ ਜਾਂਦੀਆਂ ਹਨ।

ਜੇਕਰ ਕਾਰ-ਸੇਵਾ ਨੂੰ ਕਾਰਜ ਜਾਂ ਕੰਮ ਦੇ ਅਰਥਾਂ ਵਿਚ ਵਿਚਾਰਿਆ ਜਾਵੇ ਤਾਂ ਇਹ ਅਜਿਹਾ ਕਾਰਜ ਹੈ ਜਿਸ ਦੀ ਨੀਂਹ 'ਸਤਿਨਾਮੁ' ਉੱਪਰ ਰੱਖੀ ਜਾਂਦੀ ਹੈ। ਸੰਗਤਾਂ ਕਾਰ ਸੇਵਾ ਕਰਦਿਆਂ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੀਆਂ ਹਨ। 'ਸਤਿਨਾਮੁ' ਨੂੰ ਅਕਾਲ ਪੁਰਖ ਦਾ 'ਪਰਾ ਪੂਰਬਲਾ' ਨਾਮ ਆਖਿਆ ਗਿਆ ਹੈ। ਸਤਿਨਾਮੁ ਦਾ ਜਾਪ ਕਰਦੀਆਂ ਸੰਗਤਾਂ ਜਦ ਕਹੀ-ਟੋਕਰੇ ਦੀ ਸੇਵਾ ਕਰਦੀਆਂ ਹਨ ਤਾਂ ਇਹ ਦ੍ਰਿਸ਼ ਆਪਣੀ ਮਹਾਨ ਸਾਦਗੀ ਵਿਚ ਵਾਪਰ ਰਿਹਾ ਅਕਾਲੀ ਹੁਕਮ ਬਣ ਜਾਂਦਾ ਹੈ। ਇਹ ਅਜਿਹਾ ਕਾਰਜ ਹੈ ਜਿਸ ਵਿਚ ਕਿਸੇ ਦਾ ਵੀ ਨਿੱਜ ਜਾਂ ਮੈਂ ਸ਼ਾਮਲ ਨਹੀਂ ਹੈ। ਇਹ ਅਨਿੱਜ ਜਾਂ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸਿੱਖ ਅਮੈਂ ਦੁਆਰਾ ਕੀਤਾ ਜਾਣ ਵਾਲਾ ਕਾਰਜ ਹੈ। ਇਸ ਵਿਚ ਸੰਗਤ ਹੀ 'ਅੰਤਮ ਹੈ' ਦੇ ਰੂਪ ਵਿਦਮਾਨ ਹੁੰਦੀ ਹੈ। ਇਸ ਕਾਰਨ ਇਸ ਕਾਰਜ ਨਾਲ ਸੰਸਾਰਕ ਕਾਰਜਾਂ ਵਾਂਗ ਲਾਭ-ਹਾਨੀ ਦੀਆਂ ਗਿਣਤੀਆਂ-ਮਿਣਤੀਆਂ ਨੂੰ ਨਹੀਂ ਜੋੜਿਆ ਜਾਂਦਾ। ਸੰਗਤਾਂ ਨਾਮ ਦੇ ਆਸਰੇ ਹੀ ਔਖੇ ਤੋਂ ਔਖੇ ਹਾਲਾਤ ਵਿਚ ਕਾਰਜ ਸੰਪੂਰਨ ਕਰ ਦਿੰਦੀਆਂ ਹਨ। ਉਸ ਸਮੇਂ ਸੰਗਤ ਦੀ ਮਹਾਨ ਦੇਹ ਇਕ ਟਕਸਾਲ ਬਣ ਜਾਂਦੀ ਹੈ। ਜਿਸ ਵਿਚ ਸਿੱਖ ਦੀ ਸ਼ਖ਼ਸੀਅਤ, ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ। ਸੰਗਤ ਵਿਚ ਵਿਚਰਦੇ ਸਮੇਂ ਸਿੱਖ ਦੀ ਸੁਰਤਿ ਸਿੱਖ ਸੱਭਿਆਚਾਰ ਨੂੰ ਸਹਿਜ ਰੂਪ ਵਿਚ ਹੀ ਆਪਣੇ ਅੰਦਰ ਉਤਾਰ ਲੈਂਦੀ ਹੈ। ਇੱਥੇ ਹੀ ਮਨੁੱਖਾ ਦੇਹੀ ਦੀ ਠੀਕ ਵਰਤੋਂ ਦਾ ਮੌਕਾ ਬਣਦਾ ਹੈ। ਵਰਤਮਾਨ ਦੁਨੀਆ ਦੀ ਜੀਵਨ-ਜਾਚ ਵਿਚ ਦੇਹ ਰੂਪ ਵਿਚ ਕਿਸੇ ਦੈਵੀ ਕਾਰਜ ਨੂੰ ਕਰਨ ਦਾ ਸਬੱਬ ਨਹੀਂ ਬਣ ਸਕਦਾ। ਮਨੁੱਖ ਮਨ ਕਰਕੇ ਜੇ ਸੋਚੇ ਵੀ ਤਾਂ ਦੇਹ ਕਰਕੇ ਉਹ ਸੀਮਾ ਵਿਚ ਘਿਰ ਜਾਂਦਾ ਹੈ। ਕਾਲ ਵੀ ਦੇਹ ਨੂੰ ਗ੍ਰਸ ਲੈਣ ਵਾਲੀ ਮਹਾਨ ਸ਼ਕਤੀ ਹੈ। ਮਨੁੱਖ ਦਾ ਮਨ ਕਰਦਾ ਹੈ ਪਰ ਸਮੇਂ ਦੀ ਚਾਲ ਉਸ ਨੂੰ ਤਨ ਕਰ ਕੇ ਸੇਵਾ ਵਰਗੇ ਪ੍ਰਮਾਰਥੀ ਕਾਰਜ ਵਿਚ ਨਹੀਂ ਲੱਗਣ ਦਿੰਦੀ। ਜਦ ਸੰਗਤੀ ਰੂਪ ਵਿਚ ਮਨੁੱਖ ਕਾਰ-ਸੇਵਾ ਦਾ ਕਾਰਜ ਕਰਦਾ ਹੈ ਤਾਂ ਉਹ ਆਪਣੀ ਦੇਹ ਅਤੇ ਆਪਣਾ ਸਮਾਂ 'ਸਤਿਨਾਮੁ' ਦੇ ਲੇਖੇ ਲਾਉਂਦਾ ਹੈ।

ਇਹ ਅਜਿਹਾ ਕਾਰਜ ਹੈ ਜਿਸ ਵਿਚ ਸਾਡੀ ਸਮੁੱਚੀ ਕੌਮ ਦੀ ਸਿਰਜਣਾਤਮਕ ਪ੍ਰਤਿਭਾ ਦਾ ਜਲਵਾ ਨੁਮਾਇਆਂ ਹੁੰਦਾ ਹੈ। ਕਾਰ-ਸੇਵਾ ਰਾਹੀਂ ਉਸਾਰੀਆਂ ਗਈਆਂ ਇਮਾਰਤਾਂ ਵਿਚ ਜਿਸ ਪ੍ਰਕਾਰ ਦਾ ਸੁਹਜ ਅਤੇ ਸੁੰਦਰਤਾ ਪ੍ਰਗਟ ਹੁੰਦੀ ਹੈ, ਉਹ ਯਕੀਨਨ ਲੋੜ ਦੀ ਮੁਥਾਜੀ ਅਤੇ ਨਿਰੋਲ ਸੁਹਜਾਤਮਕ ਸੁੰਦਰਤਾ ਵਜੋਂ ਬਣਾਈਆਂ ਗਈਆਂ ਇਮਾਰਤਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਲੰਮੀ ਉਮਰ ਵਾਲੀਆਂ ਹਨ। ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਤੋਂ ਇਲਾਵਾ ਵੀ ਜੇਕਰ ਕੁਝ ਇਮਾਰਤਾਂ ਨੂੰ ਵਿਚਾਰਿਆ ਜਾਵੇ ਤਾਂ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਇਕ ਅਜਿਹੀ ਇਮਾਰਤ ਹੈ, ਜਿਸ ਵਿਚ ਕਾਰ-ਸੇਵਾ ਨੇ ਅਜਿਹੀ ਆਤਮਕ ਖਿੱਚ ਅਤੇ ਸ਼ਾਹੀ ਜਲੌਅ ਭਰ ਦਿੱਤਾ ਹੈ ਕਿ ਅੱਜ ਵੀ

ਇਹ ਇਮਾਰਤ ਹਰ ਸਿੱਖ ਨੂੰ ਪ੍ਰਭਾਵਿਤ ਕਰਦੀ ਹੈ। ਕਹਿੰਦੇ ਹਨ ਕਿ ਖ਼ਾਲਸਾ ਕਾਲਜ ਦੀ ਉਸਾਰੀ ਵੇਲੇ ਜਦ ਕਾਰ-ਸੇਵਾ ਲਾਈ ਗਈ ਤਾਂ ਪੰਥ ਦੇ ਵੱਡੇ ਆਗੂ ਵੀ ਝੋਲੀ ਅੱਡ ਕੇ ਦਾਨ ਮੰਗਦੇ ਸਨ ਤੇ ਹਰ ਕਿਸੇ ਦੀ ਹਰ ਇੱਕ ਭੇਟ ਸਵੀਕਾਰ ਕੀਤੀ ਗਈ। ਇੱਥੋਂ ਤਕ ਕਿ ਇੱਕ ਗਰੀਬ ਜੱਟ ਨੇ ਗਨੇਰੀਆਂ ਹੀ ਭੇਂਟ ਕਰ ਦਿੱਤੀਆਂ ਤਾਂ ਉਹ ਵੀ ਨੀਹਾਂ ਵਿਚ ਪਾ ਦਿੱਤੀਆਂ ਗਈਆਂ ਤਾਂ ਕਿ ਇਨ੍ਹਾਂ ਦੀ ਮਿਠਾਸ ਕਾਲ ਦੇ ਲੰਮੇ ਅੰਤਰਾਲ ਵਿਚ ਹਰੇਕ ਨੂੰ ਸਰਸ਼ਾਰ ਕਰਦੀ ਰਹੇ। ਕਾਰ-ਸੇਵਾ ਰਾਹੀਂ ਹੀ ਅਸੀਂ ਆਪਣੀ ਕੌਮ ਦੇ ਸਿਰਜਣਾਤਮਕ ਪਾਸਾਰਾਂ ਨੂੰ ਪ੍ਰਗਟ ਹੋਇਆ ਦੇਖਦੇ ਹਾਂ।

ਜੇਕਰ ਕਾਰ-ਸੇਵਾ ਨੂੰ 'ਕਾਰ' ਅਥਵਾ ਲਕੀਰ ਦੇ ਅਰਥਾਂ ਵਿਚ ਵੇਖਿਆ ਜਾਵੇ ਤਾਂ ਇਹ ਸਿੱਖ ਰੇਖਾ-ਗਣਿਤ ਜਾਂ ਜਿਊਮੈਟਰੀ ਦਾ ਮਹਾਨ ਜਲਵਾ ਪ੍ਰਗਟ ਕਰਨ ਵਾਲਾ ਮੁਜੱਸਮਾ ਬਣ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਚੇਤਨਾ ਦੇ ਹਰ ਪਾਸਾਰ ਉੱਪਰ ਬਖਸ਼ਿਸ਼ ਕਰਦੇ ਹਨ, ਇਸ ਕਰਕੇ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਦੇ ਗਣਿਤਕ ਅਤੇ ਰੇਖਾ ਗਣਿਤਕ ਪਾਸਾਰਾਂ ਉੱਪਰ ਵੀ ਬਖ਼ਸ਼ਿਸ਼ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਇੱਕ ਅੰਕ ਨਾਲ ਹੁੰਦਾ ਹੈ। ਏਕਾ ਏਕੰਕਾਰ ਦਾ ਲਖਾਇਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰਾ ਸਰੂਪ ਅੰਕਾਂ ਦੇ ਸਹਾਰੇ ਮੁੰਦਿਆ ਹੋਇਆ ਹੈ। ਇਸ ਵਿਚ ਫੇਰ ਬਦਲ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਗਣਿਤ ਦੀ ਦਿੱਬਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦ੍ਰਿਸ਼ਟੀ ਰਾਹੀਂ ਪ੍ਰਗਟ ਹੋ ਸਕਦੀ ਹੈ। ਇਮਾਰਤਸਾਜ਼ੀ ਨਾਲ ਗਣਿਤ ਦਾ ਡੂੰਘਾ ਸੰਬੰਧ ਹੈ। ਇਸ ਤੋਂ ਬਿਨਾ ਕੋਈ ਵੀ ਗਿਣਤੀ ਜਾਂ ਮਿਣਤੀ ਨਹੀਂ ਹੋ ਸਕਦੀ। ਪਰ ਮਹੱਤਵਪੂਰਨ ਗੱਲ ਇਹ ਹੈ ਕਿ ਰੇਖਾ ਗਣਿਤ ਦੇ ਪਿੱਛੇ ਕਿਸ ਪ੍ਰਕਾਰ ਦੀ ਪ੍ਰਤੀਤੀ ਮੰਡਲ ਕਾਰਜਸ਼ੀਲ ਹੈ।

ਅਸੀਂ ੴ ਦੀ ਵਿਆਖਿਆ ਰਾਹੀਂ ਆਪਣੇ ਮੰਤਵ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਵਿਚ ਸੰਸਾਰ ਦੀ ਉਤਪਤੀ ਦਾ ਭੇਤ ਬੀਜ ਰੂਪ ਵਿਚ ਪਿਆ ਹੈ। ਅੱਗੇ ਮੂਲ ਮੰਤਰ ਅਤੇ ਜਪੁ ਜੀ ਸਾਹਿਬ ਹੈ ਅਤੇ ਫਿਰ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ੧੪੩੦ ਅੰਗ ਇਸੇ ਦਾ ਪਾਸਾਰ ਹੈ। ਸਿਰਦਾਰ ਕਪੂਰ ਸਿੰਘ ਆਈ.ਸੀ.ਐਸ, ਦੇ ਤਿੰਨ ਹਿੱਸੇ ਮੰਨਦੇ ਹਨ। ਇੱਕ (੧) ਗਣਿਤਕ ਅੰਕ ਦੂਜਾ (ਓਅੰ) ਸੰਗੀਤ ਧੁਨੀ ਜਾਂ ਆਵਾਜ਼ ਅਤੇ ਤੀਜਾ ਕਾਰ (⌒) ਭਾਵ ਅਰਧ ਚਾਪ, ਜਿਊਮੈਟਰੀਕਲ ਬਣਤਰ। ਗੁਰੂ ਸਾਹਿਬ ਨੇ ਇਸ ਨੂੰ ਅੱਖਰਾਂ ਰਾਹੀਂ (ਕਾਰ) ਲਿਖਣ ਦੀ ਬਜਾਏ ਇਕ ਪ੍ਰਤੀਕ (⌒) ਵਜੋਂ ਦਰਜ ਕੀਤਾ ਹੈ। ਪਹਿਲੇ ਦੋ ਹਿੱਸਿਆਂ ਦੀ ਵਿਆਖਿਆ ਵਧੇਰੇ ਵਿਸਥਾਰ ਦੀ ਮੰਗ ਕਰਦੀ ਹੈ ਇਸ ਲਈ ਸਿੱਧਾ ਕਾਰ ਵੱਲ ਆਈਏ ਤਾਂ ਕਾਰ ਇੱਕ ਰੇਖਾ ਹੈ। ਰੇਖਾ ਇੱਕ ਬਿੰਦੂ ਤੋਂ ਅਰੰਭ ਹੁੰਦੀ ਹੈ ਭਾਵ ਜਦ ਬਿੰਦੂ ਪੈਦਾ ਹੁੰਦਾ ਅਤੇ ਉਹ ਦੇਸ਼ (ਸਪੇਸ) ਵਿਚ ਇੱਕ ਦਿਸ਼ਾ ਵਿਚ ਗਤੀਮਾਨ ਹੁੰਦਾ ਹੈ ਤਾਂ ਜਿੱਥੇ ਜਾ ਕੇ ਰੁਕਦਾ ਹੈ ਉੱਥੇ ਆਪ ਹੀ ਦੂਜੇ ਬਿੰਦੂ ਦਾ ਰੂਪ ਧਾਰਨ ਕਰ ਲੈਂਦਾ ਹੈ। ਇਨ੍ਹਾਂ ਦੋ ਬਿੰਦੂਆਂ ਨੂੰ ਮਿਲਾਉਣ ਵਾਲਾ ਮਾਧਿਅਮ ਰੇਖਾ ਅਖਵਉਂਦਾ ਹੈ। ਇਹ ਰੇਖਾ ਹੀ ਚੱਕਰ, ਤਿਕੋਨ, ਆਇਤ ਜਾਂ ਚੌਰਸ ਆਕਾਰ ਬਣਾਉਂਦੀ ਹੈ । ਓਅੰਕਾਰ ਦੀ ਕਾਰ ਇੱਕ ਅਰਧ ਚਾਪ ਜਾਂ ਅਰਧ ਚੱਕਰ ਦਾ ਖਾਕਾ ਹੈ। ਇਹ ਚੱਕਰ

ਅਕਾਲ ਪੁਰਖ ਦੇ ਹੁਕਮ ਵਿਚ ਚੱਲ ਰਹੀ ਕਾਰ ਦਾ ਲਖਾਇਕ ਹੈ, ਭਾਵ ਅਕਾਲ ਪੁਰਖ ਇੱਕ ਹੈ, ਉਹ ਸੰਸਾਰ ਸਿਰਜਣਾ ਰਾਹੀਂ ਆਪਣਾ ਪਾਸਾਰ ਕਰਦਾ ਹੈ। ਕਾਲ ਦੇ ਪ੍ਰਭਾਵ ਨਾਲ ਆਪਣੀ ਸਿਰਜਣਾ ਦਾ ਵਿਨਾਸ਼ ਕਰਦਾ ਹੈ ਜਾਂ ਉਸ ਨੂੰ ਆਪਣੀ ਹਸਤੀ ਵਿਚ ਵਿਲੀਨ ਕਰਦਾ ਹੈ ਅਤੇ ਫਿਰ ਨਵੀਂ ਸ੍ਰਿਸ਼ਟੀ ਉਸਾਰ ਦਿੰਦਾ ਹੈ। ਇਸ ਤਰ੍ਹਾਂ ਸੰਜੋਗ ਅਤੇ ਵਿਜੋਗ ਦੀ ਕਾਰ ਚੱਲ ਰਹੀ ਹੈ। ਅਰਧ ਚਾਪ ਇਸ ਨਿਰੰਤਰ ਲਗਾਤਾਰਤਾ ਦਾ ਪ੍ਰਤੀਕ ਹੈ। ਭਾਵ ਕੀ ਕਾਰ ਦੱਸਦੀ ਹੈ ਕਿ ਇਲਾਹੀ ਹੁਕਮ ਵਿਚ ਉਪਜਣ ਅਤੇ ਬਿਨਸਣ ਦੀ ਕਾਰ ਲਗਾਤਾਰ ਜਾਰੀ ਹੈ। ਕਿਧਰੇ ਨੰਨੀ ਜਾਨ ਪਹਿਲਾ ਸਾਹ ਲੈਂਦੀ ਹੈ, ਕਿਧਰੇ ਜਵਾਨੀ ਜੰਗ ਵਿਚ ਆਖਰੀ ਅਣਖੀਲਾ ਦਮ ਭਰਦੀ ਹੈ। ਕਿਧਰੇ ਖਈ ਦਾ ਮਾਰਿਆ ਬੁਢਾਪਾ ਅੱਖਾਂ ਮੀਟਦਾ ਹੈ, ਕਿਧਰੇ ਕਰੂੰਬਲਾਂ ਫੁੱਟਦੀਆਂ ਹਨ ਕਿਧਰੇ ਬੁੱਢੇ ਰੁੱਖ ਆਰਿਆਂ ਦੀ ਭੇਂਟ ਚੜ੍ਹਦੇ ਹਨ। ਇਹ ਸਭ ਕਾਰ ਹੈ ਜੋ ਹੁਕਮ ਵਿਚ ਚੱਲ ਰਹੀ ਹੈ।

ਮਹਾਨ ਸਾਇੰਸਦਾਨ ਗਲੇਲੀਓ ਨੇ ਕਿਹਾ ਸੀ ਕਿ ਸਾਰਾ ਬ੍ਰਹਿਮੰਡ ਜਿਊਮੈਟਰੀ ਦੀ ਭਾਸ਼ਾ ਵਿਚ ਲਿਖਿਆ ਕਲਾਮ ਹੈ, ਬਸ ਸਾਡੇ ਕੋਲ ਇਸ ਨੂੰ ਪੜ੍ਹਨ ਵਾਲੀ ਨਜ਼ਰ ਹੋਣੀ ਚਾਹੀਦੀ ਹੈ। ਜਿਊਮੈਟਰੀ ਮਨੁੱਖ ਦੀ ਇੰਜੀਨੀਅਰਿੰਗ ਪ੍ਰਵਿਰਤੀ ਦਾ ਕ੍ਰਿਸ਼ਮਈ ਪ੍ਰਗਟਾਵਾ ਹੈ। ਜਿਊਮੈਟਰੀ ਰਾਹੀਂ ਮਨੁੱਖ ਨੇ ਧਰਤੀ ਉੱਪਰ ਲੀਨਿੰਗ ਟਾਵਰ ਆਫ ਪੀਸਾ, ਬੈਬੀਲੋਨੀਆਂ ਦੇ ਬਾਗ, ਆਈਫਲ ਟਾਵਰ, ਲੰਡਨ ਬ੍ਰਿਜ, ਸਟੈਚੂ ਆਫ ਲਿਬਰਟੀ ਅਤੇ ਤਾਜਮਹੱਲ ਵਰਗੇ ਅਜੂਬੇ ਪੈਦਾ ਕੀਤੇ ਹਨ। ਇਹ ਸਾਰੀਆਂ ਇਮਾਰਤਾਂ ਭਵਨ-ਉਸਾਰੀ ਕਲਾ ਦੀਆਂ ਖ਼ੂਬਸੂਰਤ ਮਿਸਾਲਾਂ ਹਨ ਪਰ ਇਨ੍ਹਾਂ ਵਿੱਚੋਂ ਰੱਬੀ ਨੂਰ ਗ਼ੈਰ-ਹਾਜ਼ਰ ਹੈ। ਇਹ ਇਮਾਰਤਾਂ ਮਨੁੱਖੀ ਅਕਲ ਨੂੰ ਅਚੰਭਿਤ ਕਰਦੀਆਂ ਹਨ ਪਰ ਸਿਜਦੇ ਲਈ ਸਿਰ ਝੁਕਾ ਦੇਣ ਵਾਲਾ ਇਨ੍ਹਾਂ ਵਿਚ ਕੁਝ ਵੀ ਨਹੀਂ ਹੈ। ਜੇਕਰ ਜਿਊਮੈਟਰੀ ਨਾਲ ਦੈਵੀ ਪਾਸਾਰ ਜੁੜ ਜਾਣ ਜਾਂ ਦਿੱਬਤਾ ਦੇ ਮੰਡਲ ਵਿਚ ਪਹੁੰਚੀ ਹੋਈ ਸੁਰਤਿ ਜਿਊਮੈਟਰੀਕਲੀ ਆਪਣੀ ਗ਼ੈਬੀ ਹੋਂਦ ਨੂੰ ਪ੍ਰਗਟ ਕਰੇ ਤਾਂ ਹੀ ਸਿਜਦੇ ਦੀ ਹੱਕਦਾਰ ਬਣਦੀ ਹੈ। ਇਸ ਨੁਕਤੇ ਤੋਂ ਦੇਖਿਆਂ ਕਾਰ-ਸੇਵਾ ਵਿਚ ਕੰਮ ਕਰਦੇ ਮਿਸਤਰੀ, ਇੰਜੀਨੀਅਰ, ਆਰਕੀਟੈਕਟ, ਡਰਾਫਟਸਮੈਨ, ਬਾਰ ਬੈਂਡਰ ਆਦਿ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਬਿਲਕੁਲ ਬਦਲ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦਾ ਸਰੂਪ ਨਿਰਗੁਣ ਅਤੇ ਸਰਗੁਣ ਦੋਵੇਂ ਪਾਸਾਰ ਇੱਕੋ ਸਮੇਂ 'ਤੇ ਧਾਰਨ ਕਰਦਾ ਹੈ। ਉਹ ਨਾ ਕੇਵਲ ਨਿਰਗੁਣ ਖਿਆਲੀ ਬ੍ਰਹਮ ਹੈ ਅਤੇ ਨਾ ਹੀ ਕਾਲ-ਦੋਸ਼ ਗ੍ਰਸਿਤ ਸਰਗੁਣੀ ਹੈ। ਉਹ ਆਪੇ ਹੀ ਨਿਰਗੁਣ ਆਪੇ ਹੀ ਸਰਗੁਣ ਅਤੇ ਆਪੇ ਹੀ ਦੋਵਾਂ ਦੀ ਵਿਚਕਾਰੀ ਸਥਿਤੀ ਦਾ ਧਾਰਨੀ ਹੈ। ਅਕਾਲ ਪੁਰਖ ਦਾ ਇਹ ਸਰੂਪ ਹੀ ਮਹਾਨ ਸਿੱਖ ਇਤਿਹਾਸ ਦੀ ਉਸਾਰੀ ਪਿੱਛੇ ਕਾਰਜਸ਼ੀਲ ਨੇਮ ਪ੍ਰਬੰਧ ਦਾ ਕੇਂਦਰੀ ਸੂਤਰ ਹੈ। ਇਹ ਖ਼ੂਬੀ ਇਸਲਾਮ ਨਾਲ ਵੀ ਮੇਲ ਖਾਂਦੀ ਹੈ। ਸਿੱਖ ਅਧਿਆਤਮਿਕਤਾ ਨੇ ਕੇਵਲ ਰਹੱਸਮਈ ਅਨੁਭਵ ਦੀਆਂ ਉਲਝਣਾਂ ਵਿਚ ਨਹੀਂ ਫਸਾਇਆ ਬਲਕਿ ਮੌਲਿਕ ਅਮਲ ਦੀ ਪਾਕੀਜ਼ਗੀ ਨਾਲ ਇਤਿਹਾਸ ਦਾ ਜ਼ੋਰਾਵਰ ਵਹਿਣ ਪੈਦਾ ਕੀਤਾ ਹੈ। ਪ੍ਰੋ. ਪੂਰਨ ਸਿੰਘ ਦਾ ਮੰਨਣਾ ਹੈ ਕਿ ਸਿੱਖ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਸਲ ਵਿਆਖਿਆ ਹੈ। ਸ਼ਾਇਦ ਇਸੇ ਲਈ ਦਮਦਮੀ ਟਕਸਾਲ ਵਰ੍ਹਿਆਂ ਤੋਂ ਸੂਰਜ

ਪ੍ਰਕਾਸ਼ ਗ੍ਰੰਥ ਦੇ ਕਥਾਕਾਰ ਪੈਦਾ ਕਰਨ ਦੀ ਸੇਵਾ ਨਿਭਾਅ ਰਹੀ ਹੈ। ਸਿੱਖ ਇਤਿਹਾਸ ਦੈਵੀ ਅਨੁਭਵ ਦਾ ਸਥੂਲ ਪ੍ਰਗਟਾਵਾ ਹੈ।

ਸਿੱਖੀ ਵਿਚ ਬ੍ਰਹਮ ਨਿਰਾਕਾਰੀ ਵੀ ਹੈ ਅਤੇ ਆਕਾਰਧਾਰੀ ਵੀ ਹੈ। ਭਾਈ ਗੁਰਦਾਸ ਜੀ , ਭੱਟ ਸਾਹਿਬਾਨ ਅਤੇ ਸਾਖੀਕਾਰਾਂ ਨੂੰ ਗੁਰੂ ਸਾਹਿਬ 'ਅਕਾਲਰੂਪ' ਅਤੇ 'ਪ੍ਰਤੱਖ ਹਰਿ' ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਨਿਰਾਕਾਰ ਜਦ ਆਕਾਰ ਧਾਰਨ ਕਰਦਾ ਹੈ ਤਾਂ ਇਹ ਆਕਾਰ ਕਾਰ ਦੇ ਸਹਾਰੇ ਹੀ ਆਪਣੀਆਂ ਸ਼ਕਲਾਂ ਅਖਤਿਆਰ ਕਰਦੇ ਹਨ। ਹਰੇਕ ਸ਼ਕਲ ਲਕੀਰਾਂ ਦਾ ਸਪੇਸ ਵਿਚਲਾ ਵਰਤਾਰਾ ਹੀ ਹੁੰਦੀ ਹੈ। ਲਕੀਰ ਹੀ ਨਕਸ਼ ਹੈ। ਲਕੀਰ ਹੀ ਸ਼ਕਲ-ਵ-ਸੂਰਤ ਹੈ। ਲਕੀਰ ਹੀ ਚਿੱਤਰਕਲਾ, ਬੁੱਤਤਰਾਸ਼ੀ, ਮੀਨਾਕਾਰੀ, ਸਵਰਨਕਾਰੀ ਅਤੇ ਲਕੀਰ ਹੀ ਭਵਨ ਨਿਰਮਾਣਕਾਰੀ ਹੈ। ਲਕੀਰ ਹੀ ਅੱਖਰ ਦਾ ਰੂਪ ਧਾਰਨ ਕਰਦੀ ਹੈ। ਸਬੱਬ ਨਾਲ ਗੁਰਮੁਖੀ ਅੱਖਰਾਂ ਅਤੇ ਲਿਪੀ ਨੂੰ ਤਿਆਰ ਕਰਨ ਦਾ ਮਹਾਨ ਕਾਰਜ ਵੀ ਖਡੂਰ ਸਾਹਿਬ ਦੀ ਪਾਵਨ ਧਰਤੀ 'ਤੇ ਹੀ ਹੋਇਆ ਹੈ। ਲਿਪੀ ਕਿਸੇ ਕੌਮ ਦੀ ਸੱਭਿਅਤਾ ਦੇ ਵਿਕਾਸ ਦਾ ਅੰਤਮ ਚਰਨ ਹੁੰਦੀ ਹੈ। ਲਿਪੀ ਤੋਂ ਬਾਅਦ ਹੀ ਵਾਕ ਬਣਦਾ ਹੈ। ਵਾਕ ਨੂੰ ਹੀ ਵਿਆਕਰਨ ਦੀ ਮੁਕੰਮਲ ਇਕਾਈ ਮੰਨਿਆ ਜਾਂਦਾ ਹੈ। ਪਹਿਲੇ ਸਮਿਆਂ ਵਿਚ ਹੁਕਮਨਾਮੇ ਦੀ ਥਾਂ ਵਾਕ ਲੈਣਾ ਹੀ ਆਖਿਆ ਜਾਂਦਾ ਸੀ।

ਕਾਰ (ਲਕੀਰ) ਜੇਕਰ ਅਨੁਪਾਤ ਦੀ ਰੂਹਾਨੀ ਅਧੀਨਗੀ ਵਿਚ ਵਿਚਰਦੀ ਹੈ ਤਾਂ ਦੈਵੀ ਇਮਾਰਤਾਂ ਦੇ ਨਕਸ਼ੇ ਧਰਤੀ 'ਤੇ ਉਲੀਕ ਦਿੰਦੀ ਹੈ। ਅਨੁਪਾਤ ਦੀ ਰੂਹਾਨੀ ਅਧੀਨਗੀ ਤੋਂ ਭਾਵ ਕਿ ਖੂਬਸੂਰਤੀ ਅਤੇ ਸੁਹਜ ਦੇ ਉੱਚੇ ਅਤੇ ਉਦਾਤਪੂਰਨ ਮਾਪਦੰਡਾਂ ਅਨੁਸਾਰ ਵਿਹਾਰ ਕਰਨਾ, ਜਿਨ੍ਹਾਂ ਉੱਪਰ ਨਾਮ ਰਸ ਵਿਚ ਗੜੂੰਦ ਹੋਈ ਸੁਰਤਿ ਦਾ ਪਹਿਰਾ ਹੋਵੇ। ਖੂਬਸੂਰਤੀ ਵਿਚ ਅਨੁਪਾਤ ਦੀ ਵੱਡੀ ਮਹੱਤਤਾ ਹੁੰਦੀ ਹੈ। ਅਨੁਪਾਤ ਸੱਭਿਆਚਾਰਕ ਵਰਤਾਰਾ ਹੈ ਅਤੇ ਸੱਭਿਆਚਾਰ ਇਤਿਹਾਸਿਕ ਵਰਤਾਰਾ ਹੈ। ਇਤਿਹਾਸ ਵਿਚ ਜੇਕਰ ਪ੍ਰਭੂ ਪ੍ਰੀਤਮ ਦਾ ਡੇਰਾ ਨਾ ਹੋਵੇ ਤਾਂ ਇਹ ਨਿਰਾ ਹਉਮੈ ਦਾ ਪਾਸਾਰਾ ਬਣ ਜਾਂਦਾ ਹੈ। ਸਿੱਖ ਇਤਿਹਾਸ ਪਿੱਛੇ ਨਾਮ ਸਿਮਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਅਗਵਾਈ ਮੌਜੂਦ ਹੈ। ਇਸ ਲਈ ਸਿੱਖ ਸੱਭਿਆਚਾਰ ਵਿਚ ਗੁਰੂ ਜੋਤ ਹਰ ਸਮੇਂ ਪ੍ਰਕਾਸ਼ਮਾਨ ਰਹਿੰਦੀ ਹੈ। (ਯਾਦ ਰਹੇ ਕਿ ਸਿੱਖ ਸੱਭਿਆਚਾਰ ਦਾ ਅਰਥ ਪ੍ਰਚਲਿਤ ਪੰਜਾਬੀ ਸੱਭਿਆਚਾਰ ਨਹੀਂ ਹੈ)। ਇਸੇ ਕਰਕੇ ਸਿੱਖ ਇਮਾਰਤਸਾਜ਼ੀ ਵਿਚ ਦਿੱਬਤਾ ਦਾ ਝਲਕਾਰਾ ਵੱਜਦਾ ਰਹਿੰਦਾ ਹੈ।

**ਮਟੀਰੀਅਲ (ਸਮਗਰੀ):** ਕਾਰ-ਸੇਵਾ ਨਾਲ ਬਣੀਆਂ ਇਮਾਰਤਾਂ ਦਾ ਵੇਖਣ ਵਾਲੇ ਦੀ ਸੁਰਤ ਉੱਪਰ ਪਹਿਲਾ ਪ੍ਰਭਾਵ ਰੂਹਾਨੀ ਕਿਸਮ ਦੀ ਠੰਡਕ ਪ੍ਰਦਾਨ ਕਰਨਾ ਹੈ। ਵੱਡੇ ਬੁਰਜ, ਝਾਲਰਦਾਰ ਡਾਟਾਂ, ਮਹਿਰਾਬਾਂ, ਗੁੰਬਦ, ਗੁੰਮਟੀਆਂ ਤੇ ਪੱਥਰ ਉੱਪਰ ਕੀਤੀ ਵਿਸ਼ੇਸ਼ ਕਿਸਮ ਦੀ ਫੁੱਲਾਂ, ਫ਼ਲਾਂ ਤੇ ਵੇਲਬੂਟੀਆਂ ਵਾਲੀ ਕਲਾਕਾਰੀ ਸਮੁੱਚੀਆਂ ਧਾਰਮਿਕ ਇਮਾਰਤਾਂ ਨੂੰ ਮਹਾਨ ਏਕਤਾ ਪ੍ਰਦਾਨ ਕਰਦੀ ਹੈ। ਇਨ੍ਹਾਂ ਕੁਝ-ਇੱਕ ਸਾਂਝੇ ਲੱਛਣਾਂ ਦੀ ਏਕਤਾ ਰਾਹੀਂ ਸਮੁੱਚਾ ਪੰਥ ਗੁਰੂ ਲਿਵ ਦੀ ਨੇੜਤਾ ਵਿਚ ਧੜਕਦਾ ਮਹਿਸੂਸ ਹੁੰਦਾ ਹੈ।

ਕਾਰ-ਸੇਵਾ ਵਿਚ ਪਹਿਲੇ ਸਮਿਆਂ ਦੌਰਾਨ ਦਰਿਆਈ ਰੋੜ ਪੀਹ ਕੇ ਅਤੇ ਵਿਚ ਕੁਝ ਹੋਰ ਮਸਾਲੇ ਪਾ ਕੇ ਜੋੜਨ ਲਈ ਚੂਨਾ ਤਿਆਰ ਕੀਤਾ ਜਾਂਦਾ ਸੀ। ਇੱਟਾਂ ਭੱਠਿਆਂ ਵਿਚ ਤਿਆਰ ਕੀਤੀਆਂ ਜਾਂਦੀਆਂ ਸਨ, ਜੋ ਆਮ ਤੌਰ 'ਤੇ ਮੁੱਲ ਹੀ ਖ਼੍ਰੀਦੀਆਂ ਜਾਂਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿਚ ਕਾਰਖਾਨਾ ਸੰਗਸਫੈਦ ਜਾਂ ਸੰਗਮਰਮਰ ਸਥਾਪਤ ਕੀਤਾ। ਇਸ ਨਾਲ ਹਰਿਮੰਦਰ ਸਾਹਿਬ ਵਿਚ ਲੱਗਣ ਵਾਲੇ ਸੰਗਮਰਮਰ ਦਾ ਕੰਮ ਇਸ ਕਾਰਖਾਨੇ ਰਾਹੀਂ ਹੁੰਦਾ ਰਿਹਾ। ਹੁਣ ਹਰੇਕ ਗੁਰੂ-ਘਰ ਵਿਚ ਸੰਗਮਰਮਰ ਦੀ ਸੇਵਾ ਹੁੰਦੀ ਹੈ ਜੋ ਕਿ ਕਾਰ-ਸੇਵਾ ਦੇ ਮਿਸਤਰੀ ਹੀ ਕਰਦੇ ਹਨ। ਇਸ ਤੋਂ ਇਲਾਵਾ ਸਰੀਆ-ਸੀਮਿੰਟ ਵੀ ਵੱਡੀ ਮਾਤਰਾ ਵਿਚ ਵਰਤਿਆ ਜਾਂਦਾ ਹੈ। ਹੁਣ ਅੱਗ ਨਾਲ ਪਕਾਈਆਂ ਵਿਸ਼ੇਸ਼ ਟਾਈਲਾਂ ਦੀ ਵਰਤੋਂ ਵੀ ਹੋਣ ਲੱਗ ਪਈ ਹੈ। ਇਹ ਟਾਈਲਾਂ ਪੋਰਸਲੀਨ, ਕੱਛ ਮਿੱਟੀ ਜਾਂ ਕਿਸੇ ਹੋਰ ਸਮੱਗਰੀ ਦੇ ਮਿਸ਼ਰਨ ਨਾਲ ਬਣਦੀਆਂ ਹਨ।

ਕਾਰ-ਸੇਵਾ ਸੰਪ੍ਰਦਾਇ ਨੇ ਇੱਕ ਮਹਾਨ ਕਾਰਜ ਇਹ ਵੀ ਕੀਤਾ ਹੈ ਕਿ ਇਸ ਨਾਲ ਕੌਮੀ ਸ਼ਕਤੀ ਇਕਮੁੱਠ ਹੋਈ ਹੈ ਜੋ ਕਿ ਬਿਨਾਂ ਕੋਈ ਉਤੇਜਨਾ ਭਰਪੂਰ ਵਾਤਾਵਰਨ ਪੈਦਾ ਕੀਤਿਆਂ ਪੰਥਕ ਕੰਮਾਂ ਵਿਚ ਖਰਚ ਹੁੰਦੀ ਹੈ। ਸ਼ਕਤੀ ਬਾਰੇ ਵਿਗਿਆਨਕ ਤੱਥ ਇਹ ਹੈ ਕਿ ਸ਼ਕਤੀ ਗਤੀਮਾਨ ਹੋ ਜਾਂਦੀ ਹੈ ਅਤੇ ਗਤੀਮਾਨ ਸ਼ਕਤੀ ਜੇਕਰ ਖਰਚ ਨਾ ਹੋਵੇ ਤਾਂ ਉਹ ਆਪਣਾ ਰੂਪ ਪ੍ਰਵਰਤਿਤ ਕਰ ਲੈਂਦੀ ਹੈ। ਜਿਵੇਂ ਬਿਜਲਈ ਸ਼ਕਤੀ ਗਤੀਮਾਨ ਹੋ ਕੇ ਬਹੁਤ ਵੱਡਾ ਹਿੱਸਾ ਤਾਪ ਸ਼ਕਤੀ ਦੇ ਰੂਪ ਵਿਚ ਪ੍ਰਵਰਤਿਤ ਕਰ ਲੈਂਦੀ ਹੈ। ਸ਼ਕਤੀ ਦਾ ਆਪਹੁਦਰੇ ਰੂਪ ਵਿਚ ਗਤੀਮਾਨ ਹੋਣਾ ਕਈ ਵਾਰੀ ਬਰਬਾਦੀ ਦਾ ਸਬੱਬ ਵੀ ਬਣਦਾ ਹੈ। ਕਾਰ-ਸੇਵਾ ਨੇ ਪੰਥਕ ਸ਼ਕਤੀ ਨੂੰ ਗੁਰਮਤਿ ਨਾਲ ਜੋੜੀ ਰੱਖਿਆ ਹੈ ਅਤੇ ਲਗਾਤਾਰ ਉਸਾਰੂ ਕੰਮਾਂ ਵਿਚ ਸੰਚਾਰਿਤ ਕੀਤਾ ਹੈ। ਕਈ ਥਾਂਈਂ ਹਜ਼ਾਰਾਂ ਦੀ ਗਿਣਤੀ ਵਿਚ ਹਰ ਉਮਰ ਦੀਆਂ ਸੰਗਤਾਂ ਨੇ ਕਾਰ-ਸੇਵਾ ਕੀਤੀ ਹੈ। ਇਹ ਸੇਵਾਵਾਂ ਨੀਹਾਂ ਪੁੱਟਣ ਤੋਂ ਲੈ ਕੇ ਗੁੰਬਦ ਦੀ ਆਖਰੀ ਗਾਗਰ ਅਤੇ ਉੱਪਰ ਲੱਗੇ ਖੰਡੇ ਤਕ ਚਲਦੀ ਹੈ। ਇਸ ਵੇਲੇ ਪੰਥ ਦਾ ਵੱਡਾ ਹਿੱਸਾ ਕਈ ਦਿਨਾਂ ਤਕ ਇਕ ਸਾਂਝੇ ਅਤੇ ਉਸਾਰੂ ਮਕਸਦ ਨਾਲ ਜੁੜਿਆ ਰਹਿੰਦਾ ਹੈ। ਆਪਣੇ ਹੱਥੀਂ ਪੰਥਕ ਇਮਾਰਤਾਂ ਦੀ, ਪੰਥਕ ਰੰਗ ਵਿਚ, ਪੰਥਕ ਵਿਧੀ ਨਾਲ ਤਾਮੀਰ ਕਰਦਾ ਹੈ ਅਤੇ ਫਿਰ ਲੰਮਾ ਅਰਸਾ ਉਸ ਨੂੰ ਨਿਹਾਰਦਾ ਹੈ। ਇਸ ਤਰ੍ਹਾਂ ਪੰਥਕ ਸ਼ਕਤੀ ਇਕੱਤਰ ਹੁੰਦੀ ਹੈ, ਗਤੀਮਾਨ ਹੁੰਦੀ ਹੈ ਅਤੇ ਉਸਾਰੂ ਕਾਰਜ ਵਿਚ ਖਰਚ ਹੁੰਦੀ ਹੈ। ■

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਥੜਾ ਸਾਹਿਬ ਜੌੜੀਆਂ, ਯਮੁਨਾਨਗਰ (ਹਰਿਆਣਾ) ਵਿਖੇ ੧੩ ਮਾਰਚ, ੨੦੧੨ ਨੂੰ ਮਿਸ਼ਨ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੧੦੭ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ।

ਗਾਗਰ 'ਚ ਸਾਗਰ-੭੫

# ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ*
*ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥*
*ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ*
*ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥*
*ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਿਆਵੈ*
*ਤਿੱਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ॥*
*ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ*
*ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ॥* *(ਅਕਾਲ ਉਸਤਤ)*

ਇਸ ਸ਼ਬਦ ਵਿਚ ਕਲਗੀਧਰ ਪਾਤਸ਼ਾਹ ਜੀ ਨੇ ਉਸ ਅਕਾਲ ਦੀ ਦਇਆ ਦ੍ਰਿਸ਼ਟੀ ਤੇ ਦੁਨੀਆ ਦੀਆਂ ਦਿਸ਼ਾਵਾਂ ਦਾ ਨਕਸ਼ਾ ਚਿਤਰਦਿਆਂ ਪ੍ਰਭੂ ਸ਼ਕਤੀ ਦਾ ਵਿਸਥਾਰਤ ਵਰਣਨ ਕੀਤਾ ਹੈ। ਇਸ ਰਚਨਾ ਵਿਚ ਸਿਮਰਨ ਦੀਆਂ ਬਰਕਤਾਂ ਹਨ ਤੇ ਨਾਲ ਕਾਵਿ ਕਲਾ ਦੀ ਸੁੰਦਰ ਵੰਨਗੀ ਹੈ। ਧਰਤੀ ਦੇ ਕਿਸੇ ਖਿੱਤੇ ਉੱਤੇ, ਕਿਸੇ ਮਨੁੱਖ ਦੀ ਭਾਸ਼ਾ ਕਿਹੜੀ ਹੈ ਜਾਂ ਜੀਵਨ-ਜਾਚ ਕੀ ਹੈ, ਪਰੰਤੂ ਹਰ ਥਾਂ ਅਕਾਲ ਦੀ ਜੋਤ ਦਾ ਹੀ ਪ੍ਰਤਾਪ ਹੈ। ਨਿੱਤਨੇਮ ਅਤੇ ਅੰਮ੍ਰਿਤ-ਸੰਚਾਰ ਦੀ ਬਾਣੀ 'ਜਾਪੁ ਸਾਹਿਬ' ਵਿਚ ਵੀ ਦਸਮ ਪਾਤਸ਼ਾਹ ਮਾਨਵਤਾ ਨੂੰ ਅਕਾਲ ਦੀ ਸ਼ਕਤੀ ਬਾਰੇ ਇਉਂ ਸਮਝਾਉਂਦੇ ਹਨ:

*ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥*
*ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥*
*ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥*
*ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ (ਹੇ ਪ੍ਰਭੂ ! ਤੂੰ ਐਸਾ ਹੈਂ) ਜਿਸ ਦਾ ਨਾ ਕੋਈ ਇੱਕ ਨਾਮ ਹੈ, ਨਾ ਕੋਈ ਇੱਕ ਥਾਂ ਹੈ, ਨਾ ਜਾਤ ਹੈ, ਨਾ ਰੂਪ ਹੈ, ਨਾ ਰੰਗ ਹੈ, ਨਾ ਨਿਸ਼ਾਨ ਹੈ। ਤੂੰ ਸਭ ਦਾ ਮੂਲ ਹੈਂ, ਸਭ ਵਿਚ ਮੌਜੂਦ ਹੈਂ, ਉਦਾਰਤਾ ਤੇਰਾ ਸਰੂਪ ਹੈ, ਤੂੰ ਜਨਮ ਵਿਚ ਨਹੀਂ ਆਉਂਦਾ, ਤੂੰ ਸ਼ੁਰੂ ਤੋਂ ਹੈ, ਤੇਰੇ ਸਰੂਪ ਵਿਚ ਕੋਈ ਉਕਾਈ ਨਹੀਂ। (ਹੇ ਪ੍ਰਭੂ! ਤੂੰ ਐਸਾ ਹੈਂ) ਜਿਸਦਾ ਨਾ ਕੋਈ ਦੇਸ ਹੈ, ਨਾ ਕੋਈ ਇਕ ਪਹਿਰਾਵਾ ਹੈ, ਨਾ ਰੂਪ ਹੈ, ਨਾ ਰੇਖ ਹੈ, ਨਾ ਹੀ ਤੈਨੂੰ ਕੋਈ ਮੋਹ ਹੈ। (ਹੇ ਪ੍ਰਭੂ!) ਹਰ ਥਾਂ, ਹਰ ਪਾਸੇ, ਤੂੰ ਪਿਆਰ ਰੂਪ ਹੋ ਕੇ ਪਸਰ ਰਿਹਾ ਹੈਂ। ਇਹ ਗੱਲ ਵੀ ਵਰਣਨਯੋਗ ਹੈ ਕਿ ਨਿੱਤਨੇਮ

**੧/੧੬੦, ਪ੍ਰਤਾਪ ਐਵੀਨਿਊ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੫੯-੮੫੫੫੯*

ਸਟੀਕ ਦੀ ਭੂਮਿਕਾ ਵਿਚ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਰਿਆਸਤ ਨਾਹਨ ਵਿਚ ਸੰਨ ੧੬੮੪ ਵਿਚ ਗਏ ਤੇ ਉੱਥੇ ਤਿੰਨ ਸਾਲ ਰਹੇ। ਉਹਨੀਂ ਹੀ ਦਿਨੀਂ (੧੬੮੪-੮੭) ਉਸ ਰਿਆਸਤ ਵਿਚ ਜਮਨਾ ਨਦੀ ਦੇ ਕੰਢੇ ਦੀ ਇਕਾਂਤ ਵਿਚ ਜਾਪੁ ਸਾਹਿਬ, ਸਵਈਏ ਤੇ ਅਕਾਲ ਉਸਤਤਿ ਆਦਿਕ ਬਾਣੀਆਂ ਉਚਾਰੀਆਂ ਗਈਆਂ। ਜਾਪੁ ਸਾਹਿਬ ਅਤੇ ਸਵਈਏ ਰੋਜ਼ਾਨਾ ਪਾਠ ਵਿਚ ਸ਼ਾਮਲ ਹੋਣ ਵਾਲੀਆਂ ਬਾਣੀਆਂ ਹੋਣ ਕਰਕੇ ਬਹੁਤ ਸਿੱਖਾਂ ਨੂੰ ਇਹ ਜ਼ਬਾਨੀ ਯਾਦ ਹੋ ਗਈਆਂ ਅਤੇ ਅੰਮ੍ਰਿਤ ਤਿਆਰ ਹੋਣ ਦੇ ਸਮੇਂ ਸਧਾਰਨ ਤੌਰ 'ਤੇ ਹੀ ਬਥੇਰੇ ਐਸੇ ਸਿੱਖ ਮਿਲ ਸਕੇ ਜਿਨ੍ਹਾਂ ਨੂੰ ਇਹ ਜ਼ਬਾਨੀ ਕੰਠ ਸਨ।" (ਸੰਸਕਰਣ ੧੯੭੫, ਭੂਮਿਕਾ, ਪੰਨਾ ੯)

ਹੁਣ ਜੋ ਸ਼ਬਦ 'ਬੰਗ ਕੇ ਬੰਗਾਲੀ' ਹਥਲੇ ਲੇਖ ਦੇ ਅਰੰਭ ਵਿਚ ਹੈ, ਇਹ ਗੁਰਮਤਿ ਫ਼ਿਲਾਸਫ਼ੀ ਦੀ ਵਿਆਖਿਆ ਹੈ ਕਿ ਪ੍ਰਭੂ ਦੀ ਸ਼ਕਤੀ ਕੀ ਹੈ। ਸਤਿਗੁਰੂ ਸਮਝਾਉਂਦੇ ਹਨ ਕਿ ਹੇ ਪ੍ਰਭੂ! ਬੰਗਾਲ (ਬੰਗ) ਦੇ ਬੰਗਾਲੀ ਲੋਕ, ਯੂਰਪ (ਫਿਰਹੰਗ) ਦੇ ਫਿਰੰਗੀ (ਪੱਛਮੀ ਗੋਰੇ ਲੋਕ) ਅਤੇ ਦਿੱਲੀ ਦੇ ਵਾਸੀ ਦਿਲਵਾਲੀ ਆਦਿ ਸਭ ਤੇਰੀ ਆਗਿਆ ਵਿਚ ਚੱਲਦੇ ਹਨ। ਇਸੇ ਪ੍ਰਕਾਰ ਰੁਹੇਲ ਖੰਡ ਦੇ ਰੁਹੇਲੇ, ਮਗਧ ਦੇਸ਼ ਦੇ ਬਹਾਦਰ (ਬੀਰ) ਮਘੇਲੇ, ਬੰਗਾਲੀ ਤੇ ਬੁੰਦੇਲ ਖੰਡ ਦੇ ਬੁੰਦੇਲੇ (ਕੁਰਮ ਤੇ ਕੋਹਾਟ ਦਾ ਇਲਾਕਾ 'ਬੰਗਸ਼' ਉੱਥੋਂ ਦੇ ਬਾਸ਼ਿੰਦੇ- ਕੁਰਮੀ ਤੇ ਕੋਹਾਟੀ- ਸ਼ਬਦਾਰਥ ਦਸਮ ਗ੍ਰੰਥ, ਪੰਨਾ ੪੮) ਤੇਰਾ ਨਾਮ ਜਪਦੇ ਹੋਏ ਆਪਣੇ ਸਮੂਹ ਪਾਪਾਂ ਨੂੰ ਨਾਸ਼ ਕਰਦੇ ਹਨ। ਇਸੇ ਤਰ੍ਹਾਂ ਨੇਪਾਲ ਦੇਸ਼ ਦੇ ਗੋਰਖੇ (ਗੋਖਾ) ਤੇਰਾ ਗੁਣ ਗਾਉਂਦੇ ਹਨ, ਚੀਨ ਅਤੇ ਮਚੀਨ (ਸ਼ਬਦਾਰਥ ਅਨੁਸਾਰ- ਬ੍ਰਹਮਾ ਦਾ ਚੀਨ ਨਾਲ ਲੱਗਦਾ ਪਰਦੇਸ-ਮਚੀਨ; ਪੁਰਾਣੇ ਸਮਿਆਂ ਵਿਚ ਅਸਾਮ ਦੇ ਕਾਮਰੂਪ ਇਲਾਕੇ ਨੂੰ 'ਚੀਨ' ਅਤੇ ਚੀਨ ਨੂੰ ਮਹਾਂਚੀਨ ਕਹਿੰਦੇ ਸਨ ਸੋ ਮਹਾਂਚੀਨ ਦਾ ਛੋਟਾ ਨਾਮ ਮਚੀਨ ਭੀ ਹੋ ਸਕਦਾ; 'ਮਹਾਨ ਕੋਸ਼' ਅਨੁਸਾਰ: ਚੀਨ ਨਾਲ ਲੱਗਦਾ ਇਕ ਇਲਾਕਾ) ਦੇਸ਼ ਦੇ ਵਾਸੀ ਤੇਰੇ ਅੱਗੇ ਸੀਸ ਨਿਵਾਉਂਦੇ (ਨਯਾਵੈ) ਹਨ ਅਤੇ ਤਿੱਬਤੀ ਲੋਕ ਵੀ ਤੇਰੀ ਬੰਦਗੀ ਕਰ ਕੇ ਆਪਣੇ ਸਰੀਰ ਦੇ ਦੋਖਾਂ ਤੋਂ ਨਵਿਰਤੀ ਪਾਉਂਦੇ ਹਨ। ਅੰਤ ਕਲਗੀਧਰ ਪਾਤਸ਼ਾਹ ਜੀ ਤੱਤਸਾਰ ਦਿੰਦੇ ਹਨ ਕਿ ਹੇ ਪ੍ਰਭੂ! ਜਿਨ੍ਹਾਂ ਜਿਨ੍ਹਾਂ ਨੇ ਵੀ ਤੈਨੂੰ ਸਿਮਰਿਆ (ਧਿਆਇਓ), ਉਨ੍ਹਾਂ ਨੇ ਹੀ ਪੂਰਨ ਪ੍ਰਤਾਪ ਤੇ ਵਡਿਆਈ ਪ੍ਰਾਪਤ ਕੀਤੀ ਹੈ, ਉਨ੍ਹਾਂ ਦੇ ਘਰ, ਹਰ ਤਰ੍ਹਾਂ ਦੀ ਸੰਪਤੀ ਪਾ ਕੇ ਫ਼ਲਾਂ-ਫੁੱਲਾਂ ਦੀ ਬਹਾਰ ਵਾਂਗ ਭਰਪੂਰ ਹੋ ਸਕੇ।

ਅੱਗੇ ਕਲਗੀਧਰ ਪਾਤਸ਼ਾਹ ਜੀ ਦਾ ਸ੍ਰੀ ਦਸਮ ਗ੍ਰੰਥ ਵਿਚ ਇਸੇ ਹੀ ਬਹਿਸ 'ਤੇ ਵੰਨਗੀ ਦਾ ਹੋਰ ਸ਼ਬਦ ਹੈ। ਇਸ ਦੀ ਰਵਾਨਗੀ, ਸ਼ੈਲੀ, ਸੰਦੇਸ਼ ਸ਼ਰਧਾਵਾਨ ਹੀ ਸਮਝ ਸਕਦੇ ਹਨ। ਇਸ ਵਿਚ ਪ੍ਰਭੂ ਦੀ ਬੇਅੰਤਤਾ ਤੇ ਵਿਸ਼ਵ ਦੀ ਅਨੰਤਤਾ ਦਾ ਵਰਣਨ ਹੈ। ਸਤਿਗੁਰੂ ਫੁਰਮਾਉਂਦੇ ਹਨ:

*ਫਰਾ ਸੀ ਫਿਰੰਗੀ ਫਰਾਸੀਸ ਕੇ ਦੁਰੰਗੀ*
*ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ॥*
*ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ*

*ਪਉਨ ਕੇ ਅਹਾਰੀ ਤੇਰੇ ਨਾਮੁ ਧਿਆਈਅਤੁ ਹੈ॥*
*ਪੂਰਬ ਪਲਾਊਂ ਕਾਮ ਰੂਪ ਔ ਕਮਾਊਂ*
*ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ॥*
*ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ*
*ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ॥* *(ਅਕਾਲ ਉਸਤਤ)*

ਭਾਵ ਪਾਰਸੀ (ਫ਼ਾਰਸੀ) ਫਰੰਗੀ ਤੇ ਫਰਾਂਸ ਦੇ ਦੋਰੰਗੇ (ਦੁਰੰਗੀ) ਗੋਰੇ ਕਾਲੇ ਲੋਕ, ਮਕਰਾਨ (ਮਹਾਨ ਕੋਸ਼ ਅਨੁਸਾਰ ਈਰਾਨ ਦਾ ਇਕ ਇਲਾਕਾ ਜਿਸ ਦੀ ਹੱਦ ਬਲੋਚਸਤਾਨ ਨਾਲ ਮਿਲਦੀ ਹੈ) ਦੇ ਮ੍ਰਿਦੰਗੀ ਲੋਕ ਤੇਰੀ ਉਸਤਤ ਦੇ ਗੀਤ ਗਾਉਂਦੇ ਹਨ। ਭੱਖਰ ਇਲਾਕੇ ਦੇ ਭੱਖਰੀ (ਮਹਾਨ ਕੋਸ਼ ਅਨੁਸਾਰ ਭੱਖਰ ਸਿੰਧੁਨਦ ਦਾ ਇਕ ਦੀਪ, ਜੋ ਸੱਖਰ ਜ਼ਿਲ੍ਹਾ (ਸਿੰਧ) ਵਿਚ ਹੈ), ਕੰਧਾਰ ਦੇ ਵਾਸੀ ਕੰਧਾਰੀ, ਗੋਰਿ ਇਲਾਕੇ ਦੇ ਵਾਸੀ ਗੌਰੀ ਅਫ਼ਗਾਨ ਤੇ ਗੱਖਰੀ ਦੇ ਲੋਕ (ਸ਼ਬਦਾਰਥ ਦਸਮ ਗ੍ਰੰਥ- 'ਗੱਖੜਿ'- ਛੱਛ ਦੁਆਬਾ ਸਿੰਧ ਸਾਗਰ ਵਿਚ ਵਸ ਰਹੀ ਕੌਮ), ਗਰਦੇਸ਼ (ਗਰਦੇਜਾ ਚਾਰੀ) ਦੇਸ਼ ਅੰਦਰ ਵਿਚਰਨ ਵਾਲੇ ਸੱਯਦ ਤੇ ਪਉਨ ਅਹਾਰੀ ਜੋਗੀ ਆਦਿ, ਹੇ ਪ੍ਰਭੂ! ਤੇਰਾ ਨਾਮ ਹੀ ਧਿਆਉਂਦੇ ਹਨ। ਪੂਰਬ ਦੇ ਪਲਾਊ (ਮਹਾਨ ਕੋਸ਼ ਅਨੁਸਾਰ ਛੋਟੇ ਨਾਗਪੁਰ ਦੇ ਇਲਾਕੇ ਅੰਦਰ ਇਕ ਜ਼ਿਲ੍ਹਾ, ਜੋ ਪਹਾੜੀਆਂ ਨਾਲ ਘਿਰਿਆ ਹੋਇਆ ਪਨਾਹ ਦੀ ਥਾਂ ਮੰਨਿਆ ਗਿਆ ਸੀ) ਕਾਮਰੂਪ ਤੇ ਕੁਮਾਊ ਪ੍ਰਦੇਸ਼ (ਮਹਾਨ ਕੋਸ਼- 'ਕਾਮਰੂਪ': ਅਸਾਮ ਦੇਸ਼ ਵਿਚ ਪੂਰਵੀ ਬੰਗਾਲ ਦਾ ਭੂਟਾਨ ਦੀ ਸਰਹੱਦ ਪੁਰ ਇਕ ਜ਼ਿਲ੍ਹਾ ਤੇ ਉਸ ਦੇ ਆਸ ਪਾਸ ਦਾ ਇਲਾਕਾ; 'ਕੁਮਾਊ':- ਯੂ. ਪੀ. ਵਿਚ ਇਕ ਇਲਾਕਾ, ਜਿਸਦਾ ਪ੍ਰਮਾਣ ੬੦੦ ਵਰਗਮੀਲ ਹੈ.) ਆਦਿ ਸਭ ਸਥਾਨਾਂ 'ਤੇ ਜਿੱਥੇ ਜਿੱਥੇ ਵੀ ਜਾਈਦਾ ਹੈ, ਪ੍ਰਭੂ! ਤੂੰ ਹੀ ਬਿਰਾਜ ਰਿਹਾ ਹੈਂ। ਹੇ ਪੂਰਨ ਪ੍ਰਤਾਪ (ਪੂਰਨ ਪ੍ਰਤਾਪੀ) ਵਾਲੇ ਪ੍ਰਭੂ ਜੀਓ, ਹੇ ਜੰਤਰਾਂ-ਮੰਤਰਾਂ ਦੇ ਦੁੱਖ ਭਰਮ ਤੋਂ ਰਹਿਤ (ਅਤਾਪੀ) ਜਗਤ ਦੇ ਸੁਆਮੀ! ਤੇਰੀ ਵਡਿਆਈ (ਕੀਰਤੀ) ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ।

ਉਸ ਅਕਾਲ ਦੀ ਸਰਬ-ਵਿਆਪਕਤਾ ਦਾ ਵਰਣਨ ਕਰਦਿਆਂ ਹੀ ਕਲਗੀਧਰ ਪਾਤਸਾਹ 'ਜਾਪੁ ਸਾਹਿਬ' ਵਿਚ ਫੁਰਮਾਉਂਦੇ ਹਨ:- ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥ ਭਾਵ ਹੇ ਪ੍ਰਭੂ! ਤੈਨੂੰ ਨਮਸਕਾਰ ਹੈ ਕਿਉਂਕਿ ਤੂੰ ਸਭ ਦਾ ਰੂਪ ਹੈਂ, ਭਾਵ ਸਭ ਹਸਤੀਆਂ ਵਿਚ ਮੌਜੂਦ ਹੈ ਤੇ ਤੂੰ ਸਭ ਜੀਵਾਂ ਦਾ ਪਾਤਸ਼ਾਹ (ਭੂਪੇ) ਹੈਂ। ਉਸ ਅਕਾਲ ਦੀ ਸ਼ਕਤੀ ਨੂੰ ਹੀ ਦਸਮ ਪਾਤਸ਼ਾਹ ਜ਼ਫ਼ਰਨਾਮਾ (ਫ਼ਤਹ ਦਾ ਖ਼ਤ) ਦੇ ਪਹਿਲੇ ਬੰਦ ਵਿਚ ਇਉਂ ਵਰਣਨ ਕਰਦੇ ਹਨ:

*ਕਮਾਲੇ ਕਰਾਮਾਤ ਕਾਇਮ ਕਰੀਮ॥*
*ਰਜ਼ਾ ਬਖ਼ਸ਼ ਓ ਰਾਜ਼ਿਕ ਰਿਹਾਕੁਨ ਰਹੀਮ॥੧॥* *(ਜ਼ਫ਼ਰਨਾਮਾ)*

ਭਾਵ ਕਿ ਉਹ ਅਕਾਲ ਪੁਰਖ ਸ਼ਕਤੀ (ਕਰਾਮਾਤ) ਵਿਚ ਪੂਰਨ (ਕਮਾਲੇ) ਹੈ, ਸਦਾ ਰਹਿਣ ਵਾਲਾ ਅਚੱਲ (ਕਾਇਮ) ਤੇ ਕਿਰਪਾਲੂ (ਕਰੀਮ) ਹੈ। ਜੋ ਇਨਸਾਨ ਉਸ

ਦੇ ਭਾਣੇ (ਰਜ਼ਾ) ਵਿਚ ਰਹਿੰਦਾ ਹੈ, ਉਸ ਉੱਪਰ ਬਖਸ਼ਿਸ਼ ਕਰਨ ਵਾਲਾ (ਬਖਸ਼) ਅੰਨ ਦਾਤਾ (ਰਾਜ਼ਿਕ), ਬੰਧਨ ਕੱਟਣ ਵਾਲਾ (ਰਿਹਾਕੁਨ) ਤੇ ਰਹਿਮ ਕਰਨ ਵਾਲਾ ਦਿਆਲੂ (ਰਹੀਮ) ਹੈ।

ਇਸ ਲਈ ਜਿਸਨੇ ਵੀ ਪ੍ਰਭੂ ਨੂੰ ਧਿਆਇਆ, ਉਸ ਨੇ ਸਦਾ ਪੂਰਨ ਜਸ ਪਾਇਆ ਹੈ ਅਤੇ ਅਜਿਹੇ ਬੰਦਗੀ ਕਰਨ ਵਾਲੇ ਇਨਸਾਨ ਉੱਪਰ ਅਕਾਲ ਪੁਰਖ ਹਮੇਸ਼ਾ ਮਿਹਰਾਂ ਦੀ ਬਰਖਾ ਕਰਦਾ ਹੈ। 'ਜ਼ਫ਼ਰਨਾਮਾ' ਵਿਚ ਹੀ ਦਸਮ ਪਾਤਸ਼ਾਹ ਜੀ ਦਾ ਇਹ ਸੰਦੇਸ਼ ਸਮੂਹ ਮਾਨਵਤਾ ਲਈ ਪ੍ਰੇਰਕ ਸ਼ਕਤੀ ਹੈ:

*ਨ ਸਾਜ਼ੋ ਨਾ ਬਾਜ਼ੋ ਨ ਫ਼ੌਜੋ ਨ ਫ਼ਰਸ਼॥*
*ਖ਼ੁਦਾਵੰਦ ਬਖ਼ਸ਼ਿੰਦਏ ਐਸ਼ ਅਰਸ਼॥*

ਭਾਵ ਜਿਸ ਇਨਸਾਨ ਪਾਸ ਨਾ ਕੋਈ ਸਾਮਾਨ (ਸਾਜ਼ੋ) ਹੈ, ਨਾ ਘੋੜਾ (ਬਾਜ਼ੋ) ਹੈ, ਨਾ ਫੌਜ ਤੇ ਨਾ ਹੀ ਆਸਣ ਲਈ ਗਲੀਚੇ (ਫ਼ਰਸ਼) ਆਦਿ ਹਨ। ਪਰ ਜੇਕਰ ਅਕਾਲ ਪੁਰਖ (ਖ਼ੁਦਾਵੰਦ) ਚਾਹੇ ਤਾਂ ਉਸ ਨੂੰ ਸੁੱਖ ਦੇ ਸਾਮਾਨ ਤੇ ਸਵਰਗ (ਅਰਸ਼) ਦੀਆਂ ਖੁਸ਼ੀਆਂ, ਨਿਆਮਤਾਂ (ਐਸ਼) ਬਖਸ਼ ਦਿੰਦਾ (ਬਖਸ਼ਿੰਦ ਏ) ਹੈ। ■

## ਅਜਨਾਲਾ ਵਿਖੇ ਗੁਰਮਤਿ ਸਮਾਗਮ

ਭਾਈ ਮਨਦੀਪ ਸਿੰਘ ਝੰਡੇਰ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਕਲਗੀਧਰ ਸਾਹਿਬ, ਅਜਨਾਲਾ ਵਿਖੇ ੨੫ ਅਤੇ ੨੬ ਫਰਵਰੀ, ੨੦੧੭ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਬੀਬੀ ਜਸਬੀਰ ਕੌਰ ਜੱਸ, ਭਾਈ ਗੁਰਪ੍ਰੀਤ ਸਿੰਘ, ਭਾਈ ਨਿਰਮਲ ਸਿੰਘ ਨੂਰ, ਭਾਈ ਇਕਬਾਲ ਸਿੰਘ, ਭਾਈ ਕਾਬਲ ਸਿੰਘ, ਭਾਈ ਇੰਦਰਜੀਤ ਸਿੰਘ, ਬੀਬੀ ਬਲਜੀਤ ਕੌਰ ਕੈਨੇਡਾ, ਭਾਈ ਪਰਮਜੀਤ ਸਿੰਘ ਖਾਲਸਾ ਆਦਿ ਵੱਖ-ਵੱਖ ਰਾਗੀ, ਢਾਡੀ ਅਤੇ ਕਥਾ-ਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਸਰਵਣ ਕਰਵਾਇਆ। ੨੬ ਫਰਵਰੀ, ੨੦੧੭ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੫੧ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਮੌਕੇ ਸ. ਭੁਪਿੰਦਰ ਸਿੰਘ, ਸ. ਜੋਰਾਵਰ ਸਿੰਘ, ਡਾ. ਅਵਤਾਰ ਕੌਰ ਅਜਨਾਲਾ, ਭਾਈ ਗੁਰਚਰਨ ਸਿੰਘ ਆਦਿ ਪ੍ਰਬੰਧਕ ਸਾਹਿਬਾਨ ਵੱਲੋਂ ਆਈਆਂ ਹੋਈਆਂ ਪੰਥਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਜੀਵਨ-ਰਿਸ਼ਮਾਂ:੧

# ਹਰ ਪਲ ਕਾਇਮ ਰਹੇ ਜੀਵਨ ਦੀ ਅਨਮੋਲਤਾ ਦਾ ਅਹਿਸਾਸ!

*-ਡਾ. ਚਮਕੌਰ ਸਿੰਘ**

ਕਾਦਰ ਦੀ ਸਾਜੀ ਕੁਦਰਤ ਦਾ ਇਕ ਵਿਸਮਾਦੀ ਵਰਤਾਰਾ ਹੈ - ਜੀਵਨ! ਬ੍ਰਹਿਮੰਡੀ ਵਰਤਾਰੇ ਵਿਚ ਕਾਦਰ ਵੱਲੋਂ ਇਹ 'ਜੀਵਨ', ਧਰਤੀ ਲਈ ਇਕ ਬੇਸ਼ਕੀਮਤੀ ਤੋਹਫਾ ਹੈ; ਬਖਸ਼ਿਸ਼ ਹੈ। ਇਹ ਜੀਵਨ ਕੀ ਹੈ? ਇਸ ਬਾਰੇ ਅਣਗਿਣਤ ਗਿਆਨੀਆਂ, ਵਿਗਿਆਨੀਆਂ ਅਤੇ ਬ੍ਰਹਮਗਿਆਨੀਆਂ ਨੇ ਆਪੋ ਆਪਣੀ ਸਮਝ-ਸਮਰੱਥਾ ਮੁਤਾਬਕ ਕਿਆਸ/ਦਾਅਵੇ, ਪਰਿਕਲਪਨਾਵਾਂ ਅਤੇ ਸਿਧਾਂਤ ਪੇਸ਼ ਕੀਤੇ ਹਨ। ਜੀਵਾਂ ਦੇ ਦ੍ਰਿਸ਼ਟਮਾਨ ਸਰੀਰਕ ਢਾਂਚਿਆਂ/ਦੇਹਾਂ ਅੰਦਰ ਪ੍ਰਾਣਾਂ ਦੀ ਨਿਰੰਤਰ ਗਤੀਸ਼ੀਲਤਾ ਨੂੰ ਜੀਵਨ ਦਾ ਨਾਮ ਦਿੱਤਾ ਜਾਂਦਾ ਹੈ। ਇਸ ਗਤੀਸ਼ੀਲਤਾ ਸਦਕਾ ਹੀ ਚੇਤਨਤਾ, ਤਬਦੀਲੀ, ਨਵਾਂਪਣ ਅਤੇ ਨਿਰੰਤਰਤਾ - ਜੀਵਨ ਦੇ ਕੁਝ ਹੋਰ ਅਹਿਮ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਜਣਨਸ਼ੀਲਤਾ, ਵਧਣਸ਼ੀਲਤਾ, ਕਾਰਜਸ਼ੀਲਤਾ ਅਤੇ ਪੁਨਰ-ਉਤਪਤੀ ਦੇ ਬੇਅੰਤ ਗੁਣਾਂ, ਸ਼ਕਤੀਆਂ ਤੇ ਸਮਰੱਥਾਵਾਂ ਨਾਲ ਭਰਪੂਰ ਹੈ - ਇਹ ਜੀਵਨ। ਜੀਵਨ ਜਿਉਣ ਦਾ ਅਰਥ ਹੈ - ਹਰ ਪਲ, ਹਰ ਖਿਣ, ਤਬਦੀਲੀ ਅਤੇ ਨਵੇਂਪਣ ਦੀ ਸਹਜ ਪ੍ਰਕਿਰਿਆ ਵਿੱਚੋਂ ਗੁਜ਼ਰਦੇ ਹੋਇਆਂ ਭਰਪੂਰ ਵਿਕਾਸ ਦੀ ਦਿਸ਼ਾ ਵੱਲ ਨਿਰੰਤਰ ਅੱਗੇ ਵਧਦੇ ਰਹਿਣਾ। ਨਾ ਕੋਈ ਰੋਕ ਨਾ ਰੁਕਾਵਟ; ਨਾ ਕੋਈ ਆਲਸ ਨਾ ਥਕਾਵਟ; ਨਾ ਵਿਹਲ ਨਾ ਆਰਾਮ; ਬਸ ਚਲਦੀ ਦਾ ਨਾਮ ਹੈ - ਜੀਵਨ!

ਮਨੁੱਖੀ ਜੀਵਨ ਦੀ ਗੱਲ ਕਰੀਏ ਤਾਂ ਭਾਰਤੀ ਧਰਮਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਇਹ ਚੌਰਾਸੀ ਲੱਖ ਜੂਨਾਂ (ਜੀਵ-ਸ਼੍ਰੇਣੀਆਂ) ਦੇ ਲੰਮੇਰੇ ਵਿਕਾਸ-ਚੱਕਰ ਵਿੱਚੋਂ ਗੁਜ਼ਰ ਕੇ ਨਸੀਬ (ਵਿਕਸਿਤ) ਹੋਇਆ ਹੈ। ਵਿਵੇਕਸ਼ੀਲ ਦ੍ਰਿਸ਼ਟੀ ਨਾਲ ਗ੍ਰਹਿਣ ਕਰੀਏ ਤਾਂ ਜੀਵ-ਜੰਤੂਆਂ ਅਤੇ ਬਨਸਪਤੀ ਦੀ ਉਤਪਤੀ ਅਤੇ ਵਿਕਾਸ ਬਾਰੇ ਪ੍ਰਸਿੱਧ ਜੀਵ-ਵਿਗਿਆਨੀ ਡਾਰਵਿਨ ਦਾ ਕ੍ਰਮ-ਵਿਕਾਸੀ ਸਿਧਾਂਤ, ਇਸ ਭਾਰਤੀ ਵਿਸ਼ਵਾਸ-ਪਰੰਪਰਾ ਨਾਲ ਮੇਲ ਖਾਂਦਾ ਪ੍ਰਤੀਤ ਹੁੰਦਾ ਹੈ। ਕੁਦਰਤ ਦੇ ਵਰਤਾਰੇ ਵਿਚ ਪੈਦਾ ਹੋਈਆਂ ਕੁੱਲ ਚੀਜ਼ਾਂ ਵਿੱਚੋਂ ਅਤੀ ਉਤਮ, ਸੁੰਦਰ ਸਿਰਜਣਾ ਹੈ ਮਨੁੱਖ! ਕਾਦਰ ਨੇ ਪੂਰੀ ਰੀਝ, ਪ੍ਰੇਮ ਅਤੇ ਸਾਧਨਾ ਨਾਲ ਬਣਾਇਆ ਹੈ ਇਹ ਮਨੁੱਖ! ਅਸ਼ਰਫ-ਉਲ-ਮਖਲੂਕਾਤ! ਧਰਤੀ ਉੱਤੇ ਸਾਰੀਆਂ ਜੀਵ-ਸ਼੍ਰੇਣੀਆਂ ਦਾ ਸਰਦਾਰ!

---

**ਜਥੇ. ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟਡੀਜ਼, ਬਹਾਦਰਗੜ੍ਹ (ਪਟਿਆਲਾ); ਮੋ: +੯੧੯੭੨੭੦-੭੭੭੨੫*

*ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥*

*(ਪੰਨਾ ੩੭੪)*

ਰੂਹਾਨੀ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਇਸ ਮਨੁੱਖੀ ਜੀਵਨ ਦੇ ਬੇਹੱਦ ਅਨਮੋਲ ਹੋਣ ਦਾ ਅਹਿਸਾਸ ਵਾਰ ਵਾਰ ਦ੍ਰਿੜ੍ਹ ਕਰਵਾਇਆ ਹੈ। ਰੂਹਾਨੀ ਪ੍ਰਵਚਨਾਂ ਦਾ ਉੱਦੇਸ਼ ਹੀ ਮਨੁੱਖ ਨੂੰ ਜੀਵਨ ਦੀ ਅਨਮੋਲਤਾ ਦਾ ਸੰਜੀਦਾ ਅਹਿਸਾਸ ਕਰਵਾ ਕੇ ਵਧੀਆ-ਬਿਹਤਰ ਜ਼ਿੰਦਗੀ ਜਿਉਣ ਲਈ ਸਹੀ ਮਾਰਗ-ਦਰਸ਼ਨ ਕਰਨਾ ਹੈ। ਇਨ੍ਹਾਂ ਪ੍ਰਵਚਨਾਂ ਨੇ ਅਨਮੋਲ ਮਨੁੱਖੀ ਜੀਵਨ ਨੂੰ ਸਾਰਥਕ, ਸੁਚੱਜਾ ਅਤੇ ਆਨੰਦ ਭਰਪੂਰ ਬਣਾਉਣ ਲਈ ਵਿਕਾਸ ਤੇ ਵਿਗਾਸ (ਖੇੜੇ ਜਾਂ ਖੁਸ਼ਹਾਲੀ) ਵੱਲ ਤੋਰਨ ਵਾਲੇ ਵਿਭਿੰਨ ਰਸਤਿਆਂ, ਭਾਵ ਧਰਮਪੰਥਾਂ ਨੂੰ ਸਿਰਜਣ ਅਤੇ ਰੋਸ਼ਨ ਕਰਨ ਦਾ ਕੰਮ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੱਖੋ ਵੱਖ ਭੂਗੋਲਿਕ-ਸੱਭਿਆਚਾਰਕ ਪਿਛੋਕੜਾਂ ਵਾਲੇ ਬਾਣੀਕਾਰਾਂ ਨੇ ਮਨੁੱਖੀ ਜੀਵਨ ਨੂੰ ਦੁਰਲੱਭ ਅਤੇ ਹੀਰੇ ਵਰਗਾ ਬੇਸ਼ਕੀਮਤੀ ਪ੍ਰਵਾਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਵਿਚ ਇਸ ਜੀਵਨ ਨੂੰ ਸਿਰਫ ਖਾਣ-ਸੌਣ ਦੀਆਂ ਕਿਰਿਆਵਾਂ ਵਿਚ ਗ੍ਰਸਤ ਰੱਖਣਾ, ਕੌਡੀਆਂ ਦੇ ਭਾਅ ਅਜਾਈਂ ਗਵਾਉਣ ਵਾਲੀ ਅਗਿਆਨਤਾ-ਭਰੀ ਕਾਰਵਾਈ ਹੈ :

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥* *(ਪੰਨਾ ੧੫੬)*

ਭਗਤ ਸ਼ੇਖ ਫਰੀਦ ਜੀ ਜੀਵਨ ਦੀ ਅਹਿਮੀਅਤ ਬਾਰੇ ਸੁਚੇਤ ਕਰਦੇ ਹੋਏ ਹਲੂਣਾ ਦਿੰਦੇ ਹਨ :

*ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥*
*ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥* *(ਪੰਨਾ ੧੩੭੯)*

ਭਗਤ ਕਬੀਰ ਜੀ ਵੀ ਮਨੁੱਖੀ ਜੀਵਨ ਦੀ ਦੁਰਲੱਭਤਾ ਦਾ ਅਹਿਸਾਸ ਜਗਾਉਂਦੇ ਹੋਏ ਝੰਜੋੜਦੇ ਹਨ :

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥* *(ਪੰਨਾ ੧੩੬੬)*

ਰੂਹਾਨੀ ਮਹਾਂਪੁਰਸ਼ਾਂ ਦੇ ਪਵਿੱਤਰ ਪ੍ਰਵਚਨਾਂ ਨਾਲ ਸੰਜੋਏ ਧਰਮ ਗ੍ਰੰਥ, ਜ਼ਿੰਦਗੀ ਦੇ ਇਕ ਇਕ ਪਲ ਨੂੰ ਸਾਰਥਕ ਬਣਾਉਣ ਦੀ ਪ੍ਰੇਰਨਾ ਦਿੰਦੇ ਹਨ। ਧਮਪਦ ਵਿਚ (੮:੧੧੩) ਮਹਾਤਮਾ ਬੁੱਧ ਜੀ ਦਾ ਪ੍ਰਵਚਨ ਹੈ ਕਿ ਆਲਸੀ ਅਤੇ ਉੱਦਮਹੀਣ ਮਨੁੱਖ ਦੇ ਸੌ ਵਰ੍ਹੇ ਦੀ ਜ਼ਿੰਦਗੀ ਨਾਲੋਂ, ਦ੍ਰਿੜ੍ਹ ਵਿਚਾਰਾਂ ਵਾਲੇ ਉੱਦਮੀ ਬੰਦੇ ਦਾ ਇਕ ਦਿਨ ਦਾ ਜਿਉਣਾ ਬਿਹਤਰ ਹੈ। ਐਤਰਯ ਉਪਨਿਸ਼ਦ (੨:੩) ਵਿਚ ਮਨੁੱਖ ਦੇ ਸੁੰਦਰ ਸਰੀਰ ਨੂੰ ਦੇਵਤਿਆਂ ਦਾ ਨਿਵਾਸ-ਸਥਾਨ ਦੱਸਿਆ ਗਿਆ ਹੈ ਜਿਸ ਵਿਚ ਪਵਨ, ਪਾਣੀ, ਅਗਨੀ, ਸੂਰਜ, ਚੰਦਰਮਾ ਸਮੇਤ ਵਿਭਿੰਨ ਦੇਵ ਵੱਖ-ਵੱਖ ਅੰਗਾਂ ਰਾਹੀਂ

ਗ੍ਰਹਿ-ਪ੍ਰਵੇਸ਼ ਕਰਦੇ ਹਨ। ਜਦ ਪਰਮ ਆਤਮਾ ਨੇ ਦੇਵਤਿਆਂ ਦੇ ਨਿਵਾਸ ਲਈ ਮਨੁੱਖ ਨੂੰ ਸਾਜ ਦਿੱਤਾ ਤਾਂ ਦੇਵਤੇ, ਸੰਸਾਰ ਦੀ ਇਸ ਉਤਕ੍ਰਿਸ਼ਟ ਸਿਰਜਣਾ ਨੂੰ ਦੇਖਦੇ ਸਾਰ ਅਸ਼ ਅਸ਼ ਕਰ ਉਠੇ, ''ਇਹ ਬਹੁਤ ਸੁੰਦਰ ਬਣਾਇਆ ਹੈ!''

ਪਵਿਤਰ ਕੁਰਾਨ ਵਿਚ ਚੰਗਾ ਜੀਵਨ ਜਿਉਣ ਦੀ ਪ੍ਰੇਰਨਾ ਦੇਣ ਲਈ ਸੁੰਦਰ ਮਨੁੱਖੀ ਵਜੂਦ ਦੇ ਸਿਰਜਨਹਾਰ ਅਤੇ ਪਾਲਣਹਾਰ-ਰਿਜ਼ਕਦਾਤੇ ਅੱਲਾਹ ਦੀਆਂ ਦਾਤਾਂ-ਬਰਕਤਾਂ ਲਈ ਹਮੇਸ਼ਾ ਉਸ ਦੇ ਸ਼ੁਕਰਗੁਜ਼ਾਰ ਬਣੇ ਰਹਿਣ ਦੇ ਪੈਗਾਮ ਥਾਂ-ਪਰ-ਥਾਂ ਦਰਜ ਹਨ। ਇਕ ਥਾਂ (ਸੂਰਤ ਅਲ ਮੋਮਿਨ, ੪੦:੬੪) ਲਿਖਿਆ ਹੈ ਕਿ ਉਹ ਅੱਲਾਹ ਹੀ ਤਾਂ ਹੈ ਜਿਸ ਨੇ ਧਰਤੀ ਨੂੰ ਤੁਹਾਡੇ ਲਈ ਰਹਿਣਯੋਗ ਜਗ੍ਹਾ ਬਣਾਇਆ ਅਤੇ ਉਪਰ ਅਕਾਸ਼ ਦਾ ਗੁੰਬਦ ਬਣਾ ਦਿੱਤਾ; ਜਿਸ ਨੇ ਤੁਹਾਡੀ ਬਹੁਤ ਸੋਹਣੀ ਸ਼ਕਲ-ਸੂਰਤ ਬਣਾਈ; ਜਿਸ ਨੇ ਤੁਹਾਨੂੰ ਸੋਹਣੀਆਂ (ਸਾਫ-ਸੁਥਰੀਆਂ) ਚੀਜ਼ਾਂ ਦਾ ਰਿਜ਼ਕ ਦਿੱਤਾ।... ਤੁਸੀਂ ਉਸ ਦੀ ਇਬਾਦਤ ਕਰੋ!

ਯਹੂਦੀ ਬਾਈਬਲ ਤੌਰੇਤ (ਜੈਨੇਸਿਸ, ੧:੨੬-੨੭) ਅਨੁਸਾਰ ਪ੍ਰਭੂ ਦੀ ਇੱਛਾ ਹੋਈ ਕਿ ਮੈਂ ਮਨੁੱਖ ਨੂੰ ਆਪਣੇ ਸਰੂਪ ਵਰਗਾ ਹੀ ਬਣਾਵਾਂ ਅਤੇ ਫਿਰ ਸਮੁੰਦਰ ਦੀਆਂ ਮੱਛੀਆਂ, ਅਕਾਸ਼ ਵਿਚ ਉਡਣ ਵਾਲੇ ਪੰਛੀਆਂ, ਪਸ਼ੂਆਂ, ਧਰਤੀ ਉਤੇ ਰੀਂਗਣ ਵਾਲੇ ਸਾਰੇ ਜੀਵ-ਜੰਤੂਆਂ ਉਤੇ ਉਸ ਦੀ ਹਕੂਮਤ ਕਾਇਮ ਕਰਾਂ। ਸੋ ਪ੍ਰਭੂ ਨੇ ਮਨੁੱਖ ਨੂੰ ਆਪਣੇ ਹੀ ਸਰੂਪ ਵਰਗਾ ਪੈਦਾ ਕੀਤਾ। ਇਸਾਈ ਬਾਈਬਲ ਇੰਜੀਲ (ਕੁਰਿੰਥੀਆਂ ਨੂੰ ਪੌਲੁਸ ਦਾ ਪਹਿਲਾ ਪੱਤਰ, ੩:੧੬) ਦਾ ਬੇਹੱਦ ਖ਼ੂਬਸੂਰਤ ਸੰਦੇਸ਼ ਹੈ - ਕੀ ਤੁਸੀਂ ਇਹ ਨਹੀਂ ਜਾਣਦੇ ਕਿ ਤੁਸੀਂ ਪ੍ਰਭੂ ਦਾ ਮੰਦਰ ਹੋ ਅਤੇ ਪ੍ਰਭੂ ਦੀ ਆਤਮਾ ਤੁਹਾਡੇ ਅੰਦਰ ਵਸਦੀ ਹੈ?

ਧਾਰਮਿਕ ਰਹਿਬਰਾਂ ਨੇ ਜਿਸ ਸੁੰਦਰ ਮਨੁੱਖੀ ਸਰੀਰ ਨੂੰ ਰੱਬ ਦਾ ਪਵਿੱਤਰ ਮੰਦਰ ਦੱਸਿਆ ਹੈ; ਅਸੀਂ ਬਹੁਗਿਣਤੀ ਇਸ ਨਾਲ ਆਪਣੀ ਨਿੱਜੀ ਜਾਗੀਰ ਵਾਂਗੂ (ਦੁਰ-) ਵਿਵਹਾਰ ਕਰਦੇ ਹਾਂ। ਅਗਰ ਇਸ ਦੀ ਸਾਂਭ-ਸੰਭਾਲ, ਰੱਬ ਦਾ ਮੰਦਰ ਸਮਝ ਕੇ ਕੀਤੀ ਜਾਵੇ ਤਾਂ ਜੀਵਨ ਪ੍ਰਤੀ ਸਾਡਾ ਨਜ਼ਰੀਆ ਹੀ ਬਦਲ ਜਾਵੇਗਾ; ਜ਼ਿੰਦਗੀ ਜਿਊਣ ਦੇ ਢੰਗ-ਤਰੀਕੇ ਬਦਲ ਜਾਣਗੇ। ਜਦ ਮੇਰਾ ਆਪਣਾ ਕੁਝ ਵੀ ਨਾ ਰਿਹਾ, ਸਭ ਕੁਝ ਰੱਬ ਦਾ ਹੋ ਗਿਆ ਅਤੇ ਸਭ ਮਨੁੱਖ ਰੱਬ ਦੇ ਹੋ ਗਏ ਤਾਂ ਸਭ ਕੁਝ ਸਾਂਝਾ ਹੋ ਜਾਵੇਗਾ। ਦੂਜਿਆਂ ਦਾ ਹੱਕ ਮਾਰ ਕੇ ਧਨ-ਦੌਲਤ ਦੇ ਅੰਬਾਰ ਇਕੱਠੇ ਕਰਨ ਵਾਲੀ ਧੱਕੇਸ਼ਾਹ ਅਤੇ ਅਨਿਆਂਕਾਰੀ ਬੀਮਾਰ ਸੋਚ ਦੇ ਅਧਾਰ ਖਤਮ ਹੋ ਜਾਣਗੇ। ਝਗੜੇ-ਝਮੇਲੇ, ਚਿੰਤਾਵਾਂ ਅਤੇ ਤੌਖਲੇ ਖਤਮ ਹੋਣ ਦੀਆਂ ਨਵੀਆਂ ਸੰਭਾਵਨਾਵਾਂ ਜਾਗਣਗੀਆਂ।

ਸਾਡਾ ਜੀਵਨ ਅਨਮੋਲ ਕਿਵੇਂ ਹੈ? ਕੀ ਜੀਵਨ ਦੀ ਕੀਮਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ? ਸਾਨੂੰ ਜੀਵਨ ਦੀ ਅਨਮੋਲਤਾ ਦਾ ਅਹਿਸਾਸ ਕਿਉਂ

ਨਹੀਂ ਹੁੰਦਾ? ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣਾ ਏਨਾ ਸਰਲ, ਸਹਿਲ ਅਤੇ ਸਹਿਜ ਨਹੀਂ, ਜਿੰਨਾ ਮਾਲੂਮ ਪੈਂਦਾ ਹੈ। ਆਮ ਮਨੁੱਖੀ ਮਨ, ਜ਼ਿੰਦਗੀ ਭਰ ਇਸ ਦੀ ਅਨਮੋਲਤਾ ਨੂੰ ਜਾਣਨ ਅਤੇ ਮਾਣਨ ਤੋਂ ਸੱਖਣਾ ਰਹਿੰਦਾ ਹੈ; ਕਦੇ ਵੀ ਗੰਭੀਰ ਨਹੀਂ ਹੁੰਦਾ। ਧਰਮਗ੍ਰੰਥਾਂ ਵਿਚ ਜੀਵਨ ਦੀ ਜਿਸ ਅਨਮੋਲਤਾ ਦਾ ਅਹਿਸਾਸ ਸਾਨੂੰ ਕਰਵਾਇਆ ਗਿਆ ਹੈ, ਉਹ ਅਹਿਸਾਸ ਉਚੇਰੇ ਜੀਵਨ-ਮਨੋਰਥ, ਅਰਥਾਤ ਆਤਮ-ਵਿਗਾਸ ਵੱਲ ਨਿਰੰਤਰ ਕਾਰਜਸ਼ੀਲ ਰੱਖਣ ਵਾਲੀ ਸਵੈ-ਪ੍ਰੇਰਨਾ ਨਾਲ ਭਰਪੂਰ ਹੈ। ਆਤਮ-ਵਿਗਾਸ ਦੀ ਯਾਤਰਾ, ਆਪੇ ਨੂੰ ਪਛਾਣਨ ਤੋਂ ਸ਼ੁਰੂ ਹੋ ਕੇ ਆਪੇ ਨੂੰ ਸੰਵਾਰਨ ਦੀ ਸਖਤ ਮੁਸ਼ੱਕਤ ਭਰੀ ਪ੍ਰਕਿਰਿਆ ਵਿੱਚੋਂ ਗੁਜ਼ਰਦੀ ਹੈ। ਇਸ ਕਠਿਨ ਮਾਰਗ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ *ਖੰਨਿਅਹੁ ਤਿਖੀ ਵਾਲਹੁ ਨਿਕੀ* ਕਿਹਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਚਾਰੀਏ ਤਾਂ ਧਰਤੀ ਤੋਂ ਇਲਾਵਾ, ਸੂਰਜ, ਚੰਦ, ਤਾਰਿਆਂ ਸਮੇਤ ਅਣਗਿਣਤ ਗ੍ਰਹਿ, ਆਪੋ-ਆਪਣੇ ਤਰੀਕਿਆਂ ਨਾਲ ਮਨੁੱਖੀ ਸਰੀਰ ਦੀ ਪਰਵਰਿਸ਼ ਵਿਚ ਨਿਰੰਤਰ ਜੁਟੇ ਹੋਏ ਹਨ, ਜਿਸ ਦਾ ਸਾਨੂੰ ਰੱਤੀ ਭਰ ਵੀ ਅਹਿਸਾਸ ਨਹੀਂ। ਜੀਵਨ ਦੀ ਗਤੀਸ਼ੀਲ ਹੋਂਦ, ਹਵਾ ਦੇ ਬਲਬੂਤੇ ਟਿਕੀ ਹੋਈ ਹੈ। ਧਰਤੀ, ਮਾਤਾ ਦਾ ਰੋਲ ਨਿਭਾ ਰਹੀ ਹੈ; ਪਾਣੀ ਪਿਤਾ ਦਾ। ਦਿਨ-ਰਾਤ ਸਾਡੇ ਖਿਡਾਵੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਇਸ ਸੱਚ ਦੇ ਖੁਲਾਸੇ ਦਾ ਅਹਿਸਾਸ, ਜਪੁ ਜੀ ਦਾ ਪਾਠ ਕਰਨ/ਸੁਣਨ ਸਮੇਂ ਰੋਜ਼ਾਨਾ ਹੁੰਦਾ ਰਹੇ ਤਾਂ ਇਹ ਸੂਤਰ ਸਾਡੇ ਜੀਵਨ ਨੂੰ ਬਦਲਣ ਲਈ ਅੰਮ੍ਰਿਤਮਈ ਪ੍ਰੇਰਕ ਸਿੱਧ ਹੋ ਸਕਦਾ ਹੈ :

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥* *(ਪੰਨਾ ੮)*

ਮੁਕਦੀ ਗੱਲ, ਇਸ ਬੇਸ਼ਕੀਮਤੀ ਸਰੀਰ ਨੂੰ ਬਣਾਉਣ/ਸੰਚਾਲਤ ਰੱਖਣ ਲਈ, ਇਕ ਸਹਿਜ-ਪ੍ਰਕਿਰਿਆ ਦੇ ਅੰਤਰਗਤ ਪੂਰੇ ਬ੍ਰਹਿਮੰਡ ਦੀਆਂ ਸ਼ਕਤੀਆਂ ਕਾਰਜਸ਼ੀਲ ਹਨ। ਬਿਜ਼ਨਸ ਦੇ ਨਜ਼ਰੀਏ ਤੋਂ ਸੋਚੀਏ ਤਾਂ ਕਿਸੇ ਉਦਯੋਗਿਕ ਕੰਪਨੀ ਵੱਲੋਂ ਸਰੀਰ ਵਰਗੇ ਪ੍ਰੋਡਕਟ ਦੀ ਪ੍ਰੋਡਕਸ਼ਨ ਕੀਮਤ ਕਿੰਨੀ ਹੋਵੇਗੀ? ਸ਼ਾਇਦ ਅਸੀਂ ਅੰਦਾਜ਼ਾ ਵੀ ਨਾ ਲਗਾ ਸਕੀਏ। ਇਕ ਇਕ ਅੰਗ ਨੂੰ ਬਣਾਉਣ ਦੀ ਫੈਕਟਰੀ ਕੀਮਤ ਬਾਰੇ ਕਿਆਸ ਕਰਨ ਲੱਗੀਏ ਤਾਂ ਸਾਡੇ ਦਿਮਾਗ ਚਕਰਾ ਜਾਣਗੇ! ਦਿਲ, ਦਿਮਾਗ, ਅੱਖਾਂ, ਫੇਫੜੇ, ਜਿਗਰ, ਗੁਰਦਿਆਂ ਤੋਂ ਇਲਾਵਾ ਬਣਾਉਟੀ ਅੰਗਾਂ - ਹੱਥ, ਪੈਰ, ਲੱਤ, ਬਾਂਹ, ਗੋਡੇ ਆਦਿ ਦੀਆਂ ਘੱਟੋ-ਘੱਟ ਤੈਅਸ਼ੁਦਾ ਮੈਡੀਕਲ ਕੀਮਤਾਂ ਦਾ ਅੰਦਾਜ਼ਾ ਦਿਮਾਗ ਦੇ ਕਪਾਟ ਖੋਲ੍ਹ ਕੇ ਰੱਖ ਦੇਵੇਗਾ। ਦੁਨੀਆ ਦਾ ਕੋਈ ਵੀ ਅਮੀਰ, ਕੇਵਲ ਇਕ ਮਨੁੱਖ ਦੇ ਪੂਰੇ ਸਰੀਰ ਨੂੰ ਅਰਬਾਂ-ਖਰਬਾਂ ਰੁਪਏ ਅਦਾ ਕਰ ਕੇ ਵੀ ਖਰੀਦਣ ਦੇ ਸਮਰੱਥ ਨਹੀਂ। ਜੀਵਨ-ਬੀਮਾ ਕੰਪਨੀਆਂ ਵੱਲੋਂ ਮਨੁੱਖੀ ਜੀਵਨ ਅਤੇ ਹਸਪਤਾਲਾਂ ਵੱਲੋਂ ਮਨੁੱਖੀ ਅੰਗਾਂ ਦੀਆਂ ਤੈਅ ਨਿਗੂਣੀਆਂ ਕੀਮਤਾਂ ਤਾਂ ਨਿਰੋਲ ਮਜ਼ਾਕ ਅਤੇ

ਹਾਸੋਹੀਣੀ ਕਿਰਿਆ ਮਾਲੂਮ ਪੈਂਦੀ ਹੈ।

ਮੈਡੀਕਲ ਦ੍ਰਿਸ਼ਟੀ ਤੋਂ ਮਨੁੱਖ ਦਾ ਕੇਵਲ ਸਰੀਰ ਹੀ ਏਨਾ ਅਨਮੋਲ ਹੈ ਤਾਂ ਇਸ ਵਿਚ ਬਿਰਾਜਮਾਨ ਸ਼ਕਤੀਸ਼ਾਲੀ ਮਨ ਦੀ ਕੀਮਤ ਕਿੰਨੀ ਹੋਵੇਗੀ! ਇਸ ਬਾਰੇ ਸ਼ਾਇਦ ਸੀਮਤ ਮੈਡੀਕਲ ਬੁੱਧੀ ਦੇ ਸਾਰੇ ਅੰਦਾਜ਼ੇ, ਫਜ਼ੂਲ ਅਤੇ ਅਸਫਲ ਸਿੱਧ ਹੋਣਗੇ। ਪਰੰਤੂ ਅਸੀਂ ਸਾਰੀ ਉਮਰ ਆਪਣੇ ਜੀਵਨ ਦੀ ਅਹਿਮੀਅਤ ਬਾਰੇ ਹਮੇਸ਼ਾ ਅਵੇਸਲੇ ਅਤੇ ਲਾਪਰਵਾਹ ਰਹਿੰਦੇ ਹਾਂ। ਇੱਥੋਂ ਤਕ ਕਿ ਸਾਨੂੰ ਤੇਜ਼ੀ ਨਾਲ ਅਜਾਈਂ ਬੀਤ ਰਹੇ ਕੀਮਤੀ ਸਮੇਂ ਦਾ ਅਹਿਸਾਸ ਵੀ ਨਹੀਂ ਰਹਿੰਦਾ ਕਿ ਕਿਹੜੇ ਕਿਹੜੇ ਫਾਲਤੂ ਕੰਮਾਂ ਵਿਚ ਸਮਾਂ ਅਜਾਈਂ ਗਵਾ ਰਹੇ ਹਾਂ ਅਸੀਂ? ਫਜ਼ੂਲ ਕੰਮਾਂ ਅਤੇ ਝਗੜੇ-ਝਮੇਲਿਆਂ ਵਿਚ ਉਲਝ ਕੇ ਆਪਣੇ ਅਨਮੋਲ ਜੀਵਨ ਦੀ ਕਿੰਨੀ ਬੇਕਦਰੀ ਕਰਦੇ ਹਾਂ ਅਸੀਂ? ਸਿੱਖਣ-ਸਿਖਾਉਣ ਦੀ ਮਨਸ਼ਾ ਤੋਂ ਵਿਹੂਣੀਆਂ ਜੀਵਨ-ਕਿਰਿਆਵਾਂ ਅਤੇ ਗਤੀਵਿਧੀਆਂ, ਮੁੱਲਵਾਨ ਮਾਨਵੀ ਜੀਵਨ ਦੀ ਸਾਰਥਕ ਵਰਤੋਂ ਉਤੇ ਵੱਡੇ ਪ੍ਰਸ਼ਨਚਿੰਨ੍ਹ ਖੜ੍ਹੇ ਕਰਦੀਆਂ ਹਨ।

ਸੰਸਾਰ ਵਿਚ ਪਰਵਾਰਾਂ ਤੋਂ ਲੈ ਕੇ ਸਰਕਾਰਾਂ ਤਕ ਫਜ਼ੂਲ ਦੇ ਝਗੜੇ-ਝਮੇਲੇ, ਵਾਦ-ਵਿਵਾਦ, ਚਿੰਤਾਵਾਂ, ਫਿਕਰ, ਤੌਖਲੇ, ਦੂਜਿਆਂ ਦੀ ਬੁਰਾਈ, ਘਟੀਆ ਸੋਚ, ਨਿੰਦਾ-ਚੁਗਲੀ - ਸਭ ਮਨੁੱਖ ਦੇ ਆਪਣੇ ਹੱਥੋਂ ਮਨੁੱਖੀ ਜੀਵਨ ਦੀ ਬਰਬਾਦੀ ਦੇ ਪੁਖਤਾ ਪ੍ਰਮਾਣ ਹਨ। ਕਤਲ, ਆਤਮ-ਹੱਤਿਆਵਾਂ, ਬੀਮਾਰੀਆਂ, ਐਕਸੀਡੈਂਟ, ਮਨੁੱਖੀ ਤਸਕਰੀ ਅਤੇ ਬੰਧੂਆ ਮਜ਼ਦੂਰੀ ਆਦਿ ਸਭ ਕਿਰਿਆਵਾਂ ਮਾਨਵੀ ਜੀਵਨ ਦੀ ਬੇਕਦਰੀ ਅਤੇ ਤੌਹੀਨ ਦੀਆਂ ਕਰੂਰ ਮਿਸਾਲਾਂ ਹਨ। ਲੋੜ ਤੋਂ ਵਧੇਰੇ ਸੌਣਾ, ਖਾਣ ਲਈ ਜਿਉਣਾ, ਵਿਹਲੜਪੁਣਾ, ਆਲਸਪੁਣਾ, ਸੁੱਚੀ ਕਿਰਤ ਤੋਂ ਕੰਨੀ ਕਤਰਾਉਣਾ, ਧਨ-ਦੌਲਤ ਕਮਾਉਣ ਜਾਂ ਜਮ੍ਹਾਂ ਕਰਨ ਦੇ ਆਹਰ ਵਿਚ ਖੱਚਿਤ ਰਹਿਣਾ, ਇਹ ਸਭ ਮਨੁੱਖੀ ਜੀਵਨ ਦੀ ਘੋਰ ਬੇਕਦਰੀ ਹੀ ਤਾਂ ਹੈ। ਜੇ ਅਸੀਂ ਸੁਚੇਤ ਹੋ ਕੇ ਹਰ ਪਲ ਆਪਣੇ ਜੀਵਨ ਦੀ ਅਨਮੋਲਤਾ ਦੇ ਭਰਪੂਰ ਅਹਿਸਾਸ ਨਾਲ, ਆਪੇ ਨੂੰ ਸੰਵਾਰਨ-ਸੁਧਾਰਨ ਵੱਲ ਸੇਧਿਤ ਰਹੀਏ ਤਾਂ ਸਾਡੇ ਜੀਵਨ ਦੇ ਸ਼ਾਂਤਮਈ ਤੇ ਆਨੰਦਮਈ ਬਤੀਤ ਹੋਣ ਦੀਆਂ ਬੇਅੰਤ ਸੰਭਾਵਨਾਵਾਂ ਹਮੇਸ਼ਾ ਰੋਸ਼ਨ ਹਨ! ■

## ਕੁਰੂਕਸ਼ੇਤਰ ਵਿਖੇ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪਾਤਸ਼ਾਹੀ ਅੱਠਵੀਂ, ਪਿੰਡ ਸਲਪਾਣੀ, ਜ਼ਿਲ੍ਹਾ ਕੁਰੂਕਸ਼ੇਤਰ (ਹਰਿਆਣਾ) ਵਿਖੇ ੫ ਮਾਰਚ, ੨੦੧੨ ਨੂੰ ਮਿਸ਼ਨ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ੩੭ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ।

# ਦੇਸ਼ ਨਿਕਾਲੇ ਸਮੇਂ: ਮਹਾਰਾਜਾ ਦਲੀਪ ਸਿੰਘ ਦੇ ਮਨ ਦੇ ਭਾਵ

-ਬੀਬੀ ਪਰਮਜੀਤ ਕੌਰ*

*ਪੰਜਾਬੀਆਂ ਨੂੰ ਮੁਖਾਤਿਬ:*

*ਲੈ ਵਤਨ ਮੇਰੇ! ਰਹੀਂ ਵੱਸਦਾ ਤੂੰ,*
*ਸਾਡੇ ਪੈਰੀਂ ਤਾਂ ਬੇੜੀਆਂ ਪੈ ਗਈਆਂ।*
*ਅਸੀਂ ਵੱਸ ਪੈ ਗਏ ਪੱਲੇ ਖੋਟਿਆਂ ਦੇ,*
*ਗਲੀਆਂ ਦੂਰ ਪੰਜਾਬ ਦੀਆਂ ਰਹਿ ਗਈਆਂ।*
*ਜਿੱਥੇ ਰਾਣੀਆਂ ਨੇ ਗਿਰਦੇ ਬੈਠਣਾ ਸੀ,*
*ਉੱਥੇ ਗੋਰੀਆਂ ਗਾਰਦਾਂ ਬਹਿ ਗਈਆਂ।*
*ਅੱਗੇ ਕੱਲੀਆਂ ਪੱਗਾਂ ਹੀ ਲੱਥੀਆਂ ਸਨ,*
*ਹੁਣ ਤਾਂ ਸਿਰਾਂ ਤੋਂ ਕਲਗੀਆਂ ਲਹਿ ਗਈਆਂ।*
*ਹੁੰਦੀ ਕੀ ਗ਼ੁਲਾਮਾਂ ਦੀ ਜ਼ਿੰਦਗੀ ਏ,*
*ਇਸ ਗੱਲ ਨੇ ਮੈਨੂੰ ਨਹੀਂ ਸੌਣ ਦੇਣਾ?*
*ਕਿਉਂਕਿ ਸ਼ੇਰ-ਏ-ਪੰਜਾਬ ਦਾ ਪੁੱਤ ਹਾਂ ਮੈਂ,*
*ਮੈਨੂੰ ਕਿਸੇ ਪੰਜਾਬ ਨਹੀਂ ਆਉਣ ਦੇਣਾ।*
*ਹੁੰਦਾ ਅੱਜ ਕਿਧਰੇ ਨਲਵਾ ਸ਼ੇਰ ਜਿਊਂਦਾ,*
*ਮੇਰੀ ਗੋਰਿਆਂ ਲਾਹੀ ਨਾ ਪੱਤ ਹੁੰਦੀ।*
*ਫੂਲਾ ਸਿੰਘ ਅਕਾਲੀਆ ਜੇ ਹੁੰਦਾ,*
*ਛੱਡੀ ਹੋਈ ਫਰੰਗੀਆਂ ਝੱਗ ਹੁੰਦੀ।*
*ਤੱਕ ਲੈਂਦਾ ਜੇ ਸ਼ੇਰੇ ਪੰਜਾਬ ਜਿਊਂਦਾ,*
*ਓਹਦੇ ਪੁੱਤ ਦੀ ਲੱਥਦੀ ਪੱਗ ਹੁੰਦੀ।*
*ਸਣੇ ਸਭੇ ਇੰਗਲੈਂਡ ਦੇ ਫੂਕ ਦਿੰਦਾ,*
*ਲੱਗੀ ਅਸਮਾਨਾਂ ਨੂੰ ਅੱਗ ਹੁੰਦੀ।*
*ਕਦੇ ਹੁੰਦੇ ਸਨ ਰਾਜਕੁਮਾਰ ਜਿਹੜੇ,*
*ਰਹਿਣਾ ਪਿਆ ਦਰਵੇਸ਼ਾਂ ਦੀ ਜ਼ਿੰਦਗੀ ਵਿਚ।*
*ਜਿਨ੍ਹਾਂ ਤਖਤ ਲਾਹੌਰ ਦਾ ਮੱਲਣਾ ਸੀ,*
*ਰੁਲ ਗਏ ਪਰਦੇਸਾਂ ਦੀ ਜ਼ਿੰਦਗੀ ਵਿਚ।*

*ਜਨਨੀ ਨੂੰ ਸੰਬੋਧਨ:*

*ਜਿੰਦਾਂ! ਪੰਜਾਂ ਦਰਿਆਵਾਂ ਦੀ ਰਾਣੀਏਂ ਨੀ,*
*ਘੁੱਟ ਪਾਣੀ ਦਾ ਲੱਭਣਾ ਪੈ ਗਿਆ ਕਿਉਂ?*
*ਨੀ ਮਹਾਰਾਣੀਏਂ! ਸ਼ਹਿਰ ਲਾਹੌਰ ਦੀਏ,*
*ਤੈਨੂੰ ਜੇਲ੍ਹਾਂ ਵਿਚ ਬੱਝਣਾ ਪੈ ਗਿਆ ਕਿਉਂ?*
*ਅੰਮੀ! ਸ਼ੇਰਾਂ ਬਘਿਆੜਾਂ ਦੇ ਜੰਗਲਾਂ 'ਚੋਂ,*
*ਤੈਨੂੰ ਰਾਤਾਂ ਨੂੰ ਭੱਜਣਾ ਪੈ ਗਿਆ ਕਿਉਂ?*
*ਤੇਰੀ ਪੱਤ ਨਹੀਂ ਪੱਤ ਪੰਜਾਬ ਦੀ ਸੀ,*
*ਨੰਗ ਕੱਲੀ ਨੂੰ ਕੱਜਣਾ ਪੈ ਗਿਆ ਕਿਉਂ?*
*ਹੁਣ ਤਾਂ ਮੇਲੇ ਸੰਜੋਗ ਦੇ ਵੱਸ ਪੈ ਗਏ,*
*ਕਦੇ ਪਰਤਦੇ ਨਹੀਂ ਪਾਣੀ ਪੱਤਣਾਂ ਨੂੰ।*
*ਜਿਸ ਘਰ ਨੂੰ ਜੰਦਰੇ ਵੱਜ ਜਾਂਦੇ,*
*ਜਾਲੇ ਲੱਗ ਹੀ ਜਾਂਦੇ ਨੇ ਛੱਤਣਾਂ ਨੂੰ।*

*ਪੰਜਾਬੀਆਂ ਨੂੰ ਸੰਬੋਧਨ:*

*ਜੇ ਮੈਂ ਮਰ ਗਿਆ ਲੰਦਨ ਦੇ ਟਾਪੂਆਂ ਵਿਚ,*
*ਮੈਨੂੰ ਫੂਕਿਓ ਨਾ ਇੰਗਲਸਤਾਨ ਦੇ ਵੱਲ।*
*ਮੇਰੀ ਚਿਖਾ 'ਚੋਂ ਜਿਹੜੀ ਵੀ ਲਾਟ ਨਿਕਲੇ,*
*ਓਹਦਾ ਰੁਖ ਹੋਵੇ ਹਿੰਦੁਸਤਾਨ ਦੇ ਵੱਲ।*
*ਕਹਿੰਦੇ ਭੁੱਬਲਾਂ ਵਿੱਚ ਵੀ ਸੇਕ ਹੁੰਦੈ,*
*ਕੋਈ ਜਾਣ ਨਾ ਦੇਣਾ ਸਮਸ਼ਾਨ ਦੇ ਵੱਲ।*
*ਮੈਨੂੰ ਸਿਖਰ ਦੁਪਹਿਰੇ ਨਾ ਦਾਗ ਦੇਣਾ,*
*ਸ਼ਿਵਾ ਠੰਢਾ ਨਹੀਂ ਹੋਣਾ ਇਮਾਨ ਦੀ ਗੱਲ।*
*ਜਿੰਦਾਂ ਰਾਣੀ ਤੇ ਕੰਵਰ ਦਲੀਪ ਸਿੰਘ ਦੀ,*
*ਉੱਡ ਜਾਏਗੀ ਏਥੇ ਸੁਆਹ ਲੋਕੋ!*
*ਪਰ ਪੰਜਾਬ ਦੀ ਇੱਕ ਇੱਕ ਇੱਟ ਅੰਦਰ,*
*ਮੇਰਾ ਧੜਕਦਾ ਸੁਣ ਲਇਓ ਸਾਹ ਲੋਕੋ!* ■

*ਮਾਰਫਤ/ ਮੋਹਨ ਸਿੰਘ ਉਰਲਾਣਾ, *ਮਕਾਨ ਨੰ. ਐਲ-੬/੯੦੫, ਗਲੀ ਨੰ.੩/੪, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ:੯੭੭੯੬੦੮੦੫੦

# ਸਾਕਾ ਨੀਲਾ ਤਾਰਾ

-ਲੈ: ਕਰਨਲ ਪ੍ਰਤਾਪ ਸਿੰਘ*

*ਸਾਕੇ ਨੀਲੇ ਤਾਰੇ ਦੀ ਗੱਲ ਸੁਣਾਵਾਂ ਮੈਂ।*
*ਜ਼ਾਲਮ ਨੇ ਜ਼ੁਲਮ ਜੋ ਕੀਤੇ ਕਿੱਦਾਂ ਭੁੱਲ ਜਾਵਾਂ ਮੈਂ।*
*ਆਪਣੀ ਹੀ ਫੌਜ ਚੜ੍ਹ ਆਈ ਪੰਜਾਬ 'ਤੇ।*
*ਹਮਲਾ ਕਰ ਦਿੱਤਾ ਮਾਝੇ, ਮਾਲਵੇ, ਦੁਆਬ 'ਤੇ।*
*ਵਗਦੇ ਨੇ ਅੱਜ ਤਕ ਅੱਥਰੂ ਰੋਕ ਨਾ ਪਾਵਾਂ ਮੈਂ।*
*ਜ਼ਾਲਮ ਨੇ ਜ਼ੁਲਮ . . .*
*ਚੁਣ ਚੁਣ ਕੇ ਸਿੱਖਾਂ ਤਾਈਂ ਮਾਰ ਮੁਕਾਇਆ ਸੀ।*
*ਖਤਮ ਕਰੋ ਸਿੱਖੀ ਹੁਕਮ ਦਿੱਲੀ ਤੋਂ ਆਇਆ ਸੀ।*
*ਲਾਸ਼ਾਂ ਦੇ ਢੇਰ 'ਤੇ ਬੈਠਾ ਸੋਗ ਮਨਾਵਾਂ ਮੈਂ।*
*ਜ਼ਾਲਮ ਨੇ ਜ਼ੁਲਮ . . .*
*ਰੰਗੀ ਗਈ ਗੁਰੂ ਦੀ ਨਗਰੀ ਖ਼ੂਨ ਦੇ ਨਾਲ ਸੀ।*
*ਸ਼ਹਿਰ ਪਵਿੱਤਰ ਹੋਇਆ ਹਾਲੋਂ ਬੇਹਾਲ ਸੀ।*
*ਕਿੰਨੇ ਹੋਏ ਸਿੰਘ ਸ਼ਹੀਦ ਗਿਣ ਹੀ ਨਾ ਪਾਵਾਂ ਮੈਂ।*
*ਜ਼ਾਲਮ ਨੇ ਜ਼ੁਲਮ . . .*
*ਹਰਿਮੰਦਰ ਦੀ ਕਰੀ ਬੇਅਦਬੀ ਅਕਾਲ ਤਖਤ ਢਾਹਿਆ ਸੀ।*
*ਜ਼ਾਲਮ ਨੇ ਨਸਲਕੁਸ਼ੀ ਦਾ ਚੱਕਰ ਚਲਾਇਆ ਸੀ।*
*ਵਾਪਰਿਆ ਜੋ ਦੁਖਾਂਤ ਲਿਖ ਹੀ ਨਾ ਪਾਵਾਂ ਮੈਂ।*
*ਜ਼ਾਲਮ ਨੇ ਜ਼ੁਲਮ . . .*
*ਮਾਂਵਾਂ ਤੋਂ ਬੱਚੇ ਖੋਹ ਕੇ ਫੌਜੀਆਂ ਮਾਰੇ ਸੀ।*
*ਉਹਨਾਂ ਨੇ ਆਪਣਿਆਂ 'ਤੇ ਕਹਿਰ ਗੁਜਾਰੇ ਸੀ।*
*ਸੁੰਨ ਹੋ ਕੇ ਵੇਖ ਰਿਹਾ ਸਾਂ ਵਿਲਕਦੀਆਂ ਮਾਂਵਾਂ ਮੈਂ।*
*ਜ਼ਾਲਮ ਨੇ ਜ਼ੁਲਮ . . .*
*ਕਹੇ ਪ੍ਰਤਾਪ ਸਿੰਘ ਭਿਆਨਕ ਘੱਲੂ ਇਹ ਘਾਰਾ ਸੀ।*
*ਝੱਲ ਗਿਆ ਇਸ ਦੁਖਾਂਤ ਨੂੰ ਪੰਥ ਪਿਆਰਾ ਸੀ।*
*ਕੌਮੀ ਸ਼ਹੀਦਾਂ ਤਾਈਂ ਸੀਸ ਝੁਕਾਵਾਂ ਮੈਂ।*
*ਜ਼ਾਲਮ ਦੇ ਜ਼ੁਲਮਾਂ ਤਾਈਂ ਕਿੱਦਾਂ ਭੁਲ ਜਾਵਾਂ ਮੈਂ।*

*ਜੀ. ਟੀ. ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੪੬੪੨-੯੬੨੧੦

# ਜੂਨ ਚੁਰਾਸੀ

-ਸ. ਨਿਰਵੈਰ ਸਿੰਘ ਅਰਸ਼ੀ*

ਕਿਤਨਾ ਕਹਿਰ ਹੂਆ ਕਿ ਜਿਸ ਕੀ, ਕੂਕ ਗਈ ਅਸਮਾਨੀ।
ਇੰਦਰਾ ਫੌਜ ਕਾ ਬਨਾ ਨਿਸ਼ਾਨਾ, ਇਕ ਦਰਬਾਰ ਨੂਰਾਨੀ।
ਅਬ ਕੀ ਬਾਰ ਨਾ ਹਮਲਾਵਰ ਥੇਂ, ਬਾਬਰ ਯਾ ਅਬਦਾਲੀ।
ਬਲਕਿ ਨਮਕ-ਹਰਾਮ ਹੂਏ ਥੇਂ, ਦਿੱਲੀ ਕੇ ਦਿਲਵਾਲੀ।
ਇੰਦਰਾ ਕੇ ਪੁਰਖੇ ਭੀ ਨਾ ਥੇਂ, ਗ਼ੈਰ ਯਾ ਕੋਈ ਵਿਦੇਸ਼ੀ।
ਕਸ਼ਮੀਰ ਕੇ ਥੇਂ ਸਰਵੋਚ ਬ੍ਰਾਹਮਣ, ਔਰ ਪੱਕੇ ਸਵਦੇਸ਼ੀ।
ਔਰੰਗਜ਼ੇਬ ਕੇ ਜ਼ੁਲਮੋਂ ਸੇ, ਜਬ ਹਿੰਦੂ ਕੌਮ ਸਤਾਈ।
ਕਸ਼ਮੀਰੀ ਪੰਡਿਤੋਂ ਕੀ ਟੋਲੀ, ਅਨੰਦਪੁਰ ਥੀ ਆਈ।
ਪੰਡਿਤ ਕਿਰਪਾ ਰਾਮ ਕਰੀ ਥੀ, ਟੋਲੀ ਕੀ ਅਗਵਾਈ।
ਰੋਤੇ ਹੂਏ ਸੁਨਾਈ ਥੀ, ਸਤਿਗੁਰ ਕੋ ਰਾਮ-ਕਹਾਨੀ।
ਯੇਹੀ ਕਿਰਪਾ ਰਾਮ, ਨਹਿਰੂ ਪਰਵਾਰ ਕਾ, ਵੱਡ-ਵਡੇਰਾ।
ਜਿਨ ਕੀ ਖ਼ਾਤਿਰ ਨਾਵੇਂ ਸਤਿਗੁਰ, ਕੀਆ ਕਰਮ ਉਚੇਰਾ।
ਜਿਨ ਕੀ ਖ਼ਾਤਿਰ ਸੀਸ ਦੀਆ ਥਾ, ਧੰਨ ਗੁਰੂ ਤੇਗ ਬਹਾਦਰ।
ਵਹੀ ਨਾਸ਼ੁਕਰੇ ਕਰ ਰਹੇ ਥੇਂ, ਅਬ ਧਰਮ ਕਾ ਘੋਰ ਅਨਾਦਰ।
ਵਰਸ਼ ਉੱਨੀ ਸੌ ਚੌਰਾਸੀ, ਔਰ ਤਪ ਰਹਾ ਜੂਨ ਮਹੀਨਾ।
ਗੋਲੀਓਂ ਸੇ ਜਬ ਛਲਨੀ ਹੂਆ, ਹਰੀਮੰਦਰ ਕਾ ਸੀਨਾ।
ਚੰਦਰੀ ਇੰਦਰਾ ਕੇ ਜ਼ੁਲਮਤ ਕੀ, ਵਗੀ ਜੋ ਲਾਲ-ਹਨ੍ਹੇਰੀ।
ਅਕਾਲ ਤਖ਼ਤ ਭੀ ਟੈਂਕੋਂ ਨੇ, ਕਰ ਦੀਆ ਥਾ ਢਹਿ-ਢੇਰੀ।
ਵੋਹ ਪਾਵਨ ਹਰਿਮੰਦਰ ਤੀਰਥ, ਜਹਾਂ ਹਰੀ ਕਾ ਵਾਸਾ।
ਜੋ ਕੋਈ ਆਏ, ਸੋ ਰਾਜ਼ੀ ਜਾਏ, ਮੁੜੇ ਨ ਕੋਈ ਨਿਰਾਸ਼ਾ।
ਪੰਚਮ ਗੁਰੁ- ਗੁਰੂ ਅਰਜਨ ਕੀ, ਅਪਰੰਪਾਰ ਵਡਾਈ।
ਇੱਕ ਸੂਫ਼ੀ ਦਰਵੇਸ਼ ਸੇ ਇਸ ਕੀ, ਗਈ ਥੀ ਨੀਂਵ ਰਖਾਈ।
ਸਾਈਂ ਮੀਆਂ ਮੀਰ ਜੀ ਜਿਨ ਕੋ, ਪੂਜੇ ਆਲਮ ਸਾਰਾ।
ਲਾਹੌਰ ਸੇ ਮਿਲਨੇ ਆ ਪਹੁੰਚੇ, ਪਾ ਗੁਰੂ ਕਾ ਏਕ ਇਸ਼ਾਰਾ।
ਗਲੇ ਮਿਲੇ ਜਬ ਦੋ ਮਜ਼ਹਬ, ਤੋ ਐਸਾ ਸਭ ਨੇ ਜਾਨਾ।
ਐਸੇ ਹੀ ਕਭੀ ਮਿਲਤੇ ਹੋਂਗੇ, ਗੁਰੂ ਨਾਨਕ ਔਰ ਮਰਦਾਨਾ।
ਹਰਿਮੰਦਰ ਵੋਹ ਪਾਵਨ ਘਰ ਹੈ, ਕੁਲ ਦੁਨੀਆ ਸੇ ਨਿਆਰਾ।
ਰੰਗ-ਨਸਲ ਔਰ ਜ਼ਾਤੀ-ਵਰਣ ਕਾ, ਨਹੀਂ ਕੋਈ ਵਰਤਾਰਾ।
ਕੰਗਲਾ ਆਏ ਯਾ ਕੋਈ ਰਾਣਾ, ਯਹਾਂ ਨਹੀਂ ਕੋਈ ਅੰਤਰ।

ਹਰੀ ਨਾਮ ਕਾ ਪਰਵਾਹਿਤ ਹੈ , ਜਾਪ ਅਖੰਡ, ਨਿਰੰਤਰ।
ਗਾਈ ਜਾਏਂ ਪੁਰਾਤਨ ਰਾਗੋਂ ਮੇਂ, ਗੁਰੂ ਗ੍ਰੰਥ ਕੀ ਬਾਣੀ।
ਜੋ ਕੋਈ ਪੜ੍ਹੇ-ਸੁਨੇ, ਚਿਤ ਲਾਏ, ਪਾਏ ਸਾਰਿੰਗ-ਪਾਣੀ।
ਪੀਰੀ ਕੇ ਇਸ ਦਰ-ਘਰ ਸਾਹਵੇਂ, ਮੀਰੀ ਤਖ਼ਤ ਸੁਹਾਏ।
ਜਿਸ ਕੀ ਰਚਨਾ ਕੀ ਥੀ ਖ਼ੁਦ, ਗੁਰੂ ਅਰਜਨ ਜੀ ਕੇ ਜਾਏ।
ਬੰਦੀ-ਛੋੜ ਗੁਰੂ ਹਰਿਗੋਬਿੰਦ, ਵਡ ਯੋਧਾ, ਪਰਉਪਕਾਰੀ।
ਅਕਾਲ ਤਖਤ ਕੀ ਨੀਂਵ ਬਾਂਧ, ਫਿਰ ਕਰੀ ਸੰਪੰਨ ਉਸਾਰੀ।
ਉਸੀ ਕੋ ਹੀ ਮਿਸਮਾਰ ਕਰਨ ਕੀ, ਇੰਦਰਾ ਨੇ ਥੀ ਠਾਨੀ।
ਰਾਜ-ਮੱਦ ਨੇ ਸੁਰਤ ਭੰਵਾਈ, ਕਰ ਬੈਠੀ ਨਾਦਾਨੀ।
ਦੇਸ਼ ਕੀ ਇੱਜ਼ਤ-ਪੱਤ ਕੇ ਰਾਖੇ, ਸਿੰਘ ਬਹਾਦਰ ਦੂਲੇ।
ਅਜ਼ਾਦੀ-ਸੰਗ੍ਰਾਮ ਮੇਂ ਜੋ, ਹੰਸਤੇ ਹੁਏ ਦਾਰ ਪੇ ਝੂਲੇ।
ਉਨਹੀਂ ਕੇ ਧਰਮ-ਸਥਾਨੋਂ ਕੋ, ਥਾ ਭਾਰਤੀਯ ਫੌਜ ਨੇ ਘੇਰਾ।
ਗੋਲੇ, ਬੰਬ ਬਰਸੇ ਤੋ ਉਜੜਾ, ਗੁਰੂ ਨਾਨਕ ਕਾ ਵੇਹੜਾ।
ਅੰਮ੍ਰਿਤਸਰ ਕੇ ਚੱਪੇ-ਚੱਪੇ, ਥੀ ਤਨੀ ਹੁਈ ਦੋਨਾਲੀ।
ਨਾ ਬੰਦਾ, ਨਾ ਕੋਈ ਪਰਿੰਦਾ, ਗਲੀ-ਬਾਜ਼ਾਰ ਸਭ ਖਾਲੀ।
ਹਰਿਮੰਦਰ ਪਰਿਸਰ ਸੇ ਧੂਆਂ, ਉਠਤਾ ਦੇਇ ਦਿਖਾਈ।
ਤੜ-ਤੜ ਗੋਲੀ ਚਲਨੇ ਕੀ, ਅਵਾਜ਼ ਭੀ ਦੇਇ ਸੁਨਾਈ।
ਜੁੜੀ ਥੀ ਸੰਗਤ ਗੁਰੂ ਅਰਜਨ ਕਾ, ਸ਼ਹੀਦੀ ਪੁਰਬ ਮਨਾਨੇ।
ਬੱਚੇ-ਬੂੜੇ, ਮਰਦ-ਔਰਤ ਸਭ, ਘਿਰ ਗਏ ਥੇ ਅਨਜਾਨੇ।
ਖ਼ੂਨੀ ਵਿਰਥਾ ਕਹੀ ਨਾ ਜਾਏ, ਘਟੀ ਜੋ ਜੂਨ ਚੁਰਾਸੀ।
ਅੰਧਾ-ਧੁੰਦ ਫ਼ਾਇਰਿੰਗ ਸੇ ਚੜ੍ਹੇ, ਹਜ਼ਾਰੋਂ ਕਾਲ ਕੀ ਫਾਸੀ।
ਘਾਇਲ ਹੋ ਕਰ ਸਹਿਕ ਰਹੇ ਥੇ, ਜੋ ਬਜ਼ੁਰਗ ਔਰ ਬੱਚੇ।
ਪਾਨੀ ਕੀ ਇੱਕ ਘੁੱਟ ਜੋ ਮਾਂਗੀ, ਮਿਲੇ ਥੇ ਧੱਕੇ-ਮੁੱਕੇ।
ਬੇਦੋਸ਼ੋਂ ਕੇ ਖ਼ੂਨ ਸੇ ਥੀ, ਪਰਿਕਰਮਾ ਲਥ-ਪਥ ਹੁਈ।
ਜ਼ੁਲਮ ਦੇਖ ਲਗਤਾ ਥਾ ਜੈਸੇ, ਮਾਨਵਤਾ ਹੋ ਰੋਈ।
ਪਤਿਤ-ਪਾਵਨ ਦਰਬਾਰ ਗੁਰੂ ਕਾ, ਹੋ ਗਯਾ ਛਲਨੀ-ਛਲਨੀ।
ਅਕਾਲ ਤਖ਼ਤ ਭੀ ਢੇਰ ਕੀਆ, ਇਨ ਟੈਂਕੋਂ ਕੀ ਸਰਗਰਮੀ।
ਯੋਧੇ ਸੰਤ ਜਰਨੈਲ ਸਿੰਘ ਜੀ, ਵਚਨੋਂ ਕੇ ਜੋ ਪੂਰੇ।
ਧਰਮ ਕੀ ਸ਼ਮ੍ਹਾਂ ਪੇ ਦੇ ਆਹੂਤੀ, ਮਕਬੂਲ ਹੋ ਗਏ ਸੂਰੇ।
ਬਾਬਾ ਦੀਪ ਸਿੰਘ ਕੀ ਗਾਥਾ, ਗਈ ਥੀ ਫਿਰ ਦੋਹਰਾਈ।
ਆਖਰੀ ਦਮ ਤੱਕ ਲੜਤੇ-ਲੜਤੇ, ਅਮਰ ਸ਼ਹਾਦਤ ਪਾਈ।
ਜਨਰਲ ਸੁਬੇਗ ਸਿੰਘ ਜੀ ਨੇ ਭੀ, ਅੱਛੇ ਜੌਹਰ ਦਿਖਾਏ।
ਨਾਮੀ ਕਮਾਂਡੋ ਔਰ ਕਮਾਂਡਰ, ਫੁੰਡ-ਫੁੰਡ ਮਾਰ ਗਿਰਾਏ।

*ਧਰਮੀ ਭਾਈ ਅਮਰੀਕ ਸਿੰਘ ਜੀ, ਕੀਆ ਵਚਨ ਨਿਭਾਯਾ।*
*ਕੌਮੀ ਆਨ-ਸ਼ਾਨ ਕੀ ਖ਼ਾਤਿਰ, ਜੀਵਨ ਲੇਖੇ ਲਾਯਾ।*
*ਸਿਰ ਧਰ ਤਲੀ ਗਲੀ ਆਏ ਥੇ, ਸੈਂਕੜੋਂ ਜੋ ਪਰਵਾਨੇ।*
*ਪੁਰਜ਼ਾ-ਪੁਰਜ਼ਾ ਹੋ ਕਰ ਜੂਝੇ, ਅਣਖੀ-ਵੀਰ, ਦੀਵਾਨੇ।*
*ਮਰਨਾ ਤੋ ਸਭ ਨੇ ਹੈ ਲੇਕਿਨ, ਮਰੇ ਜੋ ਕੌਮ ਕੀ ਖ਼ਾਤਿਰ।*
*ਵਹੀ ਵਿਅਕਤੀ ਹੀ ਹੋਤੇ ਹੈਂ, ਪਰਸੰਸਾ ਕੇ ਪਾਤਰ।*
*ਧਰਮ-ਯੁੱਧ ਮੇਂ ਸਿਰਲੱਥ ਯੋਧੇ, ਵਾਰ ਗਏ ਜੋ ਜਾਨੇਂ।*
*ਹਰਫ਼ ਸੁਨਹਿਰੀ ਲਿਖੇ ਜਾਏਂਗੇ, ਯੇਹ 'ਅਰਸ਼ੀ' ਅਫ਼ਸਾਨੇ।*

■

---

# ਧਰਤੀ ਅੰਮ੍ਰਿਤਸਰ ਦੀ

*-ਸ. ਗੁਰਦੇਵ ਸਿੰਘ**

*ਧਰਤੀ ਅੰਮ੍ਰਿਤਸਰ ਦੀ ਅੱਜ ਵੀ*
*ਰੋ-ਰੋ ਕਰੇ ਪੁਕਾਰ।*
*ਜੂਨ ਚੁਰਾਸੀ ਵਿਚ ਫੌਜਾਂ ਨੇ*
*ਢਾਹ ਦਿੱਤੇ ਦਰਬਾਰ।*

*ਟੈਂਕਾਂ ਦੇ ਨਾਲ ਤਖਤ ਢਾਹ ਦਿਓ*
*ਜ਼ਾਲਮ ਨੇ ਹੁਕਮ ਸੁਣਾਇਆ ਸੀ।*
*ਖ਼ੂਨ ਬੇ-ਦੋਸ਼ੀ ਸੰਗਤ ਦਾ ਉਸ*
*ਪਾਣੀ ਵਾਂਗ ਵਹਾਇਆ ਸੀ।*
*ਬਣ ਗਈ ਸੀ ਸਿੱਖਾਂ ਦੀ ਦੁਸ਼ਮਣ*
*ਦਿੱਲੀ ਦੀ ਸਰਕਾਰ।*
*ਧਰਤੀ ਅੰਮ੍ਰਿਤਸਰ ਦੀ . . .*

*ਹਰ ਪਾਸੇ ਸੀ ਧੂੰਏਂ ਉੱਡਦੇ*
*ਲਾ ਦਿੱਤੀਆਂ ਸੀ ਅੱਗਾਂ।*
*ਦਿੱਸਣ ਟੋਪੀਆਂ ਵਾਲੇ ਹਰ ਥਾਂ*
*ਰੁੱਲ ਗਈਆਂ ਸੀ ਪੱਗਾਂ।*
*ਕਹਿੰਦੇ ਗੋਲੀ ਮਾਰ ਦਿਓ*
*ਜਿੱਥੇ ਦਿਸਦਾ ਏ ਸਰਦਾਰ।*
*ਧਰਤੀ ਅੰਮ੍ਰਿਤਸਰ ਦੀ . . .*

*ਝੂਠੇ ਕੇਸ ਬਣਾ ਸਿੱਖਾਂ ਦਾ*
*ਕਤਲ-ਏ-ਆਮ ਕਰਵਾਇਆ ਸੀ।*
*ਖਿੜਿਆ ਫੁੱਲ ਜਵਾਨੀ ਵਾਲਾ*
*ਕਿਉਂ ਛੇਤੀ ਮੁਰਝਾਇਆ ਸੀ।*
*ਸਿੱਖ ਕੌਮ ਨੂੰ ਖਤਮ ਕਰਨ ਲਈ*
*ਕੀਤੇ ਯਤਨ ਹਜ਼ਾਰ।*
*ਧਰਤੀ ਅੰਮ੍ਰਿਤਸਰ ਦੀ . . .*

*ਰਲ ਮਿਲ ਕੇ ਮੱਕਾਰਾਂ ਨੇ*
*ਇਹ ਕੈਸਾ ਕਹਿਰ ਕਮਾਇਆ ਸੀ।*
*ਗੁਰੂ ਦੀ ਨਗਰੀ ਅੰਮ੍ਰਿਤਸਰ ਨੂੰ*
*ਖ਼ੂਨੀ ਸ਼ਹਿਰ ਬਣਾਇਆ ਸੀ।*
*'ਗੁਰਦੇਵ ਸਿੰਘਾ' ਅਸੀਂ ਐਸੇ ਉੱਜੜੇ*
*ਮੁੜ ਨਾ ਖਿੜੀ ਬਹਾਰ।*
*ਧਰਤੀ ਅੰਮ੍ਰਿਤਸਰ ਦੀ . . .*

---

**ਨੂਰਦੀ ਅੱਡਾ, ਨੇੜੇ ਬਿਹਾਰ ਟੈਂਟ ਹਾਊਸ, ਤਹਿ ਤੇ ਜ਼ਿਲ੍ਹਾ ਤਰਨ ਤਾਰਨ ਮੋ. +੯੧੯੮੮੩੩-੨੫੫੦੭*

# ਮੇਰੀ ਕੌਮ ਦੇ ਸੁਣ ਜ਼ਰਾ ਸੂਰਬੀਰਾ

*-ਸ. ਜਗਤਾਰ ਸਿੰਘ ਖੋਦੇਬੇਟ**

*ਮੇਰੀ ਕੌਮ ਦੇ ਸੁਣ ਜ਼ਰਾ ਸੂਰਬੀਰਾ,*
*ਭਟਕ ਗਿਆ ਏ ਕਿਧਰ ਧਿਆਨ ਤੇਰਾ?*
*ਝੁਕ ਗਿਆ ਕਿਉਂ ਕੌਮੀ ਨਿਸ਼ਾਨਿਓਂ ਤੋਂ ਤੂੰ,*
*ਥਿੜਕ ਗਿਆ ਕਿਉਂ ਹੁਣ ਈਮਾਨ ਤੇਰਾ?*
*ਵੈਰੀ ਥਰ ਥਰ ਤੇਰੇ ਤੋਂ ਕੰਬਦੇ ਸੀ,*
*ਮੂੰਹ ਜਿਨ੍ਹਾਂ ਦੇ ਕਦੇ ਤੂੰ ਮੋੜਦਾ ਸੀ।*
*ਹੁੰਦੇ ਜ਼ੁਲਮ ਦੇ ਰਿਹਾ ਖ਼ਿਲਾਫ਼ ਲੜਦਾ,*
*ਖੁਸ਼ ਰਹਿਣ ਸਾਰੇ ਸਦਾ ਹੀ ਲੋੜਦਾ ਸੀ।*
*ਕਰੇ ਧੱਕਾ ਕੋਈ ਸਦਾ ਖ਼ਿਲਾਫ਼ ਲੜਿਆ,*
*ਬਾਂਹ ਸਦਾ ਗਰੀਬ ਦੀ ਫੜੀ ਸੀ ਤੂੰ।*
*ਮਜਲੂਮ ਲੋਕਾਂ ਨੂੰ ਹੱਕ ਦਿਵਾਉਣ ਖਾਤਰ,*
*ਜ਼ਰਵਾਣੇ ਨਾਲ ਜੰਗ ਸਦਾ ਹੀ ਲੜੀ ਸੀ ਤੂੰ।*
*ਰਹੀ ਗੁਣਾਂ ਦੀ ਸਦਾ ਤਾਰੀਫ ਹੁੰਦੀ,*
*ਰੱਖਿਆ ਸਦਾ ਸੀ ਤੂੰ ਇਖ਼ਲਾਕ ਉੱਚਾ।*
*ਪਰਾਈ ਇਸਤਰੀ ਨੂੰ ਤੱਕਿਆ ਨਹੀਂ ਬੁਰੀ ਨਜ਼ਰੇ,*
*ਜੀਵਨ ਆਪਣਾ ਰੱਖਿਆ ਤੂੰ ਸਦਾ ਸੁੱਚਾ।*
*ਨਸ਼ਿਆਂ ਲਾਗੋਂ ਤੂੰ ਕਦੇ ਵੀ ਲੰਘਿਆ ਨਹੀਂ,*
*ਸਦਾ ਬਾਣੀ ਦਾ ਰਿਹਾ ਸਰੂਰ ਤੈਨੂੰ।*
*ਦੁਨੀਆ ਨਾਲੋਂ ਨਿਰਾਲਾ ਸਰੂਪ ਤੇਰਾ,*
*ਮਾਣ ਬਖ਼ਸ਼ਿਆ ਖੁਦ ਹਜ਼ੂਰ ਤੈਨੂੰ।*
*ਛੱਡ ਬੁਰਾਈਆਂ ਤੇ ਵਿਰਸਾ ਸੰਭਾਲ ਆਪਣਾ,*
*ਪਿੱਛੇ ਲੱਗਾ ਕਿਉਂ ਫਿਰੇਂ ਬੇਗਾਨਿਆਂ ਦੇ?*
*ਇਕ ਦੂਜੇ ਦੇ ਖਿੱਚਣੇ ਪੈਰ ਛੱਡ ਦੇ,*
*ਮਕਸਦ ਰੱਖ ਤੂੰ ਕੌਮੀਂ ਨਿਸ਼ਾਨਿਆਂ ਦੇ।*

■

**ਪਿੰਡ ਖੋਦੇਬੇਟ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ; ਮੋ: +੯੧੯੧੯੬੮-੦੦੨੩੬*

# ਪੱਗ ਦੀ ਮਹਾਨਤਾ

-ਮਾ. ਰਣਜੀਤ ਸਿੰਘ*

*ਇਹ ਤਾਂ ਗੱਲ ਜਾਣੇ ਸਾਰੇ ਜੱਗ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਬੰਨ੍ਹੀ ਹੋਵੇ ਪੱਗ ਸਰਦਾਰ ਜਾਪਦਾ।*
*ਬੰਦਾ ਉਹ ਸਿਆਣਾ ਜ਼ਿੰਮੇਵਾਰ ਜਾਪਦਾ।*
*ਹੁੰਦਾ ਜਿਉਂ ਅੰਗੂਠੀ ਵਿਚ ਨਗ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਇਹਦੇ ਨਾਲ ਹੁੰਦਾ ਜਦੋਂ ਸਿਰ ਢੱਕਿਆ।*
*ਗਰਮੀ 'ਤੇ ਸਰਦੀ ਤੋਂ ਕਰੇ ਰੱਖਿਆ।*
*ਸਕਦੀ ਨਾ ਸੱਟ ਫੇਟ ਲੱਗ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਇਹਨੂੰ ਕੋਈ ਮਾਮੂਲੀ ਕੱਪੜਾ ਨਾ ਜਾਣਿਓ।*
*ਪੜ੍ਹੋ ਇਤਿਹਾਸ ਕੀਮਤ ਪਛਾਣਿਓ।*
*ਬੜਾ ਕੁਝ ਲੇਖੇ ਗਿਆ ਲੱਗ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਜੀਹਨੇ ਕਦੇਂ ਪੱਗ ਤਾਈਂ ਹੱਥ ਪਾਇਆ ਹੈ।*
*ਦੁਨੀਆ ਦੇ ਉੱਤੋਂ ਹੋ ਗਿਆ ਸਫਾਇਆ ਹੈ।*
*ਜ਼ਿੰਦਗੀ ਨਾ ਮਾਣੀ ਉਹਨੇ ਰੱਜ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਪੱਗ ਨੂੰ ਨਾਂ ਲੱਗ ਜਾਏ, ਕਦੀ ਦਾਗ ਓਏ।*
*ਸਮਝੀਏ ਅਸੀਂ ਏਸ ਨੂੰ ਸੁਭਾਗ ਓਏ।*
*ਕੱਟ ਜਾਵੇ ਭਾਵੇਂ ਰੱਗ ਰੱਗ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।*
*ਸਾਰਿਆਂ ਨੂੰ ਰਣਜੀਤ ਸਿੰਘ ਦੀ ਅਰਜ਼ ਮਿੱਤਰੋ।*
*ਭੁੱਲਣਾ ਨਾ ਆਪਣਾ ਫਰਜ਼ ਮਿੱਤਰੋ।*
*ਰੱਖਣੀ ਬਚਾ ਕੇ ਇਹਦੀ ਲੱਜ ਮਿੱਤਰੋ।*
*ਜਾਨ ਤੋਂ ਪਿਆਰੀ ਸਾਨੂੰ ਪੱਗ ਮਿੱਤਰੋ।* ■

*ਸਾਹਮਣੇ ਖਾਲਸਾ ਸਕੂਲ, ਖੰਨਾ-੧੪੧੪੦੧, ਜ਼ਿਲ੍ਹਾ ਲੁਧਿਆਣਾ; ਮੋ: +੯੧੯੮੧੪੫-੨੮੦੨੩

## ਸਮੂਹ ਸਿੱਖ ਸੰਗਤਾਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਨੂੰ ਮੁੜ ਸਥਾਪਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਪਾਲਣਾ ਕਰਨ -ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ

ਸ੍ਰੀ ਅੰਮ੍ਰਿਤਸਰ ੧੪ ਮਈ: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿ ਕੀ ਪੌੜੀ, ਹਰਿਦੁਆਰ ਦੀ ਮੁੜ ਸਥਾਪਨਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਜਪੁ ਜੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਅਰਦਾਸ ਬੇਨਤੀ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਸਥਾਪਨਾ ਲਈ ਇਕਜੁੱਟ ਹੋ ਕੇ ਸਮੁੱਚੇ ਵਿਸ਼ਵ ਭਰ ਦੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਸੀ ਕਿ ਇਸ ਮੁਹਿੰਮ ਨੂੰ ਸਫਲ ਕਰਨ ਲਈ ੧੪ ਮਈ ਨੂੰ ਜਪੁ ਜੀ ਸਾਹਿਬ ਦੇ ਪਾਠ ਕਰ ਕੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਜਾਵੇ। ਇਸੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਚ ਸਮੂਹ ਸੰਗਤਾਂ ਅਤੇ ਸਟਾਫ ਵੱਲੋਂ ਜਪੁ ਜੀ ਸਾਹਿਬ ਦੇ ਪਾਠ ਕਰਕੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਗਈ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਸੰਗਤ ਨਾਲ ਮਿਲ ਕੇ ਜਪੁ ਜੀ ਸਾਹਿਬ ਦਾ ਪਾਠ ਕੀਤਾ। ਭੋਗ ਉਪਰੰਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਅਰਦਾਸ ਕੀਤੀ।

ਇਸ ਸਮੇਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਸੁੰਦਰੀਕਰਨ ਦੇ ਨਾਮ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਹੋਂਦ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਗੁਰਦੁਆਰਾ ਸਾਹਿਬ ਦੀ ਮੁੜ ਸਥਾਪਨਾ ਲਈ ਸਮੂਹ ਧਾਰਮਿਕ ਜਥੇਬੰਦੀਆਂ, ਸਿੱਖ ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ, ਧਾਰਮਿਕ ਜਥੇਬੰਦੀਆਂ, ਸਿੱਖ ਟਕਸਾਲਾਂ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਗੁਰਦੁਆਰਾ ਕਮੇਟੀਆਂ, ਨਿਰਮਲੇ, ਉਦਾਸੀ, ਸੇਵਾ ਪੰਥੀ ਤੇ ਦੇਸ਼-ਵਿਦੇਸ਼ਾਂ ਦੀਆਂ ਸੰਗਤਾਂ ਕਿਸੇ ਵੀ ਤਰ੍ਹਾਂ ਦੀ ਧੜ੍ਹੇਬਾਜੀ ਤੋਂ ਉਪਰ ਉਠ ਕੇ ਇਸ ਮੁਹਿੰਮ ਨੂੰ ਸਫਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿਚ ੨੪ ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰ,

ਸਭਾ-ਸੁਸਾਇਟੀਆਂ, ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ ਦੇ ਮੁਖੀ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਇਸ ਕਾਰਜ ਨੂੰ ਸਫਲ ਕਰਨ ਲਈ ਹੋਣ ਵਾਲੀ ਇਕੱਤਰਤਾ ਲਈ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਾਰਜ ਕੋਈ ਸਿਆਸੀ ਕਾਰਜ ਨਹੀਂ ਹੈ, ਸਮੁੱਚੇ ਸਿੱਖ ਕੌਮ ਦਾ ਪ੍ਰੋਗਰਾਮ ਹੈ। ਜਿਸ ਲਈ ਆਪਾਂ ਸਾਰੇ ਧੜੇਬੰਦੀਆਂ, ਪਾਰਟੀਬਾਜੀਆਂ ਤੋਂ ਉਪਰ ਉੱਠ ਕੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਪ੍ਰਾਪਤੀ ਲਈ ਇਕ ਮੰਚ 'ਤੇ ਇਕੱਠੇ ਹੋਈਏ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਬਾਰੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਸਥਿਤ ਗੁਰਦੁਆਰਾ ਸਾਹਿਬ ਨੂੰ ਸਰਕਾਰ ਨੇ ਗੁਰਦੁਆਰਾ ਸਾਹਿਬ ਦੀ ਹੋਂਦ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਸਮੁੱਚੀ ਸਿੱਖ ਕੌਮ ਨੂੰ ਗੁਰੂ ਮਹਾਰਾਜ ਜੀ ਨੇ ਬਖਸ਼ਿਸ਼ ਕੀਤੀ ਹੈ ਕਿ ਸਿੱਖ ਕੌਮ ਲੜਾਈ ਤੋਂ ਬਿਨਾਂ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸਾਹਿਬ ਦੀ ਖਤਮ ਕੀਤੀ ਹੋਂਦ ਨੂੰ ਮੁੜ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਉਸਾਰਿਆ ਜਾਵੇ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਸਥਾਪਨਾ ਲਈ ਜੋ ਉਪਰਾਲਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਲਿਆ ਗਿਆ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਬਹੁਤ ਦੁੱਖ ਮਹਿਸੂਸ ਹੁੰਦਾ ਹੈ ਕਿ ਜਿਸ ਧਰਤੀ ਵਾਸਤੇ, ਜਿਸ ਦੇਸ਼ ਵਾਸਤੇ ਸਿੱਖ ਗੁਰੂ ਸਾਹਿਬਾਨਾਂ ਨੇ ਮਹਾਨ ਕੁਰਬਾਨੀਆਂ ਦੇ ਕੇ ਹਰ ਧਰਮ ਦੀ ਰੱਖਿਆ ਕੀਤੀ ਹੈ ਅੱਜ ਉਸੇ ਦੇਸ਼ ਦੇ ਰਖਵਾਲੇ ਸਿੱਖਾਂ ਦੇ ਧਾਰਮਿਕ ਗੁਰਧਾਮਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਜਿਸ ਦੀ ਤਾਜ਼ਾ ਮਿਸਾਲ ਗੁਰਦੁਆਰਾ ਗਿਆਨ ਗੋਦੜੀ ਸਾਹਿਬ, ਹਰਿਦੁਆਰ ਹੈ। ਉਨ੍ਹਾਂ ਕਿਹਾ ਕਿ ਦੇਸ਼ਾਂ-ਵਿਦੇਸ਼ਾਂ ਵਿਚ ਬੈਠੇ ਸਿੱਖ ਸਵੇਰੇ ਸ਼ਾਮ ਅਰਦਾਸ ਬੇਨਤੀ ਰਾਹੀਂ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਨੂੰ ਲੋਚਦੇ ਹਨ। ਮਗਰ ਆਪਣੇ ਦੇਸ਼ ਵਿਚ ਹੀ ਸਿੱਖਾਂ ਨੂੰ ਆਪਣੇ ਹੀ ਗੁਰਧਾਮਾਂ ਤੋਂ ਵਿਛੋੜਨ ਦੀਆਂ ਕੋਝੀਆਂ ਚਾਲਾਂ ਚਲਾਈਆਂ ਜਾ ਰਹੀਆਂ ਹਨ। ਜੋ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਆਪਣੇ ਗੁਰਧਾਮ ਪ੍ਰਾਪਤ ਕਰਕੇ ਰਹਿਣਗੇ। ਇਸ ਮੌਕੇ ਭਾਈ ਅਮਰਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਇਸ ਧਾਰਮਿਕ ਸਮਾਗਮ ਸਬੰਧੀ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਰੂਪ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦਿਆਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਅਤੇ ਪਾਕਿਸਤਾਨ, ਅਫਗਾਨਿਸਤਾਨ, ਬੰਗਲਾਦੇਸ਼ ਵਿਚਲੇ ਗੁਰਧਾਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਸਿੰਘ ਸਾਹਿਬ ਗਿਆਨੀ

ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਜਨਰਲ ਸਕੱਤਰ ਭਾਈ ਅਮਰਜੀਤ ਸਿੰਘ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਬੀਬੀ ਕਿਰਨਜੋਤ ਕੌਰ, ਸ. ਹਰਜਾਪ ਸਿੰਘ ਸੁਲਤਾਨਵਿੰਡ, ਧਰਮ ਪ੍ਰਚਾਰ ਕਮੇਟੀ ਮੈਂਬਰ ਸ. ਅਜਾਇਬ ਸਿੰਘ ਅਭਿਆਸੀ, ਡਾ. ਰੂਪ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਸ. ਬਿਜੈ ਸਿੰਘ ਐਡੀਸ਼ਨਲ ਸਕੱਤਰ, ਸ. ਸਕੱਤਰ ਸਿੰਘ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਸਤਿੰਦਰ ਸਿੰਘ ਤੇ ਸ. ਗੁਰਮੀਤ ਸਿੰਘ ਸਾਰੇ ਮੀਤ ਸਕੱਤਰ, ਸ. ਸੁਲੱਖਣ ਸਿੰਘ ਭੰਗਾਲੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ. ਹਰਜਿੰਦਰ ਸਿੰਘ ਭੂਰਾ ਕੋਹਨਾ, ਸ. ਲਖਬੀਰ ਸਿੰਘ, ਸ. ਬਘੇਲ ਸਿੰਘ, ਸ. ਨਰਿੰਦਰ ਸਿੰਘ, ਸ. ਸਤਨਾਮ ਸਿੰਘ ਮਾਂਗਾਸਰਾਏ ਤੇ ਸ. ਪਰਮਜੀਤ ਸਿੰਘ ਸਾਰੇ ਐਡੀਸ਼ਨਲ ਮੈਨੇਜਰ, ਸ. ਮਲਕੀਤ ਸਿੰਘ ਬਹਿੜਵਾਲ ਸਹਾਇਕ ਸੁਪਰਡੈਂਟ, ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਪੰਜਾਬ ਨੂੰ ਤਿੰਨ ਜ਼ੋਨਾਂ ਵਿਚ ਵੰਡ ਕੇ ਗੁਰਮਤਿ ਪ੍ਰਚਾਰ ਲਹਿਰ ਹੋਰ ਪ੍ਰਚੰਡ ਕੀਤੀ ਜਾਵੇਗੀ-ਪ੍ਰੋ. ਬਡੂੰਗਰ

ਸ੍ਰੀ ਫਤਿਹਗੜ੍ਹ ਸਾਹਿਬ, ੧੩ ਮਈ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਧਰਮ ਪ੍ਰਚਾਰ ਦੇ ਖੇਤਰ ਵਿਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਪ੍ਰਚਾਰਕਾਂ ਨੂੰ ਵਿਸ਼ੇਸ਼ ਇਨਾਮ ਦੇਣ ਦਾ ਐਲਾਨ ਕੀਤਾ। ਇਸ ਤਹਿਤ ਪਹਿਲਾ ਇਨਾਮ ੫੧ ਹਜ਼ਾਰ ਰੁਪਏ, ਦੂਸਰਾ ੩੧ ਹਜ਼ਾਰ ਰੁਪਏ ਅਤੇ ਤੀਸਰਾ ਇਨਾਮ ੨੧ ਹਜ਼ਾਰ ਰੁਪਏ ਦਿੱਤਾ ਜਾਵੇਗਾ। ਅੱਜ ਇਥੇ ਹੋਈ ਧਰਮ ਪ੍ਰਚਾਰ ਕਮੇਟੀ ਦੇ ਸਮੂਹ ਪ੍ਰਚਾਰਕਾਂ ਦੀ ਮੀਟਿੰਗ ਉਪਰੰਤ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਪ੍ਰਚਾਰਕਾਂ ਦਾ ਅਹਿਮ ਯੋਗਦਾਨ ਹੈ ਅਤੇ ਇਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਦੇ ਮੱਦੇਨਜ਼ਰ ਵਿਸ਼ੇਸ਼ ਸਨਮਾਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਨੂੰ ਤਿੰਨ ਜ਼ੋਨਾਂ ਮਾਝਾ, ਮਾਲਵਾ, ਦੁਆਬਾ ਵਿਚ ਵੰਡ ਕੇ ਤਖ਼ਤ ਸਾਹਿਬਾਨ ਵਿਖੇ ਹੈੱਡ ਕੁਆਰਟਰ ਬਣਾਏ ਜਾਣਗੇ ਅਤੇ ਇਕ-ਇਕ ਸੀਨੀਅਰ ਪ੍ਰਚਾਰਕ ਨੂੰ ਜੋਨ ਇੰਚਾਰਜ ਬਣਾਇਆ ਜਾਵੇਗਾ।

ਸ਼੍ਰੋਮਣੀ ਗੁ.ਪ੍ਰ. ਕਮੇਟੀ ਪ੍ਰਧਾਨ ਨੇ ਦੱਸਿਆ ਕਿ ਗੁਰਮਤਿ ਦੇ ਪ੍ਰਚਾਰ ਨੂੰ ਸੁਚਾਰੂ ਢੰਗ ਨਾਲ ਅੱਗੇ ਵਧਾਉਣ ਲਈ ਪ੍ਰਚਾਰਕਾਂ ਪਾਸੋਂ ਸੁਝਾਅ ਪ੍ਰਾਪਤ ਕੀਤੇ ਗਏ ਹਨ ਅਤੇ ਧਰਮ ਪ੍ਰਚਾਰ ਲਈ ਨਵੀਂ ਵਿਉਂਤਬੰਦੀ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਨੌਜੁਆਨਾਂ ਨੂੰ ਬਾਣੀ ਅਤੇ ਬਾਣੇ ਦੇ ਨਾਲ-ਨਾਲ ਸਿੱਖ ਵਿਰਸੇ ਨਾਲ ਜੋੜਨ ਲਈ ਸੁੰਦਰ ਦਸਤਾਰ ਮੁਕਾਬਲੇ, ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ, ਢਾਡੀ, ਕਵੀਸ਼ਰੀ, ਧਾਰਮਿਕ ਕਵਿਤਾ ਅਤੇ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ

ਕਰਵਾਏ ਜਾਣਗੇ। ਇਸੇ ਤਰ੍ਹਾਂ ਸਿੱਖ ਮਾਰਸ਼ਲ ਆਰਟ ਗੱਤਕਾ, ਖ਼ਾਲਸਾਈ ਖੇਡਾਂ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਪੇਂਟਿੰਗ ਮੁਕਾਬਲੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਖ-ਵੱਖ ਧਾਰਮਿਕ ਜਥੇਬੰਦੀਆਂ, ਸਭਾ-ਸੁਸਾਇਟੀਆਂ, ਸਿੰਘ ਸਭਾਵਾਂ, ਵਿੱਦਿਅਕ ਅਦਾਰਿਆਂ, ਨਿਹੰਗ ਸਿੰਘ ਜਥੇਬੰਦੀਆਂ, ਉਦਾਸੀ, ਨਿਰਮਲੇ ਅਤੇ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਵੱਡੀ ਪ੍ਰਚਾਰ ਮੁਹਿੰਮ ਵਿੱਢੇਗੀ ਜਿਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਅਤੇ ਸੇਵਾ ਸੰਭਾਲ ਸਬੰਧੀ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਧੁਨਿਕ ਸਮੇਂ ਅਨੁਸਾਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਪ੍ਰਚਾਰਕਾਂ ਨੂੰ ਪ੍ਰਜੈਕਟਰ ਵਿਧੀ ਰਾਹੀਂ ਸਿੱਖੀ ਦਾ ਪ੍ਰਚਾਰ ਕਰਨ ਲਈ ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਜਾਤ ਪਾਤ ਦੇ ਨਾਮ 'ਤੇ ਪੈਦਾ ਹੋ ਰਹੇ ਮਨੁੱਖੀ ਵਖਰੇਵੇਂ ਨੂੰ ਠੱਲ ਪਾਉਣ ਲਈ ਪ੍ਰਚਾਰਕ ਸਾਹਿਬਾਨ ਨੂੰ ਅੱਗੇ ਆਉਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਪ੍ਰਚਾਰਕ ਸਾਹਿਬਾਨ ਦੀ ਇਕੱਤਰਤਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਸੰਬੋਧਨ ਕੀਤਾ। ਇਕੱਤਰਤਾ ਦੌਰਾਨ ਵੱਖ-ਵੱਖ ਪ੍ਰਚਾਰਕਾਂ ਨੇ ਜਿੱਥੇ ਧਰਮ ਪ੍ਰਚਾਰ ਨੂੰ ਵਿਧੀਵਤ ਢੰਗ ਨਾਲ ਅੱਗੇ ਲਿਜਾਣ ਲਈ ਸੁਝਾਅ ਦਿੱਤੇ, ਉੱਥੇ ਹੀ ਪ੍ਰਚਾਰ ਖੇਤਰ ਵਿਚ ਆਉਂਦੀਆਂ ਸਮੱਸਿਆਵਾਂ ਤੋਂ ਵੀ ਸ਼੍ਰੋਮਣੀ ਕਮੇਟੀ ਨੂੰ ਜਾਣੂ ਕਰਵਾਇਆ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪ੍ਰਚਾਰਕ ਸਾਹਿਬਾਨ ਦੀਆਂ ਮੁਸ਼ਕਲਾਂ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਸਮੇਂ ਪ੍ਰਚਾਰਕਾਂ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਲੋਈ, ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਅਵਤਾਰ ਸਿੰਘ ਰਿਆ, ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ, ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ ਤੇ ਸ. ਅਵਤਾਰ ਸਿੰਘ ਸੈਂਪਲਾ, ਐਡੀ: ਸਕੱਤਰ ਡਾ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ 'ਰਮਦਾਸ', ਸ. ਸਿਮਰਜੀਤ ਸਿੰਘ ਤੇ ਹਰਜੀਤ ਸਿੰਘ ਲਾਲੂਘੁੰਮਣ, ਪਬਲੀਸਿਟੀ ਅਸਿਸਟੈਂਟ ਸ. ਹਰਭਜਨ ਸਿੰਘ ਵਕਤਾ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਸ. ਨੱਥਾ ਸਿੰਘ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਮੈਨੇਜਰ ਸ. ਬਲਵਿੰਦਰ ਸਿੰਘ ਭਮਾਰਸੀ, ਪ੍ਰਚਾਰਕ ਭਾਈ ਜਸਵਿੰਦਰ ਸਿੰਘ ਸ਼ਹੂਰ, ਬੀਬੀ ਹਰਪ੍ਰੀਤ ਕੌਰ, ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਸਰਵਨ ਸਿੰਘ, ਭਾਈ ਅਮਰੀਕ ਚਿੱਟੀ, ਭਾਈ ਜੱਜ ਸਿੰਘ, ਭਾਈ ਜਸਵਿੰਦਰ ਸਿੰਘ ਛਾਪਾ, ਭਾਈ ਅਮਰਜੀਤ ਸਿੰਘ ਜੰਡੀ, ਭਾਈ ਤਰਸੇਮ ਸਿੰਘ, ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਗੁਰਭੇਜ ਸਿੰਘ, ਭਾਈ ਲਖਬੀਰ ਸਿੰਘ ਮੋਗਾ ਸਮੇਤ ਵੱਡੀ ਗਿਣਤੀ ਵਿਚ ਪ੍ਰਚਾਰਕ ਹਾਜ਼ਰ ਸਨ।

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਪਿੰਡ ਲੋਹਕਾ ਵਿਖੇ ਅੰਮ੍ਰਿਤ-ਸੰਚਾਰ

Bwe l idlbwg isl pRcwrk v lopuj l irpor A nuswr Drm pRcwr kmyt I (SRomxI gurdu Aw rw pRbMDk kmyt I) sRI A imRqsr v loN ipMf lohkw, qihsIl p`tI, izlHw qrn qwrn ivKy 20 Prv rI, 2017 ƒ gurdu Awrw Bwe lmU j l ivKy A imRq-sMcwr smwgm krvwieAw igAw[ sRI A kwl qKq swihb qoN phuMcy pMj ipAwry swihbwn ny A imRq dw bwtw iqAwr kIqw[ ijs qihq 67 pRwxIAw ny A imRq Ck ky gurU vwly bxy[ Drm pRcwr kmyt I (SRomxI gurdu Aw rw pRbMDk kmyt I) sRI A imRqsr v loN A imRqDwrI AiBlwKIAW ƒ kkwr Byt w rih q idqy gey[ ies smwgm ivc Bwe l idlbwg isMG sBrw pRcwrk, Bwe l hrpRIq isMG gRMQI ny s MgqW ƒ bwxI qy bwxy vwl jufn dI pRyrnw kIqI[

## ਜ਼ਿਲ੍ਹਾ ਗੁਰਦਾਸਪੁਰ ਵਿਖੇ ਅੰਮ੍ਰਿਤ-ਸੰਚਾਰ

Bwe l blv Iq isMG AYko pRcwrk v lopuj l irpor A nuswr Drm pRcwr kmyt I (SRomxI gurdu Aw rw pRbMDk kmyt I) sRI A imRqsr v loN 15 Prv rI, 2017 ƒ ipMf mlkpur, qihsIl btwlw, izlHw gurdwspur ivKy krvwey A imRq-sMcwr smwgm dOrwn 45 pRwxIAW ny A imRq CikAw Aqy 25 Prv rI, 2017 ƒ ipMf m`uKhrw, fwk. kwdIAW, qihsIl btwlw, izlHw gurdwspur ivKy krvwey A imRq-sMcwr dOrwn 15 pRwxIAW ny A imRq-pwn kIqw[

## ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

mYnyjr, sRI drbwr swihb, sRI mukqsr swihb v lopuj l irpor A nuswr ipMf isMG v wlw, qihsIl mlot, blwk lMbI, izlHw sRI mukqsr swihb ivKy 13 mwrc, 2017 ƒ A imRq-sMcwr smwgm krvwieAw igAw, ijs ivc qKq sRI dmdmw swihb qoN phuMcy pMj ipAwry swihbwn ny 31 pRwxIAW ƒ A imRq-pwn krvwieAw[ Drm pRcwr kmyt I (SRomxI gurdu Aw rw pRbMDk kmyt I) sRI A imRqsr v loN A imRq-AiBlwKIAW ƒ kkwr Byt w rih q idqy gey[ ■